
ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਭਾਰਤੀ ਸਫਾਰਤਖਾਨਾ (ਸੈਨਫਰਾਂਸਿਸਕੋ) ਤੋਂ ਮਾਣਯੋਗ ਕੌਂਸਲ ਸ੍ਰੀ ਜਸਵੰਤ ਸਿੰਘ ਜੀ, ਡਾ. ਬੀ. ਆਰ. ਅੰਬੇਦਕਰ ਜੀ ਦੀ ਤਸਵੀਰ ਨਾਲ।

12ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -12 ISSUE - 5

May 10, 2023

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ




ਤਥਾਗਤ ਭਗਵਾਨ ਬੁੱਧ ਦੇ ਬੁੱਧ ਪੂਰਨਿਮਾ ਦਿਵਸ ਦੀਆਂ ਦੇਸ਼- ਵਿਦੇਸ਼ ਵਿਚ ਵੱਸਦੀ ਕੁੱਲ ਲੋਕਾਈ ਨੂੰ ਅਦਾਰਾ 'ਦੇਸ਼ ਦੁਆਬਾ' ਵੱਲੋਂ ਲੱਖ-ਲੱਖ ਵਧਾਈਆਂ। *ਭਗਵਾਨ ਬੁੱਧ ਦੇ ਜੀਵਨ ਅਤੇ ਸਿੱਖਿਆਵਾਂ ਬਾਰੇ ਸਬੰਧਤ ਲੇਖ ਅੰਦਰ ਪੜ੍ਹੋ।*



ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਭਾਰਤ ਰਤਨ ਡਾ. ਬੀ. ਆਰ. ਅੰਬੇਦਕਰ ਜੀ ਦਾ 132ਵਾਂ ਜਨਮ ਦਿਨ ਪੂਰਨ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਭਾਰਤੀ ਸਫਾਰਤਖਾਨਾ (ਸੈਨਫਰਾਂਸਿਸਕੋ) ਤੋਂ ਮਾਣਯੋਗ ਕੌਂਸਲ ਸ੍ਰੀ ਜਸਵੰਤ ਸਿੰਘ ਨੇ ਸ਼ਿਰਕਤ ਕੀਤੀ।

(ਸਬੰਧਤ ਖਬਰ ਅਤੇ ਤਸਵੀਰਾਂ ਲਈ ਦੇਖੋ 'ਅੰਬੇਦਕਰ ਟਾਈਮਜ਼')

# ਜਲੰਧਰ ਲੋਕ ਸਭਾ ਜ਼ਿਮਨੀ ਚੋਣ 'ਚ ਕੁੱਲ 54 ਫੀਸਦੀ ਵੋਟਿੰਗ ਹੋਈ

## ਕਰਨਾਟਕ ਵਿਚ 69.71 ਫੀਸਦੀ ਵੋਟਾਂ, ਲਟਕਵੀਂ ਵਿਧਾਨ ਸਭਾ ਬਣਨ ਦੇ ਆਸਾਰ

**ਜਲੰਧਰ (ਬਿਊਰੋ)** ਲੋਕ ਸਭਾ ਹਲਕਾ ਜਲੰਧਰ ਦੀ ਜ਼ਿਮਨੀ ਚੋਣ ਹਿੰਸਾ ਦੀਆਂ ਕੁਝ ਘਟਨਾਵਾਂ ਦੇ ਬਾਵਜੂਦ ਅਮਾਨ ਅਮਾਨ ਨਾਲ ਨੇਪਰੇ ਚੜ੍ਹ ਗਈ। ਹਲਕੇ ਦੇ ਕੁੱਲ 16,21,800 ਵੋਟਰਾਂ 'ਚੋਂ ਸਿਰਫ 54 ਫੀਸਦੀ ਨੇ ਹੀ ਚੋਣ ਮੈਦਾਨ 'ਚ ਖੜ੍ਹੇ 19 ਉਮੀਦਵਾਰਾਂ ਦੀ ਕਿਸਮਤ ਦਾ ਫੈਸਲਾ ਕਰਨ ਲਈ ਆਪਣੇ ਵੋਟ ਦੇ ਹੱਕ ਦੀ ਵਰਤੋਂ ਕੀਤੀ। ਬੁੱਧਵਾਰ ਨੂੰ ਵੋਟਾਂ ਪੈਣ ਦਾ ਕੰਮ ਸਵੇਰੇ 8 ਵਜੇ ਸ਼ੁਰੂ ਹੋ ਗਿਆ ਸੀ ਅਤੇ 8 ਵਜੇ ਤੋਂ ਪਹਿਲਾਂ ਹੀ ਵੋਟਰ ਪੋਲਿੰਗ ਬੂਥਾਂ ਅੰਦਰ ਕਤਾਰਾਂ 'ਚ ਲੱਗ ਚੁੱਕੇ ਸਨ। ਬੇਸ਼ੱਕ ਚੋਣ ਪ੍ਰਚਾਰ ਦੌਰਾਨ ਸਾਰੀਆਂ ਹੀ ਸਿਆਸੀ ਪਾਰਟੀਆਂ ਦੇ ਵੱਡੇ-ਵੱਡੇ ਆਗੂਆਂ ਨੇ ਆਪੋ-ਆਪਣੇ ਉਮੀਦਵਾਰਾਂ ਦੇ ਹੱਕ 'ਚ ਚੋਣ ਪ੍ਰਚਾਰ ਕੀਤਾ ਅਤੇ ਵੋਟਰਾਂ ਨੂੰ ਵੋਟ ਦੇ ਹੱਕ ਦੀ ਵਰਤੋਂ ਕਰਨ ਲਈ ਅਪੀਲਾਂ ਵੀ ਕੀਤੀਆਂ ਪਰ ਲੋਕਾਂ 'ਚ ਜ਼ਿਮਨੀ ਚੋਣ ਲਈ ਵੋਟ ਪਾਉਣ ਦਾ ਰੁਝਾਨ ਮੱਠਾ ਰਿਹਾ। ਵੋਟਰਾਂ 'ਚ ਇਸ ਚੋਣ ਲਈ ਉਤਸ਼ਾਹ ਘੱਟ ਵੇਖਣ ਨੂੰ ਮਿਲਿਆ ਤੇ ਵੋਟਾਂ ਦਾ ਕੰਮ ਸੁਸਤ ਰਫ਼ਤਾਰ ਨਾਲ ਚੱਲਿਆ।





ਪਿੰਡ ਮੀਰਪੁਰ 'ਚ ਕਾਂਗਰਸ ਤੇ ਆਮ ਆਦਮੀ ਪਾਰਟੀ ਦੇ ਬੂਥ 'ਤੇ ਹੋਏ ਵਿਵਾਦ ਦੌਰਾਨ ਸਰਪੰਚ ਪਤੀ ਸਮੇਤ ਦੋ ਵਿਅਕਤੀ ਜ਼ਖ਼ਮੀ ਹੋ ਗਏ। ਪਿੰਡ ਦੀ ਸਰਪੰਚ

(ਬਾਕੀ ਸਫਾ 11 'ਤੇ)

# ਸ੍ਰੀ ਹਰਿਮੰਦਰ ਸਾਹਿਬ ਨੇੜੇ ਹੈਰੀਟੇਜ ਸਟਰੀਟ 'ਚ ਲਗਾਤਾਰ ਹੋਏ ਧਮਾਕੇ, ਕਈ ਗ੍ਰਿਫਤਾਰ

**ਅੰਮ੍ਰਿਤਸਰ (ਬਿਊਰੋ)**- ਸ੍ਰੀ ਹਰਿਮੰਦਰ ਸਾਹਿਬ ਨੇੜੇ ਹੈਰੀਟੇਜ ਸਟਰੀਟ 'ਚ ਹੋਏ ਲਗਾਤਾਰ ਤਿੰਨ ਧਮਾਕਿਆਂ ਦੇ 5 ਦੋਸ਼ੀਆਂ ਨੂੰ ਵੀਰਵਾਰ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਪਿਛਲੇ 5 ਦਿਨਾਂ ਤੋਂ ਪੁਲਿਸ ਦੋਸ਼ੀਆਂ ਤੱਕ ਪਹੁੰਚਣ ਦੀ ਪੂਰੀ ਕੋਸ਼ਿਸ਼ ਕਰ ਰਹੀ ਸੀ। ਇਹ ਸਫ਼ਲਤਾ ਰਾਤ ਨੂੰ ਹੋਏ ਤੀਜੇ ਧਮਾਕੇ ਤੋਂ ਬਾਅਦ ਮਿਲੀ ਹੈ। ਡੀ.ਜੀ.ਪੀ. ਦੁਪਹਿਰ ਨੂੰ ਅੰਮ੍ਰਿਤਸਰ ਪਹੁੰਚ ਕੇ ਪ੍ਰੈੱਸ ਕਾਨਫਰੰਸ ਕਰਨਗੇ। ਮੌਕੇ ਤੋਂ ਪੁਲਿਸ ਨੂੰ ਇੱਕ ਪੱਤਰ ਵੀ ਮਿਲਿਆ ਹੈ ਜਿਸ ਨੂੰ ਪੁਲਿਸ ਅਧਿਕਾਰੀਆਂ ਨੇ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ। ਪੱਤਰ ਵਿੱਚ ਕੀ ਲਿਖਿਆ ਹੈ, ਇਸ ਬਾਰੇ ਪੁਲਿਸ ਅਧਿਕਾਰੀਆਂ ਨੇ ਕੁਝ ਨਹੀਂ ਦੱਸਿਆ। ਸੰਭਵ ਹੈ ਕਿ ਇਹ ਪਰਚਾ ਕਿਸੇ ਅੱਤਵਾਦੀ ਸੰਗਠਨ ਜਾਂ ਕਿਸੇ ਸ਼ਰਾਰਤੀ ਅਨਸਰ ਨੇ ਧਮਾਕਿਆਂ ਦੀ ਜ਼ਿੰਮੇਵਾਰੀ ਲੈਂਦਿਆਂ ਲਿਖਿਆ ਹੋਵੇ।ਪੁਲਿਸ ਕਮਿਸ਼ਨਰ ਨੌਨਿਹਾਲ ਸਿੰਘ ਮੌਕੇ 'ਤੇ ਪੁੱਜੇ ਹੋਏ ਹਨ। ਲੰਗਰ ਹਾਲ ਨੇੜੇ ਸ੍ਰੀ ਗੁਰੂ ਰਾਮਦਾਸ ਸਰਾਏ ਤੋਂ ਇੱਕ ਲੜਕਾ ਅਤੇ ਇੱਕ ਲੜਕੀ ਸਮੇਤ ਪੰਜ ਵਿਅਕਤੀਆਂ ਨੂੰ ਹਿਰਾਸਤ ਵਿੱਚ ਲੈ ਕੇ ਪੁੱਛਗਿੱਛ ਕੀਤੀ ਜਾ ਰਹੀ ਹੈ। ਉਨ੍ਹਾਂ ਕੋਲੋਂ 8 ਬੰਬ ਬਰਾਮਦ ਹੋਏ ਹਨ। ਇਹ ਲੜਕੇ- ਲੜਕੀਆਂ ਸਰਾਂ ਦੇ ਕਮਰੇ ਨੰਬਰ 225




(ਬਾਕੀ ਸਫਾ 3 'ਤੇ)


Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for
Professional & reliable
services at reasonable rates.
959 Corporate Way, Fremont, CA. 94539

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983


RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434


Dr. Paramjit S Takhar, MD
DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed

Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## Programs of the months: April – May 2023

### June 23-24-25, 2023
### Pittsburg Gurughar's 38th Anniversary

ਜਹ ਜਹ ਜਾਉ ਤਹਾ ਤੇਰੀ ਸੇਵਾ ॥ ਤੁਮ ਸੋ ਠਾਕੁਰੁ ਅਉਰੁ ਨ ਦੇਵਾ ॥

Sri Guru Ravidass Temple Pittsburg's 38th anniversary will be celebrated on June 25, 2023. Akhand Path will start on Friday 6/23/2023 at 10:00 AM and will conclude with Bhog ceremony on Sunday 6/25/2023. Path and langar sewa will be hosted by Gurughar sevadars and entire Sangat. Gurugahr Ragi Jatha of Giani Balwinder Singh ji will do Kirtan Sewa along with other Kirtankars.

Entire Sangat is requested to attend the function and get Guru Sahib's blessings.

**Sangat Sewadars**

www.sriguruanvidasstemple.com

| Chairperson | President | General Secretary | Treasurer |
|---|---|---|---|
| Kulwant Kaur Banga | Vinod Kumar | Dharam Pal Chonkria | Sunita Bangar |
| (925) 698-3059 | (408) 718-2506 | (925) 334-2877 | (415) 233-3319 |


# SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਇਮਰਾਨ ਖ਼ਾਨ ਦੀ ਗ੍ਰਿਫ਼ਤਾਰੀ 'ਤੇ ਅਮਰੀਕਾ, ਲੰਡਨ ਤੇ ਕੈਨੇਡਾ 'ਚ ਵੀ ਸਮਰਥਕਾਂ ਦਾ ਹੰਗਾਮਾ

**ਵਾਸ਼ਿੰਗਟਨ–** ਪਾਕਿਸਤਾਨ ਵਿਚ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਗ੍ਰਿਫਤਾਰੀ ਤੋਂ ਬਾਅਦ ਦੇਸ਼ ਦੇ ਕਈ ਹਿੱਸਿਆਂ ਵਿਚ ਹਿੰਸਾ ਸ਼ੁਰੂ ਹੋ ਗਈ ਹੈ। ਪਾਕਿਸਤਾਨ ਐਂਟੀ ਕੁਰੱਪਸ਼ਣ ਏਜੰਸੀ ਨੇ ਇਸਲਾਮਾਬਾਦ ਹਾਈ ਕੋਰਟ ਤੋਂ ਹੀ ਇਮਰਾਨ ਖਾਨ ਨੂੰ ਗ੍ਰਿਫਤਾਰ ਕੀਤਾ ਹੈ। ਜ਼ਿਕਰਯੋਗ ਹੈ ਕਿ ਇਮਰਾਨ ਅਲ-ਕਾਦਿਰ ਟਰੱਸਟ ਭ੍ਰਿਸ਼ਟਾਚਾਰ ਦੇ ਦੋਸ਼ਾਂ 'ਚ ਅਦਾਲਤ 'ਚ ਪੇਸ਼ ਹੋ ਰਿਹਾ ਸੀ। ਇਸ ਤੋਂ ਬਾਅਦ ਹਿੰਸਾ ਸ਼ੁਰੂ ਹੋ ਗਈ ਅਤੇ ਸੜਕਾਂ 'ਤੇ ਭਾਰੀ ਵਿਰੋਧ ਪ੍ਰਦਰਸ਼ਨ ਹੋਏ। ਸਮਰਥਕਾਂ ਅਤੇ ਪੀਟੀਆਈ ਵਰਕਰਾਂ ਨੇ ਲਾਹੌਰ ਵਿਚ ਕੋਰ ਕਮਾਂਡਰ ਦੇ ਘਰ ਉੱਤੇ ਵੀ ਹਮਲਾ ਕੀਤਾ।

**ਵਾਸ਼ਿੰਗਟਨ 'ਚ ਪਾਕਿਸਤਾਨੀ ਰਾਜਦੂਤ ਦੀ ਰਿਹਾਇਸ਼ ਦੇ ਬਾਹਰ ਵਿਰੋਧ ਪ੍ਰਦਰਸ਼ਨ**

ਇਮਰਾਨ ਖ਼ਾਨ ਦੀ ਗ੍ਰਿਫਤਾਰੀ ਦਾ ਅਸਰ ਅਮਰੀਕਾ ਵਿਚ ਵੀ ਦੇਖਣ ਨੂੰ ਮਿਲਿਆ। 9 ਮਈ ਨੂੰ ਪ੍ਰਦਰਸ਼ਨਕਾਰੀਆਂ ਨੇ ਵਾਸ਼ਿੰਗਟਨ ਵਿਚ ਪਾਕਿਸਤਾਨ ਦੇ ਰਾਜਦੂਤ ਦੀ ਰਿਹਾਇਸ਼ ਦੇ ਬਾਹਰ ਇਕੱਠੇ ਹੋ ਕੇ ਜ਼ੋਰਦਾਰ ਪ੍ਰਦਰਸ਼ਨ ਕੀਤਾ। ਵਾਸ਼ਿੰਗਟਨ, ਨਿਊਯਾਰਕ ਅਤੇ ਸ਼ਿਕਾਗੋ ਸਮੇਤ ਕਈ ਸ਼ਹਿਰਾਂ ਵਿਚ ਪ੍ਰਦਰਸ਼ਨ ਦੇਖਣ ਨੂੰ ਮਿਲੇ। ਅਮਰੀਕਾ ਨੇ ਪਾਕਿਸਤਾਨ ਵਿਚ ਅਰਾਜਕਤਾ 'ਤੇ ਪ੍ਰਤੀਕਿਰਿਆ ਦਿੱਤੀ ਅਤੇ ਪਾਕਿਸਤਾਨ ਵਿਚ ਲੋਕਤੰਤਰੀ ਸਿਧਾਂਤਾਂ ਅਤੇ ਕਾਨੂੰਨ ਦੇ ਸ਼ਾਸਨ ਦਾ ਸਨਮਾਨ ਕਰਨ ਦੀ ਮੰਗ ਕੀਤੀ।

ਅਮਰੀਕਾ ਤੋਂ ਇਲਾਵਾ ਲੰਡਨ 'ਚ ਵੀ ਇਮਰਾਨ ਖਾਨ ਦੇ ਸਮਰਥਕਾਂ ਨੇ ਪਾਕਿਸਤਾਨ ਹਾਈ ਕਮਿਸ਼ਨ ਦੇ ਬਾਹਰ ਇਕੱਠੇ ਹੋ ਕੇ ਵਿਰੋਧ ਪ੍ਰਦਰਸ਼ਨ ਕੀਤਾ। ਇਮਰਾਨ ਖਾਨ ਨਾਲ ਇਕਜੁੱਟਤਾ ਦਾ ਵਿਰੋਧ ਟੈਕਸਾਸ ਦੇ ਡਲਾਸ ਦੇ ਨਾਲ ਹੀ ਕੈਨੇਡਾ ਦੇ ਸ਼ਹਿਰ ਮਿਸੀਸਾਗਾ ਵਿਚ ਵੀ ਦੇਖਿਆ ਗਿਆ। ਨਿਊਜ਼ ਏਜੰਸੀ ਏਐਨਆਈ ਮੁਤਾਬਿਕ ਕੈਨੇਡਾ ਵਿਚ ਪ੍ਰਦਰਸ਼ਨਕਾਰੀਆਂ ਨੇ ਅੱਜ ਪਾਕਿਸਤਾਨੀ ਦੂਤਾਵਾਸ ਦੇ ਬਾਹਰ ਵਿਰੋਧ ਪ੍ਰਦਰਸ਼ਨ ਕਰਨ ਦੀ ਯੋਜਨਾ ਬਣਾਈ ਹੈ।

ਅਮਰੀਕਾ ਤੋਂ ਇਲਾਵਾ ਲੰਡਨ 'ਚ ਵੀ ਇਮਰਾਨ ਖਾਨ ਦੇ ਸਮਰਥਕਾਂ ਨੇ ਪਾਕਿਸਤਾਨ ਹਾਈ ਕਮਿਸ਼ਨ ਦੇ ਬਾਹਰ ਇਕੱਠੇ ਹੋ ਕੇ ਵਿਰੋਧ ਪ੍ਰਦਰਸ਼ਨ ਕੀਤਾ। ਇਮਰਾਨ ਖਾਨ ਨਾਲ ਇਕਜੁੱਟਤਾ ਦਾ ਵਿਰੋਧ ਟੈਕਸਾਸ ਦੇ ਡਲਾਸ ਦੇ ਨਾਲ ਹੀ ਕੈਨੇਡਾ ਦੇ ਸ਼ਹਿਰ ਮਿਸੀਸਾਗਾ ਵਿਚ ਵੀ ਦੇਖਿਆ ਗਿਆ। ਨਿਊਜ਼ ਏਜੰਸੀ ਏਐਨਆਈ ਮੁਤਾਬਿਕ ਕੈਨੇਡਾ ਵਿਚ ਪ੍ਰਦਰਸ਼ਨਕਾਰੀਆਂ ਨੇ ਅੱਜ ਪਾਕਿਸਤਾਨੀ ਦੂਤਾਵਾਸ ਦੇ ਬਾਹਰ ਵਿਰੋਧ ਪ੍ਰਦਰਸ਼ਨ ਕਰਨ ਦੀ ਯੋਜਨਾ ਬਣਾਈ ਹੈ।

**ਪੁਲਿਸ ਦੀ ਗੋਲੀ ਕਾਰਨ 8 ਵਿਅਕਤੀ ਹਲਾਕ ਤੇ 300 ਦੇ ਕਰੀਬ ਲੋਕ ਜ਼ਖ਼ਮੀ ਹੋਏ**

ਲਾਹੌਰ- ਇਮਰਾਨ ਖ਼ਾਨ ਹਮਾਇਤੀਆਂ ਤੇ ਸੁਰੱਖਿਆ ਬਲਾਂ ਵਿਚਾਲੇ ਪਿਛਲੇ 24 ਘੰਟਿਆਂ ਦੌਰਾਨ ਹੋਈਆਂ ਝੜਪਾਂ ਵਿੱਚ ਹੁਣ ਤੱਕ ਘੱਟੋ-ਘੱਟ 8 ਵਿਅਕਤੀ ਹਲਾਕ ਤੇ 300 ਦੇ ਕਰੀਬ ਲੋਕ ਜ਼ਖ਼ਮੀ ਹੋਏ ਹਨ। ਪੰਜਾਬ, ਖੈਬਰ ਪਖਤੂਨਖਵਾ ਤੇ ਬਲੋਚਿਸਤਾਨ ਸੂਬਿਆਂ ਵਿੱਚ ਫੌਜ ਤਾਇਨਾਤ ਕਰ ਦਿੱਤੀ ਗਈ ਹੈ। ਪੁਲੀਸ ਨੇ ਕਿਹਾ ਕਿ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ ਦੇ ਹਮਾਇਤੀਆਂ ਨੇ ਘੱਟੋ-ਘੱਟ 14 ਸਰਕਾਰੀ ਇਮਾਰਤਾਂ ਨੂੰ ਅੱਗ ਲਾ ਦਿੱਤੀ। ਪੁਲੀਸ ਨੇ ਹੁਣ ਤੱਕ ਇਕੱਲੇ ਪੰਜਾਬ ਸੂਬੇ ਵਿਚੋਂ 1150 ਪੀਟੀਆਈ ਹਮਾਇਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਵਿੱਚ ਮਹਿਲਾਵਾਂ ਵੀ ਸ਼ਾਮਲ ਹਨ। ਪਾਰਟੀ ਦੇ ਦੋ ਸਿਖਰਲੇ ਆਗੂਆਂ- ਸਕੱਤਰ ਜਨਰਲ ਅਸਦ ਉਮਰ, ਪੰਜਾਬ ਦੇ ਸਾਬਕਾ ਗਵਰਨਰ ਉਮਰ ਸਰਫ਼ਰਾਜ਼ ਚੀਮਾ ਤੇ ਉਪ ਚੇਅਰਮੈਨ ਸ਼ਾਹ ਮਹਿਮੂਦ ਕੁਰੈਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਇਮਰਾਨ ਦੀ ਗ੍ਰਿਫ਼ਤਾਰੀ ਮਗਰੋਂ ਲਾਹੌਰ ਤੇ ਪੰਜਾਬ ਦੇ ਹੋਰਨਾਂ ਸ਼ਹਿਰਾਂ ਵਿੱਚ ਹਾਲਾਤ ਤਣਾਅਪੂਰਨ ਹਨ। ਪੰਜਾਬ ਸੂਬੇ 'ਚ ਅਮਨ ਤੇ ਕਾਨੂੰਨ ਦੀ ਸਥਿਤ ਬੇਕਾਬੂ ਹੋਣ ਮਗਰੋਂ ਸੂਬਾ ਸਰਕਾਰ ਨੇ ਫੌਜ ਦੀ ਤਾਇਨਾਤੀ ਦਾ ਸੱਦਾ ਦਿੱਤਾ ਸੀ। 12 ਕਰੋੜ ਦੀ ਆਬਾਦੀ ਵਾਲੇ ਸੂਬੇ ਵਿੱਚ ਹਾਲਾਤ ਕਾਬੂ ਕਰਨ ਲਈ ਫੌਜ ਦੀਆਂ 10 ਕੰਪਨੀਆਂ ਮੰਗੀਆਂ ਗਈਆਂ ਹਨ। ਪੁਲੀਸ ਨੇ ਇਕ ਬਿਆਨ ਵਿੱਚ ਕਿਹਾ, "ਪੰਜਾਬ ਵਿੱਚ ਪ੍ਰਦਰਸ਼ਨਕਾਰੀਆਂ ਨੇ 14 ਸਰਕਾਰੀ ਇਮਾਰਤਾਂ ਤੇ 21 ਪੁਲੀਸ ਵਾਹਨਾਂ ਨੂੰ ਅੱਗ ਲਾ ਦਿੱਤੀ। 130 ਅਧਿਕਾਰੀਆਂ ਤੇ ਸੁਰੱਖਿਆ ਏਜੰਸੀਆਂ ਦੇ ਅਫ਼ਸਰਾਂ ਨੂੰ ਸੱਟਾਂ ਲੱਗੀਆਂ ਹਨ। ਪੁਲੀਸ ਨੇ ਝੜਪਾਂ ਦੌਰਾਨ ਸਰਕਾਰੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਵਾਲੇ 1150 ਸ਼ਰਾਰਤੀ ਅਨਸਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ।" ਪੁਲੀਸ ਨੇ ਕਿਹਾ ਕਿ ਸਰਕਾਰੀ ਇਮਾਰਤਾਂ ਨੂੰ ਅੱਗ ਲਾਉਣ ਵਾਲੇ ਅਨਸਰਾਂ ਦੀ ਵੀਡੀਓ ਫੁਟੇਜ ਰਾਹੀਂ ਪਛਾਣ ਕੀਤੀ ਜਾ ਰਹੀ ਹੈ ਤੇ ਇਨ੍ਹਾਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਧਰ ਖ਼ਾਨ ਦੀ ਪਾਰਟੀ ਮੁਤਾਬਕ ਪੰਜਾਬ ਦੇ ਲਾਹੌਰ, ਫੈਸਲਾ-ਬਾਦ ਤੇ ਬੂਰੇਵਾਲਾ ਸ਼ਹਿਰਾਂ ਵਿਚ ਇਕ ਇਕ ਵਿਅਕਤੀ ਦੀ ਮੌਤ ਹੋ ਗਈ ਜਦੋਂਕਿ 150 ਤੋਂ ਵੱਧ ਪ੍ਰਦਰਸ਼ਨਕਾਰੀ ਜ਼ਖ਼ਮੀ ਹੋ ਗਏ। ਉਧਰ ਪਿਸ਼ਾਵਰ ਵਿੱਚ ਪ੍ਰਦਰਸ਼ਨਕਾਰੀਆਂ ਤੇ ਪੁਲੀਸ ਵਿਚਾਲੇ ਝੜਪਾਂ ਵਿੱਚ ਘੱਟੋ-ਘੱਟ ਚਾਰ ਵਿਅਕਤੀ ਹਲਾਕ ਤੇ 27 ਹੋਰ ਜ਼ਖ਼ਮੀ ਹੋ ਗਏ। ਲੇਡੀ ਰੀਡਿੰਗ ਹਸਪਤਾਲ ਦੇ ਤਰਜਮਾਨ ਨੇ ਇਸ ਦੀ ਪੁਸ਼ਟੀ ਕੀਤੀ ਹੈ। ਰੇਡੀਓ ਪਾਕਿਸਤਾਨ ਪਿਸ਼ਾਵਰ ਦੇ ਡਾਇਰੈਕਟਰ ਜਨਰਲ ਤਾਹਿਰ ਹਸਨ ਨੇ ਕਿਹਾ ਕਿ ਪ੍ਰਦਰਸ਼ਨਕਾਰੀਆਂ ਨੇ ਸਰਕਾਰੀ ਰੇਡੀਓ ਪਾਕਿਸਤਾਨ ਦੀ ਇਮਾਰਤ ਨੂੰ ਅੱਗ ਲਾ ਦਿੱਤੀ, ਜਿਸ ਵਿਚ ਸਟੂਡੀਓ, ਆਡੀਟੋਰੀਅਮ ਤੇ ਹੋਰ ਥਾਵਾਂ ਨੂੰ ਵੱਡਾ ਨੁਕਸਾਨ ਪੁੱਜਾ ਹੈ। ਐਸੋਸੀਏਟਿਡ ਪ੍ਰੈਸ ਦੇ ਦਫ਼ਤਰ ਦੀ ਵੀ ਭੰਨਤੋੜ ਕੀਤੀ ਗਈ। ਇਸਲਾਮਾਬਾਦ ਵਿੱਚ ਹੋਈਆਂ ਹਿੰਸਕ ਝੜਪਾਂ ਮਗਰੋਂ ਕੌਮਾਂਤਰੀ ਹਵਾਈ ਅੱਡੇ ਦਾ ਕੌਮੀ ਰਾਜਧਾਨੀ ਨਾਲੋਂ ਸੰਪਰਕ ਟੁੱਟਿਆ ਰਿਹਾ। ਇਸਲਾਮਾਬਾਦ ਦੇ ਆਈਜੀ ਅਕਬਰ ਨਾਸਿਰ ਖ਼ਾਨ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਝੜਪਾਂ ਦੌਰਾਨ ਘੱਟੋ-ਘੱਟ ਪੰਜ ਵਿਅਕਤੀ ਜ਼ਖ਼ਮੀ ਹੋਏ ਹਨ। ਹਿੰਸਾ ਫੈਲਣ ਮਗਰੋਂ ਖੈਬਰ ਪਖਤੂਨਖਵਾ ਤੇ ਇਸਲਾਮਾਬਾਦ ਵਿੱਚ ਵੀ ਫੌਜ ਸੱਦ ਲਈ ਗਈ ਹੈ। ਸਿੰਧ ਸੂਬੇ ਵਿੱਚ ਵੀ ਸਰਕਾਰ ਨੇ ਧਾਰਾ 144 ਲਾਗੂ ਕਰ ਦਿੱਤੀ ਹੈ।





**ਪਾਕਿਸਤਾਨ 'ਚ ਹੁਣ ਤਕ 7 ਸਾਬਕਾ ਪ੍ਰਧਾਨ ਮੰਤਰੀਆਂ ਦੀ ਹੋ ਚੁੱਕੀ ਗ੍ਰਿਫ਼ਤਾਰੀ, ਇੱਕ ਨੂੰ ਫਾਂਸੀ ਤਾਂ ਇੱਕ ਦੀ ਹੋਈ ਸੀ ਹੱਤਿਆ**

ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਅਤੇ ਤਹਿਰੀਕ-ਏ-ਇਨਸਾਫ ਪਾਰਟੀ ਦੇ ਮੁਖੀ ਇਮਰਾਨ ਖਾਨ ਨੂੰ ਮੰਗਲਵਾਰ ਯਾਨੀ 9 ਮਈ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਉਸ ਨੂੰ ਅਲ-ਕਾਦਿਰ ਟਰੱਸਟ ਮਾਮਲੇ ਵਿਚ ਇਸਲਾਮਾਬਾਦ ਹਾਈ ਕੋਰਟ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਉਸ ਦੀ ਗ੍ਰਿਫਤਾਰੀ ਤੋਂ ਬਾਅਦ ਪੂਰੇ ਦੇਸ਼ ਵਿੱਚ ਹੰਗਾਮਾ ਮਚ ਗਿਆ ਹੈ। ਇਸ ਦੇ ਨਾਲ ਹੀ ਇਮਰਾਨ ਖਾਨ ਨੇ ਆਪਣੀ ਹੱਤਿਆ ਦਾ ਖਦਸ਼ਾ ਵੀ ਪ੍ਰਗਟਾਇਆ ਹੈ। ਇਹ ਪਹਿਲੀ ਵਾਰ ਨਹੀਂ ਹੈ ਕਿ ਪਾਕਿਸਤਾਨ 'ਚ ਸਾਬਕਾ ਪ੍ਰਧਾਨ ਮੰਤਰੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਸਗੋਂ ਇਸ ਤੋਂ ਪਹਿਲਾਂ ਪਾਕਿਸਤਾਨ ਦੇ ਸ਼ਾਸਨ ਦੌਰਾਨ ਦੇਸ਼ ਦੇ 7 ਪ੍ਰਧਾਨ ਮੰਤਰੀਆਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਜਿੱਥੇ ਇੱਕ ਪ੍ਰਧਾਨ ਮੰਤਰੀ ਨੂੰ ਗ੍ਰਿਫਤਾਰ ਕਰਕੇ ਦੇਸ਼ ਨਿਕਾਲਾ ਦਿੱਤਾ ਗਿਆ, ਉੱਥੇ ਕਈਆਂ ਨੂੰ ਮੌਤ ਦੀ ਸਜ਼ਾ ਵੀ ਦਿੱਤੀ ਗਈ। ਆਓ ਜਾਣਦੇ ਹਾਂ ਪਾਕਿਸਤਾਨ ਦੇ ਪ੍ਰਧਾਨ ਮੰਤਰੀਆਂ ਦੀ ਕੀ ਹਾਲਤ ਹੋਈ ਹੈ।

ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਹੁਸੈਨ ਸ਼ਹੀਦ ਸੁਹਰਾਵਰਦੀ ਨੂੰ ਜੁਲਾਈ 1960 ਵਿੱਚ ਕਾਨੂੰਨ ਦੀ ਉਲੰਘਣਾ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਹੇਠਲੀ ਅਦਾਲਤ ਵਿਚ ਸੁਣਵਾਈ ਕੀਤੇ ਬਿਨਾਂ ਕਰਾਚੀ ਦੀ ਕੇਂਦਰੀ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਯੂਸਫ਼ ਰਜ਼ਾ ਗਿਲਾਨੀ 2008 ਵਿੱਚ ਗੱਠਜੋੜ ਸਰਕਾਰ ਦੇ ਪ੍ਰਧਾਨ ਮੰਤਰੀ ਸਨ। ਭ੍ਰਿਸ਼ਟਾਚਾਰ ਦੇ ਇਕ ਮਾਮਲੇ ਵਿਚ ਉਸ ਦੇ ਖਿਲਾਫ ਗ੍ਰਿਫਤਾਰੀ ਵਾਰੰਟ ਜਾਰੀ ਕਰਕੇ ਗ੍ਰਿਫਤਾਰ ਕੀਤਾ ਗਿਆ ਸੀ। ਇਸ ਦੇ ਨਾਲ ਹੀ ਨਵਾਜ਼ ਸ਼ਰੀਫ਼ ਨੂੰ 1999 ਵਿਚ ਕਾਰਗਿਲ ਜੰਗ ਤੋਂ ਬਾਅਦ ਸੱਤਾ ਤੋਂ ਹੱਥ ਧੋਣਾ ਪਿਆ ਸੀ। ਜਿਸ ਤੋਂ ਬਾਅਦ ਪਰਵੇਜ਼ ਮੁਸ਼ੱਰਫ ਸਰਕਾਰ ਦੌਰਾਨ ਨਵਾਜ਼ ਸ਼ਰੀਫ ਨੂੰ ਦਸ ਸਾਲ ਲਈ ਦੇਸ਼ ਤੋਂ ਬਾਹਰ ਭੇਜ ਦਿੱਤਾ ਗਿਆ ਸੀ। ਉਸ ਨੂੰ ਲੰਡਨ ਤੋਂ ਪਾਕਿਸਤਾਨ ਪਰਤਣ ਤੋਂ ਬਾਅਦ ਗ੍ਰਿਫਤਾਰ ਕੀਤਾ ਗਿਆ ਸੀ।

**ਬੇਨਜ਼ੀਰ ਭੁੱਟੋ ਅਤੇ ਜ਼ੁਲਫੀਕਾਰ ਅਲੀ ਭੁੱਟੋ ਦਾ ਦਰਦਨਾਕ ਅੰਤ**

ਜਨਵਰੀ 2017 ਤੋਂ ਮਈ 2018 ਤੱਕ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਰਹੇ ਸ਼ਾਹਿਦ ਖਾਕਾਨ ਅੱਬਾਸੀ ਨੂੰ ਵੀ ਸਲਾਖਾਂ ਪਿੱਛੇ ਜਾਣਾ ਪਿਆ। ਜੁਲਾਈ 2019 ਵਿੱਚ, ਉਸਨੂੰ 'ਓਭ ਟੀਮ ਨੇ.'ਘ ਦੇ ਆਯਾਤ ਠੇਕੇ ਵਿੱਚ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਗ੍ਰਿਫਤਾਰ ਕੀਤਾ ਸੀ। ਪਾਕਿਸਤਾਨ ਦੀ ਪ੍ਰਧਾਨ ਮੰਤਰੀ ਰਹੀ ਬੇਨਜ਼ੀਰ ਭੁੱਟੋ ਦਾ ਅੰਤ ਦਰਦਨਾਕ ਹੋਇਆ। 1986 ਵਿਚ, ਆਜ਼ਾਦੀ ਦਿਵਸ ਦੇ ਮੌਕੇ 'ਤੇ ਕਰਾਚੀ ਵਿਚ ਇਕ ਰੈਲੀ ਵਿਚ ਸਰਕਾਰ ਦੀ ਆਲੋਚਨਾ ਕਰਨ ਲਈ ਉਸ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਇਸ ਦੇ ਨਾਲ ਹੀ 1999 ਵਿੱਚ ਬੇਨਜ਼ੀਰ ਭੁੱਟੋ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਪੰਜ ਸਾਲ ਦੀ ਸਜ਼ਾ ਸੁਣਾਈ ਗਈ ਸੀ। ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਉਹ ਸੱਤ ਸਾਲ ਜਲਾਵਤਨੀ ਵਿਚ ਰਹੀ, ਪਰ 2007 ਵਿਚ ਜਦੋਂ ਉਹ ਦੇਸ਼ ਪਰਤੀ ਤਾਂ ਆਤਮਘਾਤੀ ਹਮਲੇ ਵਿਚ ਉਸ ਦੀ ਹੱਤਿਆ ਕਰ ਦਿੱਤੀ ਗਈ। ਬੇਨਜ਼ੀਰ ਭੁੱਟੋ ਵਾਂਗ ਪਾਕਿਸਤਾਨ ਦੀ ਇੱਕ ਹੋਰ ਸਾਬਕਾ ਪ੍ਰਧਾਨ ਮੰਤਰੀ ਦਾ ਵੀ ਓਨਾ ਹੀ ਦੁਖਦਾਈ ਅੰਤ ਹੋਇਆ। ਜ਼ੁਲਫੀਕਾਰ ਅਲੀ ਭੁੱਟੋ ਨੂੰ ਵਿਰੋਧੀ ਧਿਰ ਦੇ ਨੇਤਾ ਦੀ ਹੱਤਿਆ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਬਾਅਦ ਵਿਚ ਮੌਤ ਦੀ ਸਜ਼ਾ ਸੁਣਾਈ ਗਈ ਸੀ।

ਜ਼ੁਲਫ਼ੀਕਾਰ ਅਲੀ ਭੁੱਟੋ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਰਹਿ ਚੁੱਕੇ ਹਨ ਜਿਨ੍ਹਾਂ ਨੂੰ ਸਾਜ਼ਿਸ਼ ਤਹਿਤ ਫਾਂਸੀ ਦਿੱਤੀ ਗਈ ਸੀ। ਜ਼ੁਲਫ਼ੀਕਾਰ ਅਲੀ ਭੁੱਟੋ ਦਾ ਜਨਮ 5 ਜਨਵਰੀ 1928 ਨੂੰ ਅਣਵੰਡੇ ਭਾਰਤ ਦੇ ਸਿੰਧ ਸੂਬੇ ਦੇ ਲਰਕਾਨਾ ਵਿੱਚ ਹੋਇਆ ਸੀ। ਉਸ ਨੇ ਪਾਕਿਸਤਾਨ ਦੇ ਨੌਵੇਂ ਪ੍ਰਧਾਨ ਮੰਤਰੀ ਵਜੋਂ ਅਹੁਦਾ ਸੰਭਾਲਿਆ, ਪਰ ਕਿਸੇ ਨੂੰ ਨਹੀਂ ਪਤਾ ਸੀ ਕਿ ਉਸ ਦਾ ਅੰਤ ਇੰਨਾ ਦਰਦਨਾਕ ਹੋਵੇਗਾ ਕਿ ਅੱਜ ਵੀ ਪਾਕਿਸਤਾਨ ਦੇ ਪ੍ਰਸ਼ਾਸਨ ਵਿਚ ਉਸ ਨੂੰ ਯਾਦ ਕੀਤਾ ਜਾਂਦਾ ਹੈ। ਜ਼ੁਲਫ਼ੀਕਾਰ ਅਲੀ ਭੁੱਟੋ ਨੂੰ ਪਾਕਿਸਤਾਨ ਦੇ ਸਭ ਤੋਂ ਸ਼ਕਤੀਸ਼ਾਲੀ ਨੇਤਾਵਾਂ ਵਿੱਚੋਂ ਇੱਕ ਮੰਨਿਆ ਜਾਂਦਾ ਸੀ।

**ਜਿਸ ਨੂੰ ਅਹੁਦਾ ਦਿੱਤਾ ਗਿਆ, ਉਸ ਨੇ ਧੋਖਾ ਦਿੱਤਾ**

ਜ਼ੁਲਫ਼ੀਕਾਰ ਅਲੀ ਭੁੱਟੋ 14 ਅਗਸਤ 1973 ਤੋਂ 5 ਜੁਲਾਈ 1977 ਤੱਕ ਦੇਸ਼ ਦੇ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਰਹੇ। ਉਹ ਆਪਣਾ ਪੰਜ ਸਾਲ ਦਾ ਕਾਰਜਕਾਲ ਵੀ ਪੂਰਾ ਨਹੀਂ ਕਰ ਸਕੇ। 1 ਮਾਰਚ, 1976 ਨੂੰ, ਉਸਨੇ ਲੈਫਟੀਨੈਂਟ ਜਨਰਲ ਜ਼ਿਆ-ਉਲ-ਹੱਕ ਨੂੰ ਥਲ ਸੈਨਾ ਦਾ ਮੁਖੀ ਨਿਯੁਕਤ ਕੀਤਾ। ਭੁੱਟੋ ਨੇ ਜ਼ਿਆ-ਉਲ-ਹੱਕ 'ਤੇ ਪੂਰਾ ਭਰੋਸਾ ਕੀਤਾ। ਉਹ ਸੋਚਦਾ ਸੀ ਕਿ ਜ਼ਿਆ ਇਕ ਕੱਟੜ ਧਾਰਮਿਕ ਜਰਨੈਲ ਅਤੇ ਫੌਜੀ ਅਫਸਰ ਹੈ ਜਿਸ ਦੀ ਰਾਜਨੀਤੀ ਵਿਚ ਕੋਈ ਦਿਲਚਸਪੀ ਨਹੀਂ ਹੈ, ਪਰ ਉਸ ਦੀ ਸੋਚ ਪੂਰੀ ਤਰ੍ਹਾਂ ਗਲਤ ਸਾਬਤ ਹੋਈ।

**ਸਾਲ 1979 ਵਿੱਚ ਮੌਤ ਦੀ ਸਜ਼ਾ ਸੁਣਾਈ ਗਈ**

ਜ਼ਿਆ ਉਲ ਹੱਕ ਨੇ ਜ਼ੁਲਫ਼ੀਕਾਰ ਅਲੀ ਭੁੱਟੋ ਨੂੰ ਧੋਖਾ ਦਿੱਤਾ। ਉਸ ਨੇ ਹੀ ਭੁੱਟੋ ਵਿਰੁੱਧ ਸਾਜ਼ਿਸ਼ ਰਚੀ ਸੀ। 5 ਜੁਲਾਈ, 1977 ਨੂੰ, ਉਸਨੇ ਦੇਸ਼ ਵਿੱਚ ਮਾਰਸ਼ਲ ਲਾਅ ਲਗਾ ਦਿੱਤਾ ਅਤੇ ਸਰਕਾਰ ਦਾ ਤਖਤਾਪਲਟ ਕੀਤਾ। ਮਾਰਸ਼ਲ ਲਾਅ ਤੋਂ ਬਾਅਦ ਜ਼ਿਆ-ਉਲ-ਹੱਕ ਨੇ ਸਾਰੀਆਂ ਸਿਆਸੀ ਪਾਰਟੀਆਂ ਨੂੰ ਵੀ ਖ਼ਤਮ ਕਰ ਦਿੱਤਾ।

ਜ਼ਿਆ ਨੇ ਭੁੱਟੋ 'ਤੇ ਵਿਰੋਧੀ ਧਿਰ ਦੇ ਨੇਤਾ ਨਵਾਜ਼ ਮੁਹੰਮਦ ਅਹਿਮਦ ਖਾਨ ਦੀ ਹੱਤਿਆ ਕਰਨ ਦਾ ਦੋਸ਼ ਲਗਾਇਆ ਅਤੇ ਉਸ ਨੂੰ ਗ੍ਰਿਫਤਾਰ ਕਰ ਕੇ ਜੇਲ 'ਚ ਬੰਦ ਕਰ ਦਿੱਤਾ। ਬਾਅਦ ਵਿੱਚ ਲਾਹੌਰ ਹਾਈ ਕੋਰਟ ਦੇ ਜਸਟਿਸ ਖਵਾਜਾ ਮੁਹੰਮਦ ਅਹਿਮਦ ਸਮਦਾਨੀ ਨੇ ਉਸ ਨੂੰ ਇਹ ਕਹਿ ਕੇ ਰਿਹਾਅ ਕਰ ਦਿੱਤਾ ਕਿ ਉਸ ਦੀ ਗ੍ਰਿਫ਼ਤਾਰੀ ਦਾ ਕੋਈ ਆਧਾਰ ਨਹੀਂ ਹੈ। ਹਾਲਾਂਕਿ, ਤਿੰਨ ਦਿਨ ਬਾਅਦ ਉਸਨੂੰ ਦੁਬਾਰਾ ਗ੍ਰਿਫਤਾਰ ਕਰ ਲਿਆ ਗਿਆ ਅਤੇ ਅੰਤ ਵਿੱਚ 4 ਅਪ੍ਰੈਲ 1979 ਨੂੰ ਫਾਂਸੀ ਦੇ ਦਿੱਤੀ ਗਈ।

# ਸ੍ਰੀ ਹਰਿਮੰਦਰ ਸਾਹਿਬ ਨੇੜੇ ਹੈਰੀਟੇਜ ਸਟਰੀਟ 'ਚ ਲਗਾਤਾਰ ਹੋਏ ਧਮਾਕੇ, ਕਈ ਗ੍ਰਿਫਤਾਰ

**(ਸਫਾ 1 ਦੀ ਬਾਕੀ)**

ਵਿੱਚ ਠਹਿਰੇ ਹੋਏ ਸਨ। ਉਨ੍ਹਾਂ ਕੋਲੋਂ ਇਕ ਸ਼ੱਕੀ ਬੈਗ ਵੀ ਬਰਾਮਦ ਹੋਇਆ ਹੈ। ਦੋਵੇਂ ਗੁਰਦਾਸਪੁਰ ਦੇ ਰਹਿਣ ਵਾਲੇ ਹਨ। ਉਨ੍ਹਾਂ ਦਾ ਮਕਸਦ ਸਿਰਫ਼ ਅਸ਼ਾਂਤੀ ਫੈਲਾਉਣਾ ਸੀ। ਉਨ੍ਹਾਂ ਨੇ ਧਮਾਕਿਆਂ ਲਈ ਪਟਾਕੇ ਵਾਲੇ ਬਾਰੂਦ ਦੀ ਵਰਤੋਂ ਕੀਤੀ ਹੈ। ਇਸ ਤੋਂ ਪਹਿਲਾਂ ਸ਼ਨੀਵਾਰ ਅਤੇ ਸੋਮਵਾਰ ਨੂੰ ਵੀ ਧਮਾਕੇ ਹੋ ਚੁੱਕੇ ਹਨ। ਇਨ੍ਹਾਂ ਵਿੱਚ ਘੱਟ ਘਣਤਾ ਵਾਲੇ ਕੱਚੇ ਬੰਬਾਂ ਦੀ ਵਰਤੋਂ ਕੀਤੀ ਗਈ ਸੀ।

ਇਕ ਦਿਨ ਪਹਿਲਾਂ ਲਗਾਤਾਰ ਦੋ ਧਮਾਕਿਆਂ ਦੇ ਮਾਮਲੇ 'ਚ ਪੁਲਿਸ ਨੇ ਇਕ ਕਾਂਗਰਸੀ ਆਗੂ ਸਮੇਤ ਕੁੱਲ 23 ਸ਼ੱਕੀਆਂ ਨੂੰ ਹਿਰਾਸਤ 'ਚ ਲਿਆ ਹੈ। ਨਾਲ ਹੀ ਪੁਲਿਸ ਨੇ ਪਾਰਕਿੰਗ ਠੇਕੇਦਾਰ, ਅੰਨਗੜ੍ਹ 'ਚ ਪਟਾਕਿਆਂ ਦੇ ਗੈਰ-ਕਾਨੂੰਨੀ ਕਾਰੋਬਾਰ 'ਚ ਸ਼ਾਮਲ ਤਿੰਨ ਕਾਰੋਬਾਰੀਆਂ, ਪਾਰਕਿੰਗ ਦੇ ਕੁਝ ਗਾਰਡਾਂ ਨੂੰ ਪੁੱਛਗਿੱਛ ਲਈ ਸੱਦਿਆ ਹੈ। ਪਤਾ ਲੱਗਾ ਹੈ ਕਿ ਸਾਰੇ ਸ਼ੱਕੀਆਂ ਦੇ ਮੋਬਾਈਲ ਪੁਲਿਸ ਨੇ ਕਬਜ਼ੇ 'ਚ ਲੈ ਕੇ ਪੰਜ-ਸੱਤ ਘੰਟਿਆਂ ਤੱਕ ਪੁੱਛਗਿੱਛ ਕੀਤੀ। ਘਟਨਾ ਦੇ ਚੌਥੇ ਦਿਨ ਪੁਲਿਸ ਵੱਲੋਂ ਇਹ ਵੱਡੀ ਕਾਰਵਾਈ ਕੀਤੀ ਗਈ ਹੈ। ਪੁਲਿਸ ਸਟੇਸ਼ਨ ਕੋਤਵਾਲੀ ਤੇ ਜੇਆਈਸੀ (ਜੁਆਇੰਟ ਪੁੱਛਗਿੱਛ ਕੇਂਦਰ) 'ਚ ਸ਼ੱਕੀਆਂ ਤੋਂ ਪੁੱਛਗਿੱਛ ਕੀਤੀ ਗਈ ਹੈ। ਕਰੀਬ ਪੰਜ ਵਜੇ ਪੁਲਿਸ ਨੇ ਸਾਰਿਆਂ ਨੂੰ ਪੁੱਛਗਿੱਛ ਤੋਂ ਬਾਅਦ ਛੱਡ ਦਿੱਤਾ। ਪੁਲਿਸ ਨੇ ਸਾਰੇ ਸ਼ੱਕੀਆਂ ਤੋਂ ਘਟਨਾ ਦਾ ਦਿਨ ਤੇ ਸਮਾਂ ਵੀ ਪੁੱਛਿਆ ਹੈ। ਤਾਂ ਜੋ ਇਹ ਪਤਾ ਲਾਇਆ ਜਾ ਸਕੇ ਕਿ ਕੀ ਕੋਈ ਸ਼ੱਕੀ ਵਿਅਕਤੀ ਪੁਲਿਸ ਜਾਂਚ ਨੂੰ ਭਟਕਾਉਣ ਦੀ ਕੋਸ਼ਿਸ਼ ਤਾਂ ਨਹੀਂ ਕਰ ਰਿਹਾ ਹੈ।



**ਸ਼੍ਰੋਮਣੀ ਕਮੇਟੀ ਨੇ ਕੀਤੀ ਸ਼ੱਕੀਆਂ ਦੀ ਸ਼ਨਾਖ਼ਤ**

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ, "ਲਗਾਤਾਰ ਘਟਨਾਵਾਂ ਵਾਪਰ ਰਹੀਆਂ ਹਨ। ਇਹ ਸਰਕਾਰ ਦੀ ਪੂਰੀ ਨਾਕਾਮੀ ਹੈ, ਇਸ ਘਟਨਾ ਨੂੰ ਰੋਕਿਆ ਜਾ ਸਕਦਾ ਸੀ।"

"ਮੈਂ ਮਹਿਸੂਸ ਕਰਦਾ ਹਾਂ ਕਿ ਇਹ ਇੱਕ ਗਹਿਰੀ ਸਾਜ਼ਿਸ਼ ਹੈ, ਕਿ ਹਾਲਾਤ ਨੂੰ ਕਿਵੇਂ ਗੰਧਲਾ ਕਰਨਾ। ਕੁਝ ਤਾਕਤਾਂ ਸਿਆਸੀ ਮੁਫਾਦਾਂ ਲਈ ਸਾਜ਼ਿਸ਼ਾਂ ਕਰਦੀਆਂ ਹਨ, ਮੈਂ ਇਸ ਘਟਨਾ ਦੀ ਸਖ਼ਤ ਨਿੰਦਾ ਕਰਦਾ ਹਾਂ।"

"ਧਮਾਕੇ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੀ ਟੀਮ ਨੇ ਜਾਂਚ ਸ਼ੁਰੂ ਕੀਤੀ, ਜਿੱਥੇ ਧਮਾਕਾ ਹੋਇਆ, ਉਸ ਦੇ ਕਮਰੇ ਵਿੱਚ ਵਾਸ਼ਰੂਮ ਸੁੱਕਾ ਸੀ, ਬਾਹਰਲੇ ਪਾਸੇ ਕੁਝ ਕਾਗਜ਼ ਮਿਲੇ ਤੇ ਉਹ ਪੁਲਿਸ ਨੂੰ ਸੌਂਪੇ।ਸ਼੍ਰੋਮਣੀ ਕਮੇਟੀ ਦੇ ਸੀਸੀਟੀਵੀ ਇੰਚਾਰਜ ਨੇ ਸ਼ੱਕੀ ਬੰਦੇ ਦੀ ਸ਼ਨਾਖ਼ਤ ਕੀਤੀ, ਇਸ ਨੂੰ ਸ਼੍ਰੋਮਣੀ ਕਮੇਟੀ ਦੇ ਸੁਰੱਖਿਆ ਦਸਤੇ ਨੇ ਫੜ ਲਿਆ ਅਤੇ ਜਦੋਂ ਪੁਲਿਸ ਪਹੁੰਚੀ ਅਤੇ ਉਨ੍ਹਾਂ ਹਵਾਲੇ ਕਰ ਦਿੱਤਾ।"

# ਸਿੱਖ ਰਾਈਡਰਜ ਵੱਲੋਂ ਟੈਕਸਾਸ ਵਿੱਖੇ ਕਰਵਾਈ ਨੌਵੀ ਸਲਾਨਾ ਬਾਈਕ ਰੈਲੀ ਯਾਦਗਾਰੀ ਹੋ ਨਿਬੜੀ





**ਡੈਲਸ (ਟੈਕਸਾਸ) (ਗੁਰਿੰਦਰਜੀਤ ਨੀਟਾ ਮਾਛੀਕੇ)–** ਸਿੱਖ ਰਾਈਡਰਜ ਆਫ਼ ਅਮਰੀਕਾ ਨਾਮੀ ਮੋਟਰਸਾਈਕਲ ਕਲੱਬ ਬੇਕਰਸਫੀਲਡ ਵਿੱਚ ਵਿਸਕਾਨਸਿਨ ਗੁਰੂਘਰ ਵਿੱਖੇ ਹੋਏ ਨਸਲੀ ਹਮਲੇ ਪਿੱਛੋਂ ਹੋਂਦ ਵਿੱਚ ਆਇਆ ਸੀ, ਇਸ ਗਰੁਪ ਵੱਲੋਂ ਅਮਰੀਕਾ ਦੇ ਵੱਖੋਂ ਵੱਖ ਸ਼ਹਿਰਾਂ ਵਿੱਚ ਪਹੁੰਚਕੇ ਅਮਰੀਕਨ ਲੋਕਾਂ ਨੂੰ ਸਿੱਖ ਪਹਿਚਾਣ ਸਬੰਧੀ ਜਾਣੂ ਕਰਵਾਇਆ ਜਾਦਾ ਹੈ। ਹਰ ਸਾਲ ਸਿੱਖ ਰਾਈਡਰਜ ਵੱਲੋਂ ਅਮਰੀਕਨ ਲੋਕਾਂ ਦੇ ਵੱਖੋ ਵੱਖ ਸਮਾਗਮਾ ਵਿੱਚ ਪਹੁੰਚਕੇ ਸਿੱਖ ਧਰਮ ਨੂੰ ਪ੍ਰਫੁੱਲਿਤ ਕਰਨ ਲਈ ਸਲਾਘਾਯੋਗ ਉਪਰਾਲੇ ਕੀਤੇ ਜਾ ਰਹੇ ਹਨ, ਇਸੇ ਕੜੀ ਤਹਿਤ ਲੰਘੇ ਹਫਤੇ ਬਿੱਡਫੋਰਡ ਟੈਕਸਾਸ ਵਿਖੇ ਸਿੱਖ ਰਾਈਡਰਜ ਆਫ਼ ਅਮਰੀਕਾ ਦੇ ਕਾਰਕੁਨਾਂ ਵੱਲੋਂ ਸ਼ਾਨਦਾਰ ਨੌਵੀਂ ਸਲਾਨਾਂ ਮੋਟਰ-ਸਾਇਕਲ ਰੈਲੀ ਦਾ ਅਯੋਜਨ ਕੀਤਾ ਗਿਆ। ਇਹ ਬਾਈਕ ਰੈਲੀ ਸਾਈਕਲ ਗੇਅਰ ਡੀਲਰਸ਼ਿੱਪ ਬਿੱਡਫਰਡ ਤੋਂ ਪੰਜਾਬੀ ਵਿੱਚ ਅਰਦਾਸ ਤੇ ਗੋਰਿਆਂ ਵੱਲੋਂ ਪਰੇਅਰ ਕਰਕੇ ਸੁਰੂ ਕੀਤੀ ਗਈ ‘ਤੇ ਤੀਹ ਮੀਲਾਂ ਦਾ ਸਫਰ ਤਹਿ ਕਰਕੇ ਸਟੋਰਕਸ ਪਲੇਸ ਡੈਲਸ ਵਿੱਖੇ ਸਮਾਪਤ ਹੋਈ। ਇਸ ਰੈਲੀ ਨੂੰ ਫਰੀਵੇਅ ਬੰਦ ਕਰਕੇ ਅਰਵਿੰਗ ਪੁਲਿਸ ਦੁਆਰਾ ਐਸਕੋਰਟ ਕਰਕੇ ਬਿੱਡਫਰਡ ਤੋਂ ਡੈਲਸ ਲਿਜਾਇਆ ਗਿਆ। ਇਸ ਰੈਲੀ ਵਿੱਚ 250 ਤੋਂ ਵੱਧ ਮੋਟਰ ਸਾਈਕਲ ਸਵਾਰਾਂ ਨੇ ਹਿੱਸਾ ਲਿਆ, ਸੈਂਕੜਿਆ ਦੇ ਹਿਸਾਬ ਅਮਰੀਕਨ ਲੋਕਾਂ ਨੇ ਇਸ ਸਮਾਗਮ ਵਿੱਚ ਸ਼ਿਰਕਤ ਕੀਤੀ। ਇਸ ਰੈਲੀ ਦੌਰਾਂਨ ਲੋਕਲ ਚੈਰਟੀਆਂ ਲਈ ਹਜ਼ਾਰਾਂ ਡਾਲਰ ਦਾ ਫੰਡ ਵੀ ਦਿੱਤਾ ਗਿਆ । ਇਸ ਮੌਕੇ ਸੰਸਥਾ ਦੇ ਬੁਲਾਰਿਆ ਨੇ ਦੱਸਿਆ ਕਿ ਇਸ ਸਾਲ ਇਸ ਮੌਕੇ ਖਾਸ ਤੌਰ ਤੇ ਲੱਗੇ ਸਿੱਖ ਰਾਈਡਰਜ ਬੂਥ ਤੋਂ ਸਿੱਖ ਧਰਮ ਅਤੇ ਦਸਤਾਰ ਪ੍ਰਤੀ ਜਾਣਕਾਰੀ ਭਰਪੂਰ ਪੈਂਫਲਿੱਟ ਵੀ ਵੰਡੇ ਗਏ।ਇਸ ਮੌਕੇ ਬਹੁਤ ਸਾਰੇ ਗੋਰੇ ਜਿਹੜੇ ਸਿੱਖ ਧਰਮ ਤੋਂ ਅਣਜਾਣ ਸਨ, ਸਿੱਖ ਧਰਮ ਪ੍ਰਤੀ ਜਾਣਕੇ ਬਹੁਤ ਪ੍ਰਭਾਵਿਤ ਹੋਏ ਅਤੇ ਸਿੱਖ ਰਾਈਡਰਜ ਦੇ ਇਸ ਉਪਰਾਲੇ ਦੀ ਉਹਨਾਂ ਭਰਪੂਰ ਸਲਾਘਾ ਕੀਤੀ।

# ਪੀਸੀਏ ਫਰਿਜਨੋ ਦੀ ਵਿਸਾਖੀ ਨਾਈਟ ਤੇ ਵਾਰਸ ਭਾਰਾਵਾਂ ਨੇ ਕਰਵਾਈ ਬਹਿਜਾ ਬਹਿਜਾ







**ਡੈਲਸ (ਟੈਕਸਾਸ) (ਗੁਰਿੰਦਰਜੀਤ ਨੀਟਾ ਮਾਛੀਕੇ)–** ਸਥਾਨਿਕ ਪੰਜਾਬੀ ਕਲਚਰਲ ਐਸੋਸੀਏਸ਼ਨ ਵੱਲੋਂ ਸ਼ਾਨਦਾਰ ਵਿਸਾਖੀ ਨਾਈਟ ਟਾਵਰ ਥੇਇਟਰ ਫਰਿਜਨੋ ਵਿਖੇ ਸ਼ਾਨੋ-ਸ਼ੌਕਤ ਨਾਲ ਕਰਵਾਈ ਗਈ। ਦਰਸ਼ਕਾਂ ਨਾਲ ਖਚਾਖਚ ਭਰੇ ਹੋਏ ਹਾਲ ਅੰਦਰ ਸਟੇਜ ਦੀ ਸ਼ੁਰੂਆਤ ਸਟੇਜਾ ਦੀ ਮਲਕਾ ਆਸ਼ਾ ਸ਼ਰਮਾ ਨੇ ਸਭਨਾਂ ਨੂੰ ਨਿੱਘੀ ਜੀ ਕਹਿੰਦਿਆ ਸ਼ਾਇਰਾਨਾ ਅੰਦਾਜ਼ ਵਿੱਚ ਕੀਤੀ। ਸ਼ੋਅ ਦੀ ਸੁਰੂਆਤ ਵਾਰਿਸ ਭਰਾਵਾਂ, ਮਨਮੋਹਣ ਵਾਰਸ, ਕਮਲ ਹੀਰ, ਅਤੇ ਸੰਗਤਾਰ ਨੇ ਪਿਸਟਲ ਤਾਂ ਮਿਲਣ ਬਜ਼ਾਰੋਂ, ਜਿਗਰੇ ਨਾ ਮਿਲਦੇ ਬਈ ਆਦਿ ਸੱਭਿਅਕ ਗੀਤ ਗਾਕੇ ਕੀਤੀ। ਉਪਰੰਤ ਸੰਗਤਾਰ, ਨੇ ਆਪਣੇ ਗੀਤ ਈ-ਮੇਲਾ ਤੇਰੀਆਂ ਡਲੀਟ ਹੋ ਗਈਆਂ ਗਾਕੇ ਆਪਣੇ ਸੁਰੀਲੇ ਬੋਲਾਂ ਨਾਲ ਸ੍ਰੋਤਿਆਂ ਨੂੰ ਮੰਤਰ ਮੁੱਗਧ ਕੀਤਾ । ਇਸ ਪਿੱਛੋਂ ਵਾਰੀ ਆਈ ‘‘ਕੁੜੀਏ ਨੀ ਸੱਗੀ ਫੁੱਲ ਵਾਲੀਏ’’ ਫੇਮ ਕਮਲ ਹੀਰ ਦੀ, ਜਿਸਨੇ ਨੇ ਆਪਣੇ ਨਵੇਂ ਪੁਰਾਣੇਂ ਗੀਤਾ ਦੀ ਐਸੀ ਛਹਿਬਰ ਲਾਈ ਕਿ ਦਰਸ਼ਕ ਮਿਆਰੀ





ਗਾਇਕੀ ਦਾ ਅਨੰਦ ਮਾਣਦੇ ਮਦਹੋਸ਼ ਹੋਏ ਕਿਸੇ ਵੱਖਰੀ ਮਸਤੀ ਵਿੱਚ ਨਜ਼ਰੀ ਪੈ ਰਹੇ ਸਨ।

ਅਖੀਰ ਵਿੱਚ ਇੰਤਜ਼ਾਰ ਦੀਆਂ ਘੜੀਆ ਖਤਮ ਹੋਈਆਂ ਤੇ ਸੁਰੀਲੇ ਗਾਇਕ ਮਨਮੋਹਨ ਵਾਰਿਸ ਨੇ ਆਪਣੇ ਦਮਦਾਰ ਅਤੇ ਸਦਾਬਹਾਰ ਗੀਤਾਂ ਨਾਲ ਮੇਲੇ ਨੂੰ ਚਰਮ ਸੀਮਾਂ ਤੱਕ ਪਹੁੰਚਾਇਆਂ ਤੇ ਉਹਨਾਂ ਜੀਅ ਜਾਨ ਨਾਲ ਗਾਇਆ ਤੇ ਆਪਣੇ ਬਹੁ-ਚਰਚਤ ਗੀਤ ਗਾਕੇ ਐਸੀ ਭੰਗੜੇ ਦੀ ਧਮਾਲ ਪਾਈ ਕਿ ਪੰਡਾਲ ਅੰਦਰ ਬੈਠੇ ਹਰ ਪੰਜਾਬੀ ਦੇ ਪੱਬ ਢੋਲ ਦੇ ਡੱਗੇ ਤੇ ਥਿਰਕਦੇ ਮਹਿਸੂਸ ਹੋ ਰਹੇ ਸਨ। ਅਤੇ ਦਰਸ਼ਕਾਂ ਨੇ ਨੱਚ ਨੱਚਕੇ ਅੰਬਰੀ ਧੂੜ੍ਹ ਚੜਾ ਦਿੱਤੀ।

ਇਸ ਮੌਕੇ ਪੀਸੀਏ ਟੀਮ ਵੱਲੋਂ ਆਪਣੇ ਸਮੂੰਹ ਸਪਾਂਸਰਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ,ਅਤੇ ਪੀਸੀਏ ਮੈਂਬਰ ਸੁਖਬੀਰ ਭੰਡਾਲ ਨੇ ਪੰਜਾਬੀ ਕਲਚਰਲ ਐਸੋਸ਼ੀਏਸ਼ਨ ਦੇ ਕੰਮਾਂ ਕਾਰਾਂ ਤੋਂ ਦਰਸ਼ਕਾਂ ਨੂੰ ਜਾਣੂ ਕਰਵਾਇਆ, ਉਹਨਾਂ ਪੀਸੀਏ ਵੱਲੋ ਸਾਰੇ ਹੀ ਸਪਾਂਸਰ ਅਤੇ ਦਰਸ਼ਕ ਵੀਰਾ ਦਾ ਮੇਲੇ ਨੂੰ ਸਫ਼ਲ ਬਣਾਉਣ ਲਈ ਧੰਨਵਾਦ ਕੀਤਾ। ਇਸ ਮੌਕੇ ਆਸਟ੍ਰੇਲੀਆ ਤੋਂ ਪਹੁੰਚੇ ਸਕਿੱਚ ਆਰਟਿਸਟ ਰਾਜੀ ਮੁਸਾਵਰ ਨੇ ਵਾਰਿਸ ਭਰਾਵਾਂ ਦੇ ਸਕਿੱਚ ਉਹਨਾਂ ਨੂੰ ਸਟੇਜ ਤੇ ਭੇਂਟ ਕੀਤੇ।

ਇਸ ਤਰਾਂ ਪੀਸੀਏ ਮੈਬਰਾਂ ਦੀ ਮਿਹਨਤ ਨਾਲ ਕਾਮਯਾਬੀ ਦੇ ਝੰਡੇ ਗੱਡਦਾ ਪੀਸੀਏ ਦੀ ਇਹ ਵਿਸਾਖੀ ਨਾਈਟ ਯਾਦਗਾਰੀ ਹੋ ਨਿਬੜੀ।

# ਓਮਾਨ ‘ਚ ਫਸੀਆਂ ਪੰਜਾਬੀ ਧੀਆਂ ਨੂੰ ਵਾਪਿਸ ਲਿਆਉਣਗੇ ਸਾਹਨੀ

**ਅੰਮ੍ਰਿਤਸਰ–** ਰਾਜਸਭਾ ਮੈਂਬਰ ਵਿਕਰਮਜੀਤ ਸਾਹਨੀ ਵੱਲੋਂ ਅੱਜ ਗੁਰੂ ਨਗਰੀ ਅੰਮ੍ਰਿਤਸਰ ਤੋਂ ਨਵੀਂ ਮੁਹਿੰਮ ਦੀ




ਸ਼ੁਰੂਆਤ ਕੀਤੀ ਗਈ ਹੈ। ਸ੍ਰੀ ਹਰਿਮੰਦਰ ਸਾਹਿਬ ਵਿਖੇ ਅਰਦਾਸ ਕਰਨ ਉਪਰੰਤ ‘‘‘ਮਿਸ਼ਨ ਹੋਪ’’ ਦੀ ਸ਼ੁਰੂਆਤ ਕੀਤੀ ਗਈ। ਇਸ ਮਿਸ਼ਨ ਦਾ ਮਕਸਦ ਓਮਾਨ ਵਿੱਚ ਜਿਸਮੀ ਸੋਸ਼ਣ ਦਾ ਸ਼ਿਕਾਰ ਹੋ ਰਹੀਆਂ ਪੰਜਾਬੀ ਧੀਆਂ ਨੂੰ ਵਾਪਿਸ ਪੰਜਾਬ ਲਿਆਉਣਾ ਹੈ। ਉਨ੍ਹਾਂ ਕਿਹਾ ਕਿ ਓਮਾਨ ਦੇ ਮਸਕਟ ਵਿੱਚ ਨੌਕਰੀ ਅਤੇ ਪੈਸੇ ਕਮਾਉਣ ਲਈ ਗਈਆਂ ਪੰਜਾਬਣਾਂ ਨੂੰ ਵਾਪਿਸ ਪੰਜਾਬ ਲਿਆਉਣ ਲਈ ਉਨ੍ਹਾਂ ਵਲੋਂ ਭਾਰਤ ਸਰਕਾਰ ਨਾਲ ਮਿਲਕੇ ਯਤਨ ਕੀਤੇ ਜਾ ਰਹੇ ਹਨ, ਜਿਸਦੇ ਸਿੱਟੇ ਵਜੋਂ ਓਥੇ ਫਸੀਆਂ ਕਰੀਬ 136 ਲੜਕੀਆਂ ਨੂੰ ਜਲਦ ਭਾਰਤ ਲਿਆਂਦਾ ਜਾ ਰਿਹਾ ਹੈ।

ਵਿਕਰਮਜੀਤ ਸਾਹਨੀ ਨੇ ਕਿਹਾ ਕਿ ਅਸੀਂ ਲੜਕੀਆਂ ਦੀ ਸੁਰੱਖਿਆ ਨੂੰ ਮੁੱਖ ਰੱਖਦਿਆਂ ਉਨ੍ਹਾਂ ਦੀ ਪਛਾਣ ਨਹੀਂ ਦੱਸ ਰਹੇ ਪਰ ਅਸੀਂ ਉਨ੍ਹਾਂ ਨੂੰ ਉਥੇ ਗ਼ਲਤ ਢੰਗ ਨਾਲ ਭੇਜਣ ਵਾਲਿਆਂ ਦੀ ਬੰਦ ਲਿਫਾਫਾ ਜਾਣਕਾਰੀ ਪੰਜਾਬ ਦੇ ਡੀਜੀਪੀ ਨੂੰ ਦੇ ਦਿੱਤੀ ਗਈ ਹੈ ਤਾਂਜੋ ਉਨ੍ਹਾਂ ਏਜੰਟਾਂ ਖਿਲਾਫ ਕਾਰਵਾਈ ਹੋ ਸਕੇ ਜਿਨ੍ਹਾਂ ਨੇ ਕੁੱਝ ਪੈਸਿਆਂ ਦੇ ਲਾਲਚ ਕਰਕੇ ਪੰਜਾਬ ਦੀਆਂ ਧੀਆਂ ਨੂੰ ਮੌਤ ਦੇ ਮੂੰਹ ਵਿੱਚ ਧੱਕਿਆ। ਹੈਰਾਨੀ ਦੀ ਗੱਲ ਇਹ ਹੈ ਕਿ ਇਨ੍ਹਾਂ ਲੜਕੀਆਂ ਨੂੰ ਓਥੇ ਭੇਜਣ ਵਿੱਚ ਵੀ ਜ਼ਿਆਦਾਤਰ ਪੰਜਾਬੀ ਮਹਿਲਾਵਾਂ ਦੀ ਹੀ ਭੂਮਿਕਾ ਹੈ। ਅਸੀਂ ਚਾਹੁੰਦੇ ਹਾਂ ਕਿ ਇਹਨਾਂ ਮਹਿਲਾਵਾਂ ਸਮੇਤ ਸਾਰੇ ਏਜੈਟਾਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਸਾਹਨੀ ਨੇ ਇਹ ਵੀ ਦੱਸਿਆ ਕਿ ਸੱਭ ਤੋਂ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਪੰਜਾਬ ਦੇ ਬਹੁਤ ਸਾਰੇ ਬਲੈਕ ਲਿਸਟਡ ਏਜੰਟ ਅੱਜ ਹੀ ਇਨ੍ਹਾਂ ਭੋਲੇ ਭਾਲੇ ਲੋਕਾਂ ਨੂੰ ਕੁੱਝ ਪੈਸਿਆਂ ਦੀ ਖਾਤਿਰ ਮੌਤ ਦੇ ਮੂੰਹ ਵਿੱਚ ਧੱਕਣ ਦਾ ਕਾਲਾ ਕਾਰੋਬਾਰ ਕਰ ਰਹੇ ਹਨ। ਅਸੀਂ ਪੰਜਾਬ ਸਰਕਾਰ ਨੂੰ ਅਪੀਲ ਕਰਾਂਗੇ ਕਿ ਪੰਜਾਬ ਦੇ ਸਾਰੇ ਏਜੰਟਾਂ ਬਾਰੇ ਖਾਕਾ ਤਿਆਰ ਕਰਕੇ ਉਨ੍ਹਾਂ ਖਿਲਾਫ ਵੀ ਕਾਰਵਾਈ ਕੀਤੀ ਜਾਵੇ।

# ਅਮਰੀਕਾ ਦੇ ਟੈਕਸਾਸ ਸੜਕ ਹਾਦਸੇ ‘ਚ 8 ਲੋਕਾਂ ਦੀ ਹੋਈ ਮੌਤ

**ਅਮਰੀਕਾ–** ਇਥੋਂ ਦੇ ਟੈਕਸਾਸ ਦੇ ਸਰਹੱਦੀ ਕਸਬੇ ਬ੍ਰਾਊਂਸਵਿਲੇ ਵਿੱਚ ਐਤਵਾਰ ਨੂੰ ਇੱਕ ਸ਼ਰਨਾਰਥੀ ਕੈਂਪ ਦੇ ਬਾਹਰ ਬੱਸ ਸਟਾਪ ਉਤੇ ਖੜ੍ਹੇ ਲੋਕਾਂ ਨੂੰ ਇੱਕ ਐਸਯੂਵੀ ਨੇ ਦਰੜ ਦਿੱਤਾ, ਜਿਸ ਵਿਚ ਅੱਠ ਲੋਕਾਂ ਦੀ ਮੌਤ ਹੋ ਗਈ ਅਤੇ ਪੰਜ ਹੋਰ ਜ਼ਖ਼ਮੀ ਹੋ ਗਏ। ਬ੍ਰਾਊਂਸਵਿਲੇ ਪੁਲਿਸ ਦੇ ਜਾਂਚ ਅਧਿਕਾਰੀ ਮਾਰਟਿਨ ਸੈਂਡੋਵਲ ਨੇ ਦੱਸਿਆ ਕਿ ਇਹ ਹਾਦਸਾ ਸਥਾਨਕ ਸਮੇਂ ਅਨੁਸਾਰ ਸਵੇਰੇ 8:30 ਵਜੇ ਵਾਪਰਿਆ। ਜਾਣਕਾਰੀ ਮਿਲੀ ਹੈ ਕਿ ਬੱਸ ਸਟਾਪ ‘ਤੇ ਬੈਠਣ ਦੀ ਕੋਈ ਵਿਵਸਥਾ ਨਹੀਂ ਸੀ ਅਤੇ ਲੋਕ ਸੜਕ ਦੇ ਕਿਨਾਰੇ ਬੈਠੇ ਬੱਸ ਦੀ ਉਡੀਕ ਕਰ ਰਹੇ ਸਨ। ਹਾਦਸੇ ਦਾ ਸ਼ਿਕਾਰ ਹੋਏ ਜ਼ਿਆਦਾਤਰ ਲੋਕ ਵੈਨੇਜ਼ੁਏਲਾ ਦੇ ਸਨ। ਇਸ ਘਟਨਾ ਦੀ ਜੋ ਵੀਡੀਓ ਸਾਹਮਣੇ ਆਈ ਹੈ, ਉਸ ‘ਚ ਦੇਖਿਆ ਜਾ ਸਕਦਾ ਕਿ ਇਕ ਐਸਯੂਵੀ (ਰੇਂਜ ਰੋਵਰ) ਬੱਸ ਸਟਾਪ ‘ਤੇ ਲੋਕਾਂ ਉਤੇ ਚੜ੍ਹ ਜਾਂਦੀ ਹੈ। ਪੀੜਤ ਇੱਕ ਰੈਣ ਬਸੇਰੇ ਵਿੱਚ ਰਾਤ ਬਿਤਾਉਣ ਤੋਂ ਬਾਅਦ ਡਾਊਨਟਾਊਨ ਬ੍ਰਾਊਂਸਵਿਲੇ ਵਾਪਸ ਜਾਣ ਲਈ ਬੱਸ ਦੀ ਉਡੀਕ ਕਰ ਰਹੇ ਸਨ। ਲੋਕਾਂ ਨੂੰ ਦਰੜਨ ਤੋਂ ਬਾਅਦ ਐਸਯੂਵੀ ਪਲਟ ਗਈ ਅਤੇ ਲਗਭਗ 200 ਫੁੱਟ (60 ਮੀਟਰ) ਤੱਕ ਪਲਟੀਆਂ ਖਾਂਦੀ ਰਹੀ। ਉਨ੍ਹਾਂ ਦੱਸਿਆ ਕਿ ਸਟੈਂਡ ‘ਤੇ ਖੜ੍ਹੇ ਲੋਕਾਂ ਤੋਂ ਕਰੀਬ 30 ਫੁੱਟ (9 ਮੀਟਰ) ਦੂਰ ਫੁੱਟਪਾਥ ‘ਤੇ ਪੈਦਲ ਜਾ ਰਹੇ ਕੁਝ ਲੋਕ ਵੀ ਹਾਦਸੇ ਦੀ ਲਪੇਟ ‘ਚ ਆ ਗਏ ਹਨ । ਉਨ੍ਹਾਂ ਦੱਸਿਆ ਕਿ ਘਟਨਾ ਤੋਂ ਬਾਅਦ ਡਰਾਈਵਰ ਨੇ ਭੱਜਣ ਦੀ ਕੋਸ਼ਿਸ਼ ਕੀਤੀ ਪਰ ਚਸ਼ਮਦੀਦਾਂ ਨੇ ਉਸ ਨੂੰ ਪੁਲਿਸ ਦੇ ਆਉਣ ਤੱਕ ਕਾਬੂ ਕੀਤੀ ਰੱਖਿਆ।

# ਵਿਸ਼ਵ ਪੰਜਾਬੀ ਕਾਨਫਰੰਸ 16 ਤੋਂ 18 ਜੂਨ ਤੱਕ ਬਰੈਂਪਟਨ ’ਚ

**ਜਲੰਧਰ–** ਵਿਸ਼ਵ ਪੰਜਾਬੀ ਸਭਾ (ਕੈਨੇਡਾ) ਤੇ ਉਨਟਾਰੀਓ ਫਰੈਂਡਰ ਕਲੱਬ ਦੇ ਪ੍ਰਧਾਨ ਡਾ. ਦਲਬੀਰ ਸਿੰਘ ਕਥੂਰੀਆ ਨੇ ਦੱਸਿਆ ਕਿ ਵਰਲਡ ਪੰਜਾਬੀ ਕਾਨਫਰੰਸ ਤੇ ਓਨਟਾਰੀਓ ਫ਼ਰੈਂਡਜ਼ ਕਲੱਬ ਦੇ ਚੇਅਰਮੈਨ ਰਵਿੰਦਰ ਸਿੰਘ ਕੰਗ ਦੀ ਅਗਵਾਈ ਹੇਠ ਵਿਸ਼ਵ ਪੰਜਾਬੀ ਕਾਨਫਰੰਸ ਆਉਂਦੀ 16 ਤੋਂ 18 ਜੂਨ ਤੱਕ ਕੈਨੇਡੀਅਨ ਸੂਬੇ ਉਨਟਾਰੀਓ ਦੇ ਮਹਾਂਨਗਰ ਟੋਰਾਂਟੋ ਦੇ ਉਪਨਗਰ ਬਰੈਂਪਟਨ ਵਿਖੇ ਹੋਣ ਜਾ ਰਹੀ ਹੈ, ਜੋ ਪੂਰੀ ਤਰ੍ਹਾਂ ਮਾਂ-ਬੋਲੀ ਨੂੰ ਹੀ ਸਮਰਪਿਤ ਹੋਵੇਗੀ ਅਤੇ ਇਸ ਦਾ ਥੀਮ ਵਿਸ਼ਵ ਸ਼ਾਂਤੀ ’ਤੇ ਕੇਂਦਰਤ ਰਹੇਗਾ। ਇਸ ਮੌਕੇ ਕੇਂਦਰੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਦੇ ਨਾਲ-ਨਾਲ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਚੰਡੀਗੜ੍ਹ, ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਦੇਵਿੰਦਰ ਸਿੰਘ ਸਿੱਧੂ ਤੇ ਪ੍ਰੋ. ਵਾਈਸ ਚਾਂਸਲਰ ਡਾ. ਮਨਪ੍ਰੀਤ ਸਿੰਘ ਮੰਨਾ, ਸ੍ਰੀ ਗੁਰੂ ਗੋਬਿੰਦ ਸਿੰਘ ਵਰਲਡ ਯੂਨੀਵਰਸਿਟੀ, ਸ੍ਰੀ ਫਤਹਿਗੜ੍ਹ ਸਾਹਿਬ ਦੇ ਵਾਈਸ ਚਾਂਸਲਰ ਡਾ. ਪ੍ਰਿਤਪਾਲ ਸਿੰਘ, ਓਨਟਾਰੀਓ ਫ਼ਰੈਂਡਜ਼ ਕਲੱਬ (ਭਾਰਤ) ਦੇ ਪ੍ਰਧਾਨ ਡ. ਨਾਇਬ ਸਿੰਘ ਮੰਡੇਰ, ਉਨਟਾਰੀਓ ਫ਼ਰੈਂਡਜ਼ ਕਲੱਬ ਦੇ ਪਾਕਿਸਤਾਨ ਇਕਾਈ ਦੇ ਪ੍ਰਧਾਨ ਡਾ. ਅਫ਼ਜ਼ਲ ਰਾਜ, ਕੈਨੇਡੀਅਨ ਇਕਾਈ ਦੇ ਮਹਿਲਾ ਸੈੱਲ ਦੇ ਚੇਅਰਪਰਸਨ ਕੰਵਲਦੀਪ ਕੌਰ ਕੋਚਰ, ਚੰਡੀਗੜ੍ਹ ਯੂਨੀਵਰਸਿਟੀ ਦੀ ਗੁਰੂ ਨਾਨਕ ਚੇਅਰ ਦੇ ਚੇਅਰਪਰਸਨ ਪ੍ਰੋ. ਹਰਬੰਸ ਸਿੰਘ ਬੋਲੀਨਾ, ਚੰਡੀਗੜ੍ਹ ਯੂਨੀਵਰਸਿਟੀ ਦੇ ਖੋਜ ਸਹਾਇਕ ਦਵਿੰਦਰ ਕੌਰ ਖੁਸ਼, ਉਨਟਾਰੀਓ ਫ਼ਰੈਂਡਜ਼ ਕਲੱਬ ਦੇ ਕਾਨੂੰਨੀ ਸਲਾਹਕਾਰ ਹਰਸ਼ੇਰ ਸਿੰਘ ਸਿੱਧੂ ਸਮੇਤ ਪੰਜਾਬੀ ਭਾਸ਼ਾ ਦੇ ਹੋਰ ਬਹੁਤ ਸਾਰੇ ਵਿਦਵਾਨ ਖਾਲ ਤੌਰ ’ਤੇ ਪੁੱਜ ਰਹੇ ਹਨ।

## ਅਮਰੀਕੀ ਪੰਜਾਬੀ ਕਹਾਣੀ-ਸੰਗ੍ਰਹਿ 'ਨਿੱਗਰ ਖੰਭਾਂ ਦੀ ਉਡਾਣ' ਦਾ ਲੋਕ ਅਰਪਣ 27 ਮਈ 2023 ਨੂੰ

**ਸਟਾਕਟਨ**– ਸਮੂਹ ਸਾਹਿਤਕ ਅਦਾਰਿਆਂ ਲਈ ਇਹ ਮਾਣ ਭਰੀ ਗੱਲ ਹੈ ਕਿ ਪੰਜਾਬੀ ਸਾਹਿਤ ਸਭਾ ਸਟਾਕਟਨ (ਕੈਲੀਫੋਰਨੀਆ) ਵਲੋਂ ਇਸ ਵਰ੍ਹੇ ਦੀ ਅਮਰੀਕੀ ਪੰਜਾਬੀ ਕਹਾਣੀ ਕਾਨਫਰੰਸ 27 ਮਈ 2023 ਦਿਨ ਸਨਿਚਰਵਾਰ ਨੂੰ 'Best Western Inn ' 111 East March Lane Stockton, CA 95207. ਵਿਖੇ ਕਰਵਾਈ ਜਾ ਰਹੀ ਹੈ। ਪ੍ਰੋਗਰਾਮ ਦਾ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ ਪੰਜ ਵਜੇ ਤੱਕ ਹੋਵੇਗਾ।

ਇਸ ਕਾਨਫਰੰਸ ਦੇ ਤਿੰਨ ਸੈਸ਼ਨ ਹੋਣਗੇ। ਪਹਿਲੇ ਸੈਸ਼ਨ ਵਿੱਚ; ਡਾ. ਬਲਦੇਵ ਸਿੰਘ ਧਾਲੀਵਾਲ (ਪ੍ਰੋਫੈਸਰ ਸੇਵਾ-ਮੁਕਤ, ਪੰਜਾਬੀ ਯੂਨੀਵਰਸਟੀ ਪਟਿਆਲਾ) ਆਪਣਾ ਲਿਖਆ ਖੋਜ ਪੇਪਰ (ਅਜੋਕੀ ਅਮਰੀਕੀ ਪੰਜਾਬੀ ਕਹਾਣੀ ਦੇ ਬਦਲਦੇ ਪ੍ਰਤੀਮਾਨ, ਸੰਪਾਦਤ ਕਹਾਣੀ-ਸੰਗ੍ਰਹਿ ' ਨਿੱਗਰ ਖੰਭਾਂ ਦੀ ਉਡਾਣ' ਦੇ ਹਵਾਲੇ ਨਾਲ) ਨਾਲ ਪੇਸ਼ ਕਰਨਗੇ। ਇਸ ਤੋਂ ਬਾਅਦ ਇਹ ਕਹਾਣੀ-ਸੰਗ੍ਰਹਿ ਲੋਕ ਅਰਪਤ ਕੀਤਾ ਜਾਵੇਗਾ। ਇਸ ਸੰਗ੍ਰਹਿ ਵਿੱਚ 12 ਅਮਰੀਕੀ ਪੰਜਾਬੀ ਕਹਾਣੀਆਂ ਹਨ, ਜੋ ਹਰਜਿੰਦਰ ਪੰਧੇਰ, ਸੁਰਿੰਦਰ ਸੋਹਲ, ਹਰਮਹਿੰਦਰ ਚਾਹਲ ਅਤੇ ਰਵੀ ਸ਼ੇਰਗਿੱਲ ਦੇ ਸਾਂਝੇ ਯਤਨਾ ਸਦਕਾ ਅੰਤਮ ਛੋਹਾਂ ਤੀਕ ਪਹੁੰਚਿਆ ਹੈ।

ਦੂਸਰੇ ਸੈਸ਼ਨ ਵਿੱਚ ਕਹਾਣੀ ਪਾਠ ਹੋਵੇਗਾ। ਇਸ ਵਿੱਚ ਹਾਜ਼ਰ ਕਹਾਣੀਕਾਰ ਆਪਣੀਆਂ ਨਵੀਆਂ ਲਿਖੀਆਂ ਕਹਾਣੀਆਂ ਸੁਣਾਉਣਗੇ। ਦਵਿੰਦਰ ਕੌਰ ਗੁਰਾਇਆ ਦਾ ਨਵ-ਰਚਿੱਤ ਕਹਾਣੀ ਸੰਗ੍ਰਹਿ 'ਮਰਿਆ ਨਹੀਂ ਜਿਉਂਦਾ ਹਾਂ' ਦੀ ਸਾਂਝ ਪਾਠਕਾਂ ਨਾਲ ਪਵਾਈ ਜਾਵੇਗੀ। ਇਸ ਸੈਸ਼ਨ ਦੇ ਅੰਤ ਵਿੱਚ ਪੰਜਾਬ ਤੋਂ ਆਏ ਵਿਦਵਾਨ ਪ੍ਰੋਫੈਸਰ ਆਪਣੀਆਂ ਟਿਪਣੀਆਂ ਪੇਸ਼ ਕਰਨਗੇ। ਸਰੋਤਿਆਂ ਵਲੋਂ ਉਠਾਏ ਸਾਰਥਕ ਸਵਾਲਾਂ ਦੇ ਜਵਾਬ ਵੀ ਦਿੱਤੇ ਜਾਣਗੇ। ਅੰਤਮ ਸੈਸ਼ਨ ਵਿੱਚ ਸ਼ਾਨਦਾਰ ਕਵੀ ਦਰਬਾਰ ਹੋਵੇਗਾ। ਜਿਸ ਵਿੱਚ ਹਾਜ਼ਰ ਸ਼ਾਇਰ ਆਪਣੀਆਂ ਖੂਬਸੂਰਤ ਰਚਨਾਵਾਂ ਪੇਸ਼ ਕਰਨਗੇ। ਚਾਹ ਪਾਣੀ ਅਤੇ ਲੰਚ ਦਾ ਪ੍ਰਬੰਧ ਕੀਤਾ ਜਾਵੇਗਾ। ਸਮੂਹ ਸਾਹਿਤ ਪਿਆਰੇ ਸੱਜਣਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਵਕਤ ਦੀ ਕਦਰ ਕਰਦਿਆਂ ਨਿਰਧਾਰਤ ਸਮੇਂ ਤੇ ਪਹੁੰਚ ਕੇ ਕਾਰਜਕਾਰੀ ਕਮੇਟੀ ਨੂੰ ਧੰਨਵਾਦੀ ਬਣਾਉਣ।

**ਵਧੇਰੇ ਜਾਣਕਾਰੀ ਲਈ : ਹਰਜਿੰਦਰ ਪੰਧੇਰ (ਫੋਨ: 209- 610- 5055 ) ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਅੰਤਰਰਾਸ਼ਟਰੀ ਕਵੀ ਦਰਬਾਰ-ਪੁੰਗਰਦੇ ਹਰਫ (ਵਿਸ਼ਵ ਕਾਵਿ-ਮਹਿਫਲ) ਵੱਲੋਂ ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਸਹਿਯੋਗ ਨਾਲ ਜ਼ੂਮ ਰਾਹੀ

ਪੰਜਾਬੀ, ਪੰਜਾਬ ਪੰਜਾਬੀਅਤ ਦੇ ਸਰਬਖੱਖੀ ਵਿਕਾਸ ਲਈ ਅਤੇ ਆਪਣੇ ਉਦੇਸ਼ਾਂ ਦੀ ਪ੍ਰਾਪਤੀ ਲਈ, ਪੁੰਗਰਦੇ ਹਰਫ (ਵਿਸ਼ਵ ਕਾਵਿ^ਮਹਿਫਲ) ਵੱਲੋਂ ਪੰਜਾਬੀ ਲਿਖਾਰੀ ਸਭਾ (ਰਜਿ) ਸਿਆਟਲ ਦੇ ਸਹਿਯੋਗ ਨਾਲ ਇਕ ਹੋਰ ਉਡਾਰੀ ਭਰੀ ਗਈ- ਸਾਲ 2023 ਦੇ ਅਪਰੈਲ ਮਹੀਨੇ ਵਿੱਚ, ਜ਼ੂਮ ਰਾਹੀਂ ਵੱਖ ਵੱਖ ਦੇਸ਼ਾਂ ਭਾਰਤ, ਕੈਨੇਡਾ, ਅਮਰੀਕਾ, ਪਾਕਿਤਸਾਨ, ਸਾਊਥ ਕੋਰੀਆ ਵੱਸਦੇ ਸਾਹਿਤਕਾਰਾਂ ਨੂੰ ਲੈ ਕੇ ਪ੍ਰਭਾਵਸ਼ਾਲੀ ਕਵੀ ਦਰਬਾਰ ਕੀਤਾ ਗਿਆ। ਸਾਊਥ ਕੋਰੀਆਂ ਵੱਸਦੇ ਅਤੇ ਪੁੰਗਰਦੇ ਹਰਫ ਵਿਸ਼ਵ ਕਾਵਿ ਮਹਿਫਲ ਦੇ ਪ੍ਰਬੰਧਕ ਅਮਨਬੀਰ ਸਿੰਘ ਧਾਮੀ ਨੇ ਆਪਣੇ ਸ਼ੇਅਰ 'ਗੀਤਾਂ ਗ਼ਜ਼ਲਾਂ ਕਵਿਤਾਵਾਂ ਦੀ ਮਹਿਫਲ ਸਜਾ ਲਈਏ...।।' ਜ਼ਿਕਰ ਕਰਦਿਆਂ ਪ੍ਰੋਗਰਾਮ ਦਾ ਆਗਾਜ਼ ਕੀਤਾ ਅਤੇ ਆਏ ਹੋਏ ਮਹਿਮਾਨਾਂ ਅਤੇ ਕਵੀਆਂ ਨੂੰ ਜੀ ਆਇਆਂ ਕਿਹਾ।ਅੱਜ ਦੇ ਪ੍ਰੋਗਰਾਮ ਦੀ ਸੰਚਾਲਿਕਾ ਕਵਿੱਤਰੀ ਕਿਰਨਜੀਤ ਕੌਰ ਨੇ ਕਾਵਿਕ ਅੰਦਾਜ਼ ਵਿੱਚ ਹਾਜ਼ਰ ਕਵੀਆਂ ਨੂੰ ਸੱਦਾ ਦਿੱਤਾ। ਲਹਿੰਦੇ ਪੰਜਾਬ ਤੋਂ ਹਾਜ਼ਰ ਕਵੀ ਨਦੀਮ ਅਫ਼ਜ਼ਲ ਨਦੀਮ ਨੇ 'ਯਾਰੀ ਦੇ ਵਿੱਚ ਕੋੜ ਨਾ ਫੱਬੇ ਅਤੇ ਸ਼ੀਸ਼ੇ ਦੇ ਵਿੱਚ ਜੋੜ ਨਾ ਫੱਬੇ' ਗ਼ਜ਼ਲ ਨਾਲ ਸੰਜੀਦਗੀ ਭਰਿਆ ਸ਼ੰਦੇਸ਼ ਦਿੱਤਾ ਉਥੋਂ ਦੀ ਹੀ ਚਰਚਿਤ ਕਵਿਤਰੀ ਨਜ਼ਮਾ ਮਹਿਬੂਬ ਨੇ ਆਪਣੀ ਨਜ਼ਮ ਦੇ ਅੰਦਾਜ਼-ਏ-ਬਿਆਂ ਨਾਲ ਪ੍ਰੋਗਰਾਮ ਨੂੰ ਚਾਰ ਚੰਨ ਲਾ ਦਿੱਤੇ। ਭਾਰਤੀ ਪੰਜਾਬ ਤੋਂ ਹਾਜ਼ਰੀ ਲਵਾ ਰਹੀਆਂ ਕਵਿੱਤਰੀਆਂ ਮਨਦੀਪ ਕੌਰ ਭਦੌੜ ਨੇ 'ਮਹਿਕ' ਕਵਿਤਾ ਦੀ ਮਹਿਕ ਨੂੰ ਵੰਡਿਆ ਅਤੇ ਇਕ ਹੋਰ ਕਵਿਤਾ ' ਇਕ ਪਾਮਪੋਜ਼ ਦੇ ਨਾਂ' ਰਾਹੀਂ ਸੰਵੇਦਨਹੀਣ ਜ਼ਮੀਰਾਂ ਨੂੰ ਜਗਾਉਣ ਦੀ ਲੋੜ ਤੇ ਜ਼ੋਰ ਦਿੱਤਾ। ਰਾਜਿੰਦਰ ਰਾਨੀ ਗੰਢੂਆ ਨੇ 'ਜ਼ਿੰਦਗੀ' ਕਵਿਤਾ ਰਾਹੀਂ ਹੌਸਲਿਆਂ ਨੂੰ ਬੁਲੰਦ ਰੱਖਣ ਦਾ ਸੰਦੇਸ਼ ਦਿੱਤਾ।ਪਟਿਆਲਾ ਵਿਖੇ ਰਹਿਣ ਵਾਲੀ ਸੁਖਵਿੰਦਰ ਆਹੀ ਨੇ ਆਪਣੇ ਚੇਤਿਆ ਵਿੱਚ ਵੱਸਦੇ ਸੱਜਣ ਨੂੰ ਕਵਿਤਾ ਰਾਹੀਂ ਜਜਬਾਤੀ ਸ਼ਬਦਾਂ 'ਚ ਯਾਦ ਕੀਤਾ। ਆਪਣੀ ਸ਼ਾਇਰੀ ਦੇ ਨਾਲ ਮਾਂ ਬੋਲੀ ਪੰਜਾਬੀ ਦੀ ਝੋਲੀ ਨੂੰ ਮਾਲੋਮਾਲ ਕਰ ਰਹੀ ਕੈਨੇਡਾ ਵੱਸਦੀ ਸ਼ਾਇਰਾ ਸਤਵੀਰ ਰਾਜੇਆਣਾ ਨੇ 'ਸੱਜਣ ਜੀ ਜਿੰਦ ਬਹੁਤ ਪਿਆਸੀ' ਖ਼ੂਬਸੂਰਤ ਅੰਦਾਜ਼ ਵਿੱਚ ਭਾਵਪੂਰਤ ਕਵਿਤਾ ਪੜ੍ਹੀ। ਭਾਰਤੀ ਪੰਜਾਬ ਦੇ ਪਿੰਡ ਲੰਡੇ ਦੇ ਸਾਹਿਤਕਾਰ ਤਰਸੇਮ ਖਾਨ ਨੇ 'ਮੈਨੂੰ ਕਿਤੇ ਵੀ ਨਾ ਦੀਹਦੀ ਮਾਂ, ਮੇਰੀ ਪੀਰਾਂ ਵਰਗੀ'




ਮਾਂ ਤੋਂ ਦੂਰ ਬੈਠੇ ਬੱਚਿਆਂ ਦੇ ਮਨ ਦੀਆਂ ਪਰਤਾਂ ਨੂੰ ਸ਼ਬਦਾਂ ਦਾ ਜਾਮਾ ਪਹਿਨਾ ਕੇ ਤਰੰਨਮ 'ਚ ਗਾਇਆ ਉਥੇ ਉਹਨਾਂ ਦੀ ਬੇਟੀ ਆਫ਼ਰੀਨ ਬੇਗਮ ਨੇ ਆਪਣੀ ਸੁਰੀਲੀ ਆਵਾਜ਼ ਨਾਲ ਸੱਭ ਨੂੰ ਕੀਲ ਬਹਾਇਆ। ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਪ੍ਰੈਸ ਸਕੱਤਰ ਵਿਅੰਗਕਾਰ ਮੰਗਤ ਕੁਲਜਿੰਦ ਨੇ ਮਜ਼ਾਹੀਆ ਲਹਿਜੇ ਨੂੰ ਕਾਇਮ ਰੱਖਦਿਆਂ ਇਕ ਕਾਵਿ-ਹਾਸ ਅਤੇ ਇਕ ਕਾਵਿ-ਵਿਅੰਗ ਰਾਹੀਂ ਦੋਸ਼ੀਆਂ ਦੇ ਚਿਹਰਿਆਂ ਤੇ ਚੜ੍ਹੇ ਮੁਖੌਟੇ ਉਤਾਰਣ ਦੀ ਕੋਸ਼ਿਸ਼ ਕੀਤੀ। ਜਸ ਇਮਰਾਨ ਨੇ 'ਇਸ਼ਕ ਇਸ਼ਕ ਹੈ, ਕੋਈ ਵਪਾਰ ਤੇ ਨਹੀਂ' ਨਜ਼ਮ ਰਾਹੀਂ ਆਪਣੀ ਲਿਖਣ ਕਲਾ ਦਾ ਸਿੱਕਾ ਮੰਨਵਾਇਆ।ਸੰਚਾਲਿਕਾ ਕਿਰਨਜੀਤ ਕੌਰ ਦੀਆਂ 'ਪੰਜਾਬੀ ਦੀ ਸਿਰਮੌਰ ਸ਼ਾਇਰਾ ਅੰਮ੍ਰਿਤਾ ਪ੍ਰੀਤਮ' ਬਾਰੇ ਬੋਲੀਆਂ ਚਾਰ ਲਾਈਨਾਂ ਨੇ ਹੀ ਉਸਨੂੰ ਉਚਕੋਟੀ ਦੀ ਸਾਹਿਤਕਾਰਾ ਹੋਣ ਦਾ ਸਬੂਤ ਦੇ ਦਿੱਤਾ।ਗਰੁੱਪ ਦੇ ਚੇਅਰਮੈਨ ਅਤੇ ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਮੀਤ ਪ੍ਰਧਾਨ ਬਲਿਹਾਰ ਸਿੰਘ ਲ੍ਹੇਲ ਦੇ ਤਕਨੀਕੀ ਸਹਿਯੋਗ ਕਰਕੇ ਇਸ ਸਾਰੇ ਪ੍ਰੋਗਰਾਮ ਨੂੰ ਸਫਲਤਾ ਪੂਰਵਕ ਫੇਸਬੁੱਕ ਮਾਧਿਅਮ ਰਾਹੀਂ ਸਿੱਧਾ ਪ੍ਰਸਾਰਿਆ, ਜੋ ਕਿ ਪੁੰਗਰਦੇ ਹਰਫ਼ ਦੇ ਫੇਸਬੁੱਕ ਉਤੇ ਹੁਣ ਵੀ ਦੇਖਿਆ ਜਾ ਸਕਦਾ ਹੈ। ਉਹਨਾਂ ਨੇ ਆਪਣੀ ਮਿੰਨੀ ਕਹਾਣੀ 'ਆਪਣਾ ਅੰਸ਼' ਪੇਸ਼ ਕਰਕੇ ਕਵੀ ਦਰਬਾਰ ਨੂੰ ਇਕ ਸਾਹਿਤਕ ਪ੍ਰੋਗਰਾਮ ਦਾ ਰੂਪ ਦੇ ਦਿੱਤਾ। ਭਾਵੇਂ ਗਰੁੱਪ ਦੀ ਪ੍ਰਧਾਨਾ ਰਮਨਦੀਪ ਕੌਰ ਰੰਮੀ ਅਤੇ ਜਨ। ਸਕੱਤਰ ਅੰਜੂ ਅਮਨਦੀਪ ਗਰੋਵਰ ਕੁਝ ਖਾਸ ਰੁਝੇਵਿਆਂ ਕਰਕੇ ਸਾਰਾ ਸਮਾਂ ਹਾਜ਼ਰ ਨਹੀਂ ਰਹਿ ਸਕੀਆਂ ਪਰ ਥੋਹੜੇ ਥੋਹੜੇ ਸਮੇਂ ਬਾਅਦ ਉਹਨਾਂ ਦੀ ਹਾਜ਼ਰੀ ਅਤੇ ਉਹਨਾਂ ਦੀ ਹੌਸਲਾਂ ਅਫਜ਼ਾਈ ਪ੍ਰੋਗਰਾਮ ਦੀ ਸ਼ੋਭਾ ਵਧਾਉਂਦੀ ਰਹੀ।

ਮਾਂ ਬੋਲੀ ਪੰਜਾਬੀ ਦੇ ਸਰਬ ਪੱਖੀ ਵਿਕਾਸ ਲਈ ਯਤਨਾਂ ਵਿੱਚ ਰੁੱਝੇ ਅਮਨਬੀਰ ਸਿੰਘ ਧਾਮੀ ਨੇ ਆਪਣੀ ਕਵਿਤਾ 'ਖ਼ਤਾ ਤੂੰ ਮਾਫ਼ ਕਰਦੇ' ਰਾਹੀ ਖੁਦਾ ਦੀ ਬੰਦਗੀ ਕੀਤੀ ਅਤੇ ਸ਼ਬਦ ਦੀ ਉਚਤਾ ਅਤੇ ਸੁੱਚਤਾ ਦੇ ਵਾਧੇ ਵਿੱਚ ਸਦੀਵੀ ਨਿਰੰਤਰਤਾ ਲਈ ਦੁਆ ਮੰਗੀ। ਅਖੀਰ ਵਿੱਚ ਮੰਗਤ ਕੁਲਜਿੰਦ ਨੇ ਪ੍ਰਧਾਨਗੀ ਭਾਸ਼ਨ ਦਿੰਦਿਆਂ, ਨਿੱਘੇ ਸ਼ਬਦਾਂ ਨਾਲ, ਪ੍ਰੋਗਰਾਮ ਵਿੱਚ ਪੁੱਜੀਆਂ ਸਾਰੀਆਂ ਸਖ਼ਸ਼ੀਅਤਾਂ ਅਤੇ ਸੋਸ਼ਲ ਮੀਡੀਆ ਰਾਹੀਂ ਇਸ ਕਵੀ ਦਰਬਾਰ ਦਾ ਦੇਸ਼ ਵਿਦੇਸ਼ ਬੈਠੇ ਆਨੰਦ ਮਾਣ ਰਹੇ ਸਮੂਹ ਸਰੋਤਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

**ਰਮਨਦੀਪ ਕੌਰ ਰੰਮੀ ਪ੍ਰਧਾਨ, ਪੁੰਗਰਦੇ ਹਰਫ (ਵਿਸ਼ਵ ਕਾਵਿ ਮਹਿਫਲ)**

**ਮੰਗਤ ਕੁਲਜਿੰਦ ਪ੍ਰੈ ਸਕੱਤਰ (ਪੰ ਲਿ ਸਭਾ ਸਿਆਟਲ), ਮੋ ਵੱਟਸ 01 425 286 0163**






ਦੇਸ਼ ਦੁਆਬਾ

## ਪਾਕਿਸਤਾਨ 'ਚ ਹਾਲਾਤ ਕਿਵੇਂ ਵਿਗੜੇ

ਪਾਕਿਸਤਾਨ ਦੇ ਸੁਪਰੀਮ ਕੋਰਟ ਨੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਗ੍ਰਿਫ਼ਤਾਰੀ ਨੂੰ ਗ਼ੈਰ -ਕਾਨੂੰਨੀ ਕਰਾਰ ਦਿੱਤਾ ਹੈ ਤੇ ਪ੍ਰਾਪਤ ਖਬਰਾਂ ਮੁਤਾਬਕ ਉਨ੍ਹਾਂ ਦੀ ਰਿਹਾਈ ਦੇ ਹੁਕਮ ਦਿੱਤੇ। ਅਦਾਲਤ ਨੇ ਇਮਰਾਨ ਖ਼ਾਨ ਨੂੰ ਹਾਈ ਕੋਰਟ ਜਾਣ ਲਈ ਕਿਹਾ ਹੈ ਤੇ ਕਿਹਾ ਹੈ ਕਿ ਅਦਾਲਤ ਵੱਲੋਂ ਸੁਣਾਏ ਗਏ ਫੈਸਲੇ ਨੂੰ ਮੰਨਿਆ ਜਾਵੇ। ਸ਼ੁੱਕਰਵਾਰ ਸਵੇਰੇ ਉਨ੍ਹਾਂ ਨੂੰ ਹਾਈ ਕੋਰਟ ਅੱਗੇ ਪੇਸ਼ ਹੋਣ ਲਈ ਕਿਹਾ ਗਿਆ ਹੈ। ਇਮਰਾਨ ਖ਼ਾਨ 10 ਲੋਕਾਂ ਸਣੇ ਆਪਣੇ ਪਰਿਵਾਰ ਨੂੰ ਮਿਲ ਸਕਦੇ ਹਨ। ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਅਤੇ ਤਹਿਰੀਕ-ਏ-ਇਨਸਾਫ਼ ਪਾਰਟੀ ਦੇ ਚੇਅਰਮੈਨ ਇਮਰਾਨ ਖਾਨ ਦੀ ਗ੍ਰਿਫ਼ਤਾਰੀ ਤੋਂ ਬਾਅਦ ਮੁਲਕ ਵਿੱਚ ਮਾਹੌਲ ਤਣਾਅ ਵਾਲਾ ਰਿਹਾ ਹੈ। ਇਮਰਾਨ ਖ਼ਾਨ ਨੂੰ ਅਪਰੈਲ 2022 ਵਿਚ ਸੱਤਾ ਤੋਂ ਬਾਹਰ ਕੀਤਾ ਗਿਆ ਅਤੇ ਉਸ 'ਤੇ 120 ਤੋਂ ਵੱਧ ਕੇਸ ਦਰਜ ਕੀਤੇ ਗਏ ਹਨ। ਕਈ ਕੇਸਾਂ ਵਿਚ ਉਸ ਵਿਰੁੱਧ ਵਾਰੰਟ ਜਾਰੀ ਕੀਤੇ ਗਏ ਹਨ। ਇਸ ਸਮੇਂ ਉਸ ਨੂੰ ਇਕ ਕਾਰੋਬਾਰੀ ਤੋਂ ਜ਼ਮੀਨ ਖਰੀਦਣ ਅਤੇ ਖ਼ਜ਼ਾਨੇ ਨੂੰ ਨੁਕਸਾਨ ਪਹੁੰਚਾਉਣ ਦੇ ਕੇਸ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ। ਸੱਤਾ ਤੋਂ ਬਾਹਰ ਆਉਣ ਦੇ ਬਾਅਦ ਇਮਰਾਨ ਖ਼ਾਨ ਨੇ ਮੌਜੂਦਾ ਸਰਕਾਰ ਅਤੇ ਫ਼ੌਜ ਦੇ ਗੱਠਜੋੜ ਦਾ ਡਟ ਕੇ ਵਿਰੋਧ ਕੀਤਾ ਹੈ ਅਤੇ ਉਸ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ।

ਇਮਰਾਨ ਖਾਨ ਨੂੰ ਅਲ-ਕਾਦਰ ਟਰੱਸਟ ਮਾਮਲੇ ਵਿੱਚ ਨੈਸ਼ਨਲ ਅਕਾਊਂਟੇਬਿਲਟੀ ਬਿਊਰੋ ਨੇ ਇਸਲਾਮਾਬਾਦ ਅਦਾਲਤੀ ਕੰਪਲੈਕਸ ਵਿੱਚੋਂ ਗ੍ਰਿਫ਼ਤਾਰ ਕਰ ਲਿਆ ਸੀ। ਇਮਰਾਨ ਖਾਨ ਕਿਸੇ ਹੋਰ ਕੇਸ ਦੇ ਮਾਮਲੇ ਵਿੱਚ ਅਦਾਲਤ ਵਿੱਚ ਪੇਸ਼ ਹੋਏ ਸਨ, ਜਿਸ ਵੇਲੇ ਉਹ ਅਦਾਲਤੀ ਕੰਪਲੈਕਸ ਵਿੱਚ ਬਾਇਓਮੀਟ੍ਰਿਕ ਕਰਵਾ ਰਹੇ ਹਨ, ਉਦੋਂ ਪਾਕਿਸਤਾਨ ਰੇਂਜਰਜ਼ ਨੇ ਮੰਗਲਵਾਰ ਬਾਅਦ ਦੁਪਹਿਰ ਉਨ੍ਹਾਂ ਨੂੰ ਇਸ ਦਫ਼ਤਰ ਦੇ ਸ਼ੀਸ਼ੇ ਅਤੇ ਦਰਵਾਜੇ ਭੰਨ ਕੇ ਚੁੱਕ ਲਿਆ। ਇਸ ਗ੍ਰਿਫ਼ਤਾਰੀ ਤੋਂ ਬਾਅਦ ਪੂਰੇ ਮੁਲਕ, ਖਾਸਕਰ ਲਾਹੌਰ ਵਿੱਚ ਹਿੰਸਕ ਮੁਜ਼ਾਹਰੇ ਹੋ ਰਹੇ ਹਨ। ਹੁਣ ਤੱਕ ਇਨ੍ਹਾਂ ਮੁਜ਼ਾਹਰਿਆਂ ਵਿੱਚ ਘੱਟੋ-ਘੱਟ 10 ਲੋਕਾਂ ਦੀ ਮੌਤ ਹੋ ਚੁੱਕੀ ਹੈ। ਜਿਸ ਵਿੱਚ 7 ਖ਼ੈਬਰਪਖਤੂਨਖਾ, 2 ਪੰਜਾਬ ਅਤੇ ਇੱਕ ਬਲੋਚਿਸਤਾਨ ਤੋਂ ਹੈ। ਹਾਲਾਂਕਿ ਫੌਜ ਦੁਆਰਾ ਕੀਤਾ ਗਿਆ ਸਲੂਕ ਨਿਸ਼ਚਿਤ ਤੌਰ 'ਤੇ ਲੋਕਰਾਜ ਲਈ ਇਕ ਲੜਾਕੂ ਵਜੋਂ ਇਮਰਾਨ ਦੇ ਅਕਸ ਨੂੰ ਵਿਗਾੜ ਦੇਵੇਗਾ। ਤਾਜ਼ਾ ਘਟਨਾਕ੍ਰਮ ਨੇ ਮੌਜੂਦਾ ਸਿਆਸੀ ਖੜੋਤ ਨੂੰ ਕਿਸੇ ਵੀ ਗੱਲਬਾਤ ਰਾਹੀਂ ਤੋੜਨ ਲਈ ਦੀਆਂ ਉਮੀਦਾਂ ਨੂੰ ਲਗਪਗ ਧੂਹ ਦਿੱਤਾ ਹੈ। ਇਮਰਾਨ ਦੀ ਗ੍ਰਿਫ਼ਤਾਰੀ ਨੇ ਸਿਰਫ਼ ਸਰਕਾਰ ਅਤੇ ਫ਼ੌਜੀ ਅਦਾਰੇ ਨੂੰ ਵਿਵਾਦ ਵਿਚ ਡੂੰਘਾ ਧੱਕ ਦਿੱਤਾ ਹੈ ਤੇ ਇਸ ਨਾਲ ਲੋਕਾਂ ਵਿਚ ਹੋਰ ਵੀ ਵੱਡਾ ਬੇਵਿਸ਼ਵਾਸ ਅਤੇ ਨਾਰਾਜ਼ਗੀ ਪੈਦਾ ਹੋ ਚੁੱਕੀ ਹੈ।

# ਇਨਸਾਫ਼ ਲਈ ਇੰਤਜ਼ਾਰ ਕਦੋਂ ਤੱਕ?

**ਕੰਵਲਜੀਤ ਕੌਰ ਗਿੱਲ**

ਆਮ ਤੌਰ 'ਤੇ ਕਾਨੂੰਨ ਬਾਰੇ ਕਿਹਾ ਜਾਂਦਾ ਹੈ ਕਿ ਨਿਆਂ ਵਿੱਚ ਦੇਰੀ ਤੋਂ ਭਾਵ ਹੈ, ਨਿਆਂ ਦੇਣ ਤੋਂ ਇਨਕਾਰ। ਓਲੰਪਿਕ ਖੇਡਾਂ ਵਿੱਚ ਹੋਏ ਕੁਸ਼ਤੀ ਮੁਕਾਬਲਿਆਂ 'ਚ ਤਗਮੇ ਜਿੱਤ ਕੇ ਭਾਰਤ ਦਾ ਨਾਮ ਰੌਸ਼ਨ ਕਰਨ ਵਾਲੀਆਂ ਸਾਧਾਰਨ ਪਰਿਵਾਰਾਂ ਦੀਆਂ ਕੁੜੀਆਂ ਆਪਣੇ ਨਾਲ ਹੋਏ ਜਿਨਸੀ ਸ਼ੋਸ਼ਣ ਵਿਰੁੱਧ ਰੋਸ ਪ੍ਰਦਰਸ਼ਨ ਕਰ ਰਹੀਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜਿਨਸੀ ਸ਼ੋਸ਼ਣ ਕਿਸੇ ਅਣਜਾਣ ਵਿਅਕਤੀ ਨੇ ਨਹੀਂ ਸਗੋਂ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੇ ਕੀਤਾ ਹੈ। ਇਸ ਰੋਸ ਪ੍ਰਦਰਸ਼ਨ ਦੀ ਅਗਵਾਈ ਪਹਿਲਵਾਨ ਖਿਡਾਰਨਾਂ ਵਿਨੇਸ਼ ਫੋਗਾਟ ਅਤੇ ਸਾਕਸ਼ੀ ਮਲਿਕ ਕਰ ਰਹੀਆਂ ਹਨ। ਅੱਜ ਤੋਂ ਚਾਰ ਮਹੀਨੇ ਪਹਿਲਾਂ ਜਨਵਰੀ ਵਿੱਚ ਇਹ ਕੁੜੀਆਂ ਫੈਡਰੇਸ਼ਨ ਦੇ ਪ੍ਰਧਾਨ ਅਤੇ ਉਸ ਦੇ ਸਾਥੀ ਕੋਚਾਂ ਵਿਰੁੱਧ ਪੁਲੀਸ ਕੋਲ ਸ਼ਿਕਾਇਤ ਦਰਜ ਕਰਵਾਉਣ ਗਈਆਂ, ਪਰ ਉਨ੍ਹਾਂ ਨੂੰ ਇਹ ਕਹਿ ਕੇ ਟਾਲ ਦਿੱਤਾ ਕਿ ਪੁਲੀਸ ਸਾਰੇ ਮਾਮਲੇ ਦੀ ਤਹਿਕੀਕਾਤ ਕਰ ਰਹੀ ਹੈ, ਕਮੇਟੀ ਬਣੀ ਹੋਈ ਹੈ ਜਿਸ ਦੀਆਂ ਸਿਫ਼ਾਰਸ਼ਾਂ ਤੋਂ ਬਾਅਦ ਹੀ ਕੋਈ ਕਾਰਵਾਈ ਹੋਵੇਗੀ ਅਤੇ ਰਿਪੋਰਟ ਦਰਜ ਕੀਤੀ ਜਾ ਸਕਦੀ ਹੈ। ਜਦੋਂਕਿ ਕਾਨੂੰਨੀ ਤੌਰ 'ਤੇ ਔਰਤਾਂ ਦੇ ਜਿਨਸੀ ਸ਼ੋਸ਼ਣ ਦੀ ਸ਼ਿਕਾਇਤ ਪ੍ਰਾਪਤ ਹੋਣ 'ਤੇ ਤੁਰੰਤ ਰਿਪੋਰਟ ਦਰਜ ਹੁੰਦੀ ਹੈ ਤੇ ਬਾਅਦ ਵਿੱਚ ਪੁੱਛ ਪੜਤਾਲ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ ਕਿਉਂਕਿ ਅਜਿਹੇ ਕੇਸਾਂ ਵਿੱਚ ਕੋਈ ਮੌਕੇ ਦਾ ਗਵਾਹ ਨਹੀਂ ਹੁੰਦਾ। ਨਵੰਬਰ 2013 ਨੂੰ ਲਲਿਤ ਕੁਮਾਰੀ ਕੇਸ ਵਿੱਚ ਸੁਪਰੀਮ ਕੋਰਟ ਨੇ ਆਦੇਸ਼ ਦਿੱਤੇ ਸਨ ਕਿ ਸ਼ਿਕਾਇਤ ਵਿੱਚ ਗੰਭੀਰ ਅਪਰਾਧ ਦੇ ਅੰਸ਼ ਹੋਣ ਤਾਂ ਤੁਰੰਤ ਕੇਸ ਦਰਜ ਕੀਤਾ ਜਾਣਾ ਚਾਹੀਦਾ ਹੈ। ਇਨ੍ਹਾਂ ਕੁਸ਼ਤੀ ਖਿਡਾਰਨਾਂ ਵੱਲੋਂ ਲਗਾਏ ਦੋਸ਼ਾਂ ਦੀ ਜਾਂਚ ਕਰਨ ਵਾਸਤੇ ਪ੍ਰਸਿੱਧ ਮੁੱਕੇਬਾਜ਼ ਮੈਰੀਕਾਮ ਦੀ ਨਿਗਰਾਨੀ ਹੇਠ ਕਮੇਟੀ ਬਣਾ ਦਿੱਤੀ ਗਈ ਜਿਸ ਨੇ ਆਪਣੀ ਰਿਪੋਰਟ ਤਿਆਰ ਕਰ ਦਿੱਤੀ ਪਰ ਸਬੰਧਿਤ ਵਿਭਾਗ ਨੇ ਇਸ ਨੂੰ ਰਿਲੀਜ਼ ਨਾ ਕਰਨ ਦੀ ਤਾਕੀਦ ਕੀਤੀ। ਇਨ੍ਹਾਂ ਪੀੜਤ ਕੁੜੀਆਂ ਨੇ ਚਾਰ ਮਹੀਨੇ ਇੰਤਜ਼ਾਰ ਕੀਤਾ, ਪਰ ਬ੍ਰਿਜ ਭੂਸ਼ਣ ਖਿਲਾਫ਼ ਰਿਪੋਰਟ ਦਰਜ ਨਾ ਕੀਤੀ ਗਈ ਅਤੇ ਨਾ ਹੀ ਉਨ੍ਹਾਂ ਕੋਚਾਂ ਵਿਰੁੱਧ ਕੋਈ ਕਾਰਵਾਈ ਕੀਤੀ ਗਈ। ਉਲਟਾ ਇਨ੍ਹਾਂ ਕੁੜੀਆਂ ਨੂੰ ਡਰਾਇਆ ਧਮਕਾਇਆ ਜਾਂਦਾ ਰਿਹਾ।



ਇੰਤਜ਼ਾਰ ਕਰਨ ਦੀ ਵੀ ਕੋਈ ਹੱਦ ਹੁੰਦੀ ਹੈ। ਨਿਰਾਸ਼ ਹੋ ਕੇ ਘਰ ਬੈਠਣ ਦੀ ਥਾਂ ਇਨ੍ਹਾਂ ਬਹਾਦਰ ਧੀਆਂ ਨੇ ਇਨਸਾਫ਼ ਪ੍ਰਾਪਤ ਕਰਨ ਦਾ ਨਿਸ਼ਚਾ ਕਰ ਲਿਆ। ਉਨ੍ਹਾਂ ਸਰੀਰਕ ਤੌਰ 'ਤੇ ਤਕੜੇ ਹੋਣ ਦੇ ਨਾਲ-ਨਾਲ ਆਪਣੀ ਮਾਨਸਿਕ ਸ਼ਕਤੀ ਨੂੰ ਪਛਾਣਿਆ ਅਤੇ ਚਾਰ ਮਹੀਨੇ ਦੇ ਇੰਤਜ਼ਾਰ ਤੋਂ ਬਾਅਦ ਆਪਣੇ ਨਾਲ ਹੋਏ ਅਣਮਨੁੱਖੀ ਕਾਰੇ ਵਿਰੁੱਧ ਇਨਸਾਫ਼ ਪ੍ਰਾਪਤ ਕਰਨ ਲਈ ਧਰਨੇ 'ਤੇ ਬੈਠ ਗਈਆਂ। ਸਾਡੇ ਦੇਸ਼ ਦੀ ਸੁਪਰੀਮ ਕੋਰਟ ਹਰਕਤ ਵਿੱਚ ਆਈ ਅਤੇ ਦਿੱਲੀ ਦੀ ਪੁਲੀਸ ਨੂੰ ਹਦਾਇਤ ਕੀਤੀ ਕਿ ਅਜਿਹੇ ਸੰਗੀਨ ਜੁਰਮ ਲਈ ਅਤੇ ਨਾਗਰਿਕਾਂ ਦੇ ਮੁੱਢਲੇ ਅਧਿਕਾਰਾਂ ਦੀ ਰਾਖੀ ਕਰਦਿਆਂ ਮੁਲਜ਼ਮ ਵਿਰੁੱਧ ਮੁੱਢਲੀ ਰਿਪੋਰਟ ਦਰਜ ਕੀਤੀ ਜਾਵੇ।

ਭਾਰਤੀ ਸਮਾਜ ਦਾ ਆਮ ਵਰਤਾਰਾ ਹੈ ਕਿ ਔਰਤ, ਲੜਕੀ ਜਾਂ ਬੱਚੀ ਨਾਲ ਜ਼ਿਆਦਤੀ ਹੋਣ ਜਾਂ ਅਜਿਹੀ ਹਿੰਸਕ ਘਟਨਾ ਵਾਪਰਨ 'ਤੇ ਉਸੇ ਨੂੰ ਚੁੱਪ ਰਹਿਣ ਲਈ ਕਿਹਾ ਜਾਂਦਾ ਹੈ। ਘਰ ਪਰਿਵਾਰ ਦੀ ਨਮੋਸ਼ੀ, ਜਾਤ ਬਰਾਦਰੀ ਵਿੱਚ ਨੱਕ ਕੱਟਿਆ ਜਾਣਾ ਜਾਂ ਵਿਆਹ ਆਦਿ ਵਿੱਚ ਮੁਸ਼ਕਿਲ ਆਉਣ ਦੇ ਡਰ ਤੋਂ ਇਨ੍ਹਾਂ ਅਪਰਾਧਾਂ ਦੀ ਪੁਲੀਸ ਵਿੱਚ ਸ਼ਿਕਾਇਤ ਹੀ ਨਹੀਂ ਕੀਤੀ ਜਾਂਦੀ ਕਿਉਂਕਿ ਜਿਨਸੀ ਸ਼ੋਸ਼ਣ ਜਿਹੇ ਘਿਨਾਉਣੇ ਅਪਰਾਧ ਜ਼ਿਆਦਾਤਰ ਜਾਣਕਾਰਾਂ, ਦੋਸਤਾਂ ਜਾਂ ਮਰਦ ਰਿਸ਼ਤੇਦਾਰਾਂ ਵੱਲੋਂ ਹੀ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਪਿੰਡ ਪੰਚਾਇਤ ਦੀਆਂ ਮੋਹਤਬਰ ਧਿਰਾਂ ਵੀ ਕੇਸ ਰਫ਼ਾ-ਦਫ਼ਾ ਕਰਨ ਲਈ ਜ਼ੋਰ ਪਾਇਆ ਜਾਂਦਾ ਹੈ। ਇੱਥੋਂ ਤੱਕ ਕਿ ਹੌਸਲਾ ਕਰ ਕੇ ਰਿਪੋਰਟ ਦਰਜ ਕਰਵਾਉਣ ਲਈ ਕੁੜੀ ਨੂੰ ਸੁਣਨਾ ਪੈਂਦਾ ਹੈ ਕਿ ਔਰਤ ਨਾਲ ਮਾੜੀ ਮੋਟੀ ਜ਼ਿਆਦਤੀ ਤਾਂ ਹੋ ਹੀ ਜਾਂਦੀ ਹੈ, ਐਵੇਂ ਗੱਲ ਵਧਾਉਣੀ ਠੀਕ ਨਹੀਂ। ਇਹ ਮਰਦ ਪ੍ਰਧਾਨ ਸਮਾਜ ਦੀ ਮਾੜੀ ਮਾਨਸਿਕਤਾ ਹੀ ਬੋਲ ਰਹੀ ਹੁੰਦੀ ਹੈ ਜਿਹੜੀ ਔਰਤ ਨੂੰ ਜ਼ਿੰਦਗੀ ਦੇ ਹਰ ਮੋੜ, ਹਰ ਖਿੱਤੇ ਵਿੱਚ ਸਹਿਣੀ ਤੇ ਸੁਣਨੀ ਪੈਂਦੀ ਹੈ। ਅੱਜ ਦੇ ਤਕਨੀਕੀ ਯੁੱਗ ਵਿੱਚ ਵੀ ਮਰਦ ਇਹ ਸਹਿਣ ਨਹੀਂ ਕਰ ਸਕਿਆ ਕਿ ਔਰਤ ਉਸ ਦੇ ਬਰਾਬਰ ਆਣ ਖੜ੍ਹੀ ਹੋਵੇ। ਅਜੇ ਵੀ ਮਰਦ, ਔਰਤ ਦਾ ਮਾਲਕ ਬਣ ਕੇ ਹੀ ਰਹਿਣਾ ਚਾਹੁੰਦਾ ਹੈ, ਸਾਥੀ ਨਹੀਂ।

ਔਰਤ ਮਰਦ ਵਿਚਾਲੇ ਨਾਬਰਾਬਰੀ ਹੋਣ ਦੇ ਬਾਵਜੂਦ ਸਿੱਖਿਆ, ਸਿਹਤ, ਉਦਯੋਗ ਤੇ ਹੋਰ ਸੇਵਾਵਾਂ ਆਦਿ ਸਾਰੇ ਖੇਤਰਾਂ ਵਿੱਚ ਅੱਜ ਔਰਤ ਦੀ ਸ਼ਮੂਲੀਅਤ ਦਿਖਾਈ ਦਿੰਦੀ ਹੈ। ਔਰਤ ਹਰ ਖੇਤਰ ਵਿੱਚ ਆਪਣੀ ਕਾਬਲੀਅਤ ਤੇ ਵਧੀਆ ਕਾਰਗੁਜ਼ਾਰੀ ਦਾ ਪ੍ਰਦਰਸ਼ਨ ਵੀ ਕਰ ਰਹੀ ਹੈ। ਕੁੜੀਆਂ ਹਰ ਪ੍ਰਕਾਰ ਦੀਆਂ ਖੇਡਾਂ ਵਿੱਚ ਵੀ ਹਿੱਸਾ ਲੈ ਰਹੀਆਂ ਹਨ। ਪਹਿਲਾਂ ਕ੍ਰਿਕਟ, ਤਲਵਾਰਬਾਜ਼ੀ, ਪਹਿਲਵਾਨੀ ਆਦਿ ਵਿੱਚ ਕੁੜੀਆਂ ਘੱਟ ਹੀ ਨਜ਼ਰ ਆਉਂਦੀਆਂ ਸਨ। ਹੁਣ ਕੁੜੀਆਂ ਨਾ ਸਿਰਫ਼ ਹਰ ਖੇਡ ਵਿੱਚ ਭਾਗ ਲੈ ਰਹੀਆਂ ਹਨ ਸਗੋਂ ਨਵੇਂ ਰਿਕਾਰਡ ਵੀ ਸਿਰਜ ਰਹੀਆਂ ਹਨ। ਮੁਸ਼ਕਿਲ ਇਹ ਹੈ ਕਿ ਉਨ੍ਹਾਂ ਨੂੰ ਮਰਦ ਕੋਚਾਂ ਦੀਆਂ ਕੋਝੀਆਂ ਹਰਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਖੇਡਾਂ ਦੀ ਪ੍ਰੈਕਟਿਸ ਕਰਨ ਵਾਸਤੇ ਘਰ ਤੋਂ ਦੂਰ, ਦੂਸਰੀਆਂ ਥਾਵਾਂ ਉਪਰ ਮੈਚ ਖੇਡਣ, ਟਰਾਇਲ ਆਦਿ ਲਈ ਜਾਣਾ ਪੈਂਦਾ ਹੈ। ਉਹ ਆਪਣੇ ਕੋਚ/ਗੁਰੂ ਉਪਰ ਪਿਤਾ ਸਮਾਨ ਵਿਸ਼ਵਾਸ ਕਰ ਕੇ ਚਲੀਆਂ ਜਾਂਦੀਆਂ ਹਨ। ਮਾਪੇ ਵੀ ਇਸੇ ਵਿਸ਼ਵਾਸ ਤਹਿਤ ਉਨ੍ਹਾਂ ਨੂੰ ਭੇਜ ਦਿੰਦੇ ਹਨ। ਇਨ੍ਹਾਂ ਖਿਡਾਰਨਾਂ ਨੇ ਦੋਸ਼ ਲਗਾਇਆ ਕਿ ਬ੍ਰਿਜ ਭੂਸ਼ਣ ਨੇ ਇਸੇ ਹਾਲਾਤ ਦਾ ਫ਼ਾਇਦਾ ਉਠਾਇਆ ਤੇ ਸੱਤ ਤੋਂ ਵੀ ਵਧੇਰੇ ਲੜਕੀਆਂ ਦਾ ਜਿਨਸੀ ਸ਼ੋਸ਼ਣ ਕੀਤਾ। ਇਨ੍ਹਾਂ ਵਿੱਚੋਂ ਇੱਕ ਲੜਕੀ ਤਾਂ ਅਜੇ ਨਾਬਾਲਗ ਹੈ। ਇਹੋ ਜਿਹੇ ਵਰਤਾਰੇ ਦਾ ਨਾ ਸਿਰਫ਼ ਸਬੰਧਿਤ ਕੁੜੀਆਂ ਸੰਤਾਪ ਸਹਿੰਦੀਆਂ ਹਨ ਸਗੋਂ ਸਮੁੱਚੇ ਸਮਾਜ ਵਿੱਚ ਇਸ ਦਾ ਗ਼ਲਤ ਸੰਕੇਤ ਜਾਂਦਾ ਹੈ। ਸਾਧਾਰਨ ਘਰਾਂ ਦੇ ਮਾਪੇ ਆਪਣੀਆਂ ਧੀਆਂ ਨੂੰ ਬਾਹਰ ਭੇਜਣ ਤੋਂ ਗੁਰੇਜ਼ ਕਰਨ ਲੱਗਦੇ ਹਨ। ਕੁੜੀਆਂ ਦੇ ਮਨੋਬਲ ਨੂੰ ਠੇਸ ਪਹੁੰਚਦੀ ਹੈ। ਉਹ ਸੋਚਣ ਲਈ ਮਜਬੂਰ ਹੋ ਜਾਂਦੀਆਂ ਹਨ ਕਿ ਆਖ਼ਰ ਉਨ੍ਹਾਂ ਦਾ ਕਸੂਰ ਕੀ ਸੀ?

ਸੁਆਲ ਪੈਦਾ ਹੁੰਦਾ ਹੈ ਕਿ ਅਜਿਹੀ ਮਾਨਸਿਕਤਾ ਵਾਲਿਆਂ ਨੂੰ ਕੌਣ ਬਚਾ ਰਿਹਾ ਹੈ? ਇਸ ਪਿੱਛੇ ਮਕ਼ਸਦ ਕੀ ਹੈ? ਲੜਕੀਆਂ ਨੂੰ ਇਨਸਾਫ਼ ਕਿਉਂ ਨਹੀਂ ਮਿਲ ਰਿਹਾ? ਸਪਸ਼ਟ ਹੈ ਕਿ ਇਹੋ ਜਿਹੇ ਦਰਿੰਦਿਆਂ ਨੂੰ ਰਾਜਨੀਤਕ ਸ਼ਹਿ ਪ੍ਰਾਪਤ ਹੁੰਦੀ ਹੈ। ਆਪਣੀ ਪਾਰਟੀ ਦਾ ਅਕਸ ਖ਼ਰਾਬ ਹੋਣ ਤੋਂ ਬਚਾਉਣ ਲਈ ਪੀੜਤਾਂ ਨੂੰ ਕਈ ਪ੍ਰਕਾਰ ਦੇ ਲਾਲਚ (ਪੈਸਾ, ਪੁਜੀਸ਼ਨ, ਪਾਵਰ) ਆਦਿ ਦੇ ਕੇ ਭਰਮਾਉਣ ਜਾਂ ਮੂੰਹ ਬੰਦ ਰੱਖਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਲਾਲਚ ਦੇਣ ਵਾਲਾ ਖੇਡਿਆ ਪੱਤਾ ਬਾਜ਼ੀ ਜਿੱਤਣ ਵਿੱਚ ਅਸਫ਼ਲ ਹੋਣ 'ਤੇ ਧਮਕੀਆਂ ਦੇਣ ਦਾ ਦੌਰ ਚਲਦਾ ਹੈ। ਕਰੀਅਰ ਖ਼ਰਾਬ ਕਰਨ, ਜਾਨੋਂ ਮਾਰਨ, ਚਰਿੱਤਰਹੀਣ ਜਾਂ ਬਦਚਲਣ ਔਰਤ ਹੋਣ ਦਾ ਠੱਪਾ ਲਾਉਣ ਜਾਂ ਘਰ ਪਰਿਵਾਰ ਵਾਲਿਆਂ ਉਪਰ ਹਮਲਾ ਕਰਨ ਆਦਿ ਦੀ ਧਮਕੀ ਦਿੱਤੀ ਜਾਂਦੀ ਹੈ। ਕਦੇ ਰੋਸ ਪ੍ਰਗਟਾ ਰਹੀਆਂ ਪੀੜਤ ਕੁੜੀਆਂ ਉਪਰ ਹਮਲਾ ਕਰਵਾਇਆ ਜਾਂਦਾ ਹੈ। ਰਿਪੋਰਟਾਂ ਆ ਰਹੀਆਂ ਹਨ ਕਿ ਇਨ੍ਹਾਂ ਕੁਸ਼ਤੀ ਖਿਡਾਰਨਾਂ ਅਤੇ ਪੁਲਿਸ ਵਿਚਾਲੇ ਝੜਪ ਹੋਈ ਹੈ। ਉਨ੍ਹਾਂ ਵਿੱਚੋਂ ਕਈਆਂ ਦੇ ਗੰਭੀਰ ਸੱਟਾਂ ਵੀ ਲੱਗੀਆਂ ਹਨ। ਘਟਨਾ ਸਥਾਨ 'ਤੇ ਖ਼ਬਰ ਸਾਰ ਲੈਣ ਪਹੁੰਚੀ ਮਹਿਲਾ ਕਮਿਸ਼ਨ ਦੀ ਸੰਵਿਧਾਨਕ ਅਥਾਰਟੀ ਦੀ ਵੀ ਪੁਲੀਸ ਨੇ ਪਰਵਾਹ ਨਹੀਂ ਕੀਤੀ। ਅਸੀਂ ਸਾਰੇ ਭਲੀ-ਭਾਂਤ ਜਾਣਦੇ ਹਾਂ ਕਿ ਔਰਤ ਜੇਕਰ ਸਦੀਆਂ ਤੋਂ ਗ਼ੁਲਾਮ ਰਹੀ ਹੈ ਤਾਂ ਉਹੀ ਔਰਤ ਸਦੀਆਂ ਤੋਂ ਸੰਘਰਸ਼ ਵੀ ਕਰਦੀ ਆ ਰਹੀ ਹੈ। ਇਹ ਜੁਝਾਰੂ ਔਰਤਾਂ ਦੇ ਜੋਸ਼, ਸੂਝ-ਬੂਝ ਅਤੇ ਦ੍ਰਿੜ੍ਹ ਇਰਾਦਿਆਂ ਦਾ ਹੀ ਨਤੀਜਾ ਹੈ ਕਿ ਅੱਜ ਦੀ ਔਰਤ ਤਰੱਕੀ ਦੀਆਂ ਬੁਲੰਦੀਆਂ ਨੂੰ ਛੂਹਣ ਦੇ ਕਾਬਲ ਹੋ ਰਹੀ ਹੈ। ਉਹ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੋ ਰਹੀਆਂ ਹਨ ਅਤੇ ਉਨ੍ਹਾਂ ਨੂੰ ਆਪਣੀ ਸੰਵਿਧਾਨਕ ਨਿਆਂ ਪ੍ਰਣਾਲੀ ਵਿੱਚ ਪੂਰਨ ਵਿਸ਼ਵਾਸ ਹੈ ਕਿ ਇਸ ਕੇਸ ਵਿੱਚ ਵੀ ਉਨ੍ਹਾਂ ਨੂੰ ਨਿਆਂ/ਇਨਸਾਫ਼ ਮਿਲੇਗਾ।

ਇਹ ਆਪਣੇ ਆਪ ਵਿੱਚ ਕਿੰਨਾ ਘਿਣਾਉਣਾ ਵਰਤਾਰਾ ਹੈ; ਇੱਕ ਪਾਸੇ ਸ਼ੋਸ਼ਣ ਦਾ ਸ਼ਿਕਾਰ ਹੋਈਆਂ ਕੁੜੀਆਂ ਇਨਸਾਫ਼ ਦੀ ਮੰਗ ਕਰ ਰਹੀਆਂ ਹਨ ਤੇ ਮੁਲਜ਼ਮ ਉਪਰ ਗ੍ਰਿਫ਼ਤਾਰੀ ਆਦਿ ਵਰਗੀ ਕੋਈ ਕਾਰਵਾਈ ਨਹੀਂ ਹੋ ਰਹੀ। ਦੂਜੇ ਪਾਸੇ ਧਰਨੇ ਵਾਲੀ ਥਾਂ ਦੀ ਬਿਜਲੀ ਪਾਣੀ ਦੀ ਸਪਲਾਈ ਕੱਟ ਦੇਣਾ, ਭੋਜਨ ਪਹੁੰਚਾਉਣ ਵਾਲਿਆਂ ਨੂੰ ਰੋਕਣਾ, ਇਹ ਸਭ ਕੁਝ ਕਿਸ ਗੱਲ ਦਾ ਪ੍ਰਤੀਕ ਹੈ? ਭਾਰਤੀ ਓਲੰਪਿਕ ਐਸੋਸੀਏਸ਼ਨ ਦੀ ਮੁਖੀ ਪੀ.ਟੀ. ਊਸ਼ਾ ਨੇ ਚਾਹੇ ਪ੍ਰਦਰਸ਼ਨਕਾਰੀ ਪਹਿਲਵਾਨਾਂ ਨਾਲ ਬਾਅਦ ਵਿੱਚ ਮੁਲਾਕਾਤ ਕੀਤੀ, ਪਰ ਉਨ੍ਹਾਂ ਦੇ ਪ੍ਰਦਰਸ਼ਨ ਦੇ ਢੰਗ ਉੱਪਰ ਨਸੀਹਤ ਦੇ ਰੂਪ ਵਿੱਚ ਟਿੱਪਣੀ ਕਰਨ ਨੂੰ ਕਿਸੇ ਵੀ ਪ੍ਰਕਾਰ ਨਾਲ ਉਚਿਤ ਨਹੀਂ ਠਹਿਰਾਇਆ ਜਾ ਸਕਦਾ। ਜੇਕਰ ਆਪਣੇ ਹੱਕਾਂ ਦੀ ਪ੍ਰਾਪਤੀ ਵਾਸਤੇ ਸੜਕਾਂ 'ਤੇ ਬੈਠਣ ਨਾਲ ਦੇਸ਼ ਦਾ ਅਕਸ ਖ਼ਰਾਬ ਹੁੰਦਾ ਹੈ ਤਾਂ ਕੀ ਸੱਤਾ ਦੇ ਨਸ਼ੇ ਵਿੱਚ ਚੂਰ ਬਾਸ਼ਿੰਦਿਆਂ ਦਾ ਖਿਡਾਰਨਾਂ ਨਾਲ ਬਦਤਮੀਜ਼ੀ ਤੇ ਅਣਮਨੁੱਖੀ ਵਿਵਹਾਰ ਕਰਨਾ ਅਤੇ ਹਾਲਾਤ ਦਾ ਨਾਜਾਇਜ਼ ਫ਼ਾਇਦਾ ਉਠਾਉਣ ਨਾਲ ਦੇਸ਼ ਵਾਹ ਵਾਹ ਖੱਟਦਾ ਹੈ? ਜਾਂ ਫਿਰ ਦੇਸ਼ ਦਾ ਸਿਰ ਮਾਣ ਨਾਲ ਉੱਚਾ ਹੁੰਦਾ ਹੈ?

ਆਜ਼ਾਦੀ ਦੇ ਜਸ਼ਨ ਮਨਾਉਂਦਿਆਂ ਨਾਰੀ ਸ਼ਕਤੀਕਰਨ ਦੇ ਹੋਕੇ ਦੇਣਾ, ਉਨ੍ਹਾਂ ਪ੍ਰਤੀ ਬੋਲੀ ਜਾਂਦੀ ਭੱਦੀ ਭਾਸ਼ਾ ਨੂੰ ਸੁਧਾਰਨ ਦੀ ਅਪੀਲ ਕਰਨਾ, ਬੇਟੀ ਬਚਾਓ, ਬੇਟੀ ਪੜ੍ਹਾਓ ਆਦਿ ਸਭ ਕੁਝ ਵਿਅਰਥ ਹੈ ਜੇਕਰ ਬਲਾਤਕਾਰ ਤੇ ਜਿਨਸੀ ਸ਼ੋਸ਼ਣ ਦੇ ਦੋਸ਼ੀਆਂ ਨੂੰ ਬਣਦੀ ਸਜ਼ਾ ਹੀ ਨਹੀਂ ਮਿਲਣੀ। ਜਦੋਂ ਧੀਆਂ ਨੂੰ ਜ਼ਲੀਲ ਕੀਤਾ ਜਾਂਦਾ ਹੈ, ਇਨਸਾਫ਼ ਦੀ ਹਕੀਕੀ ਮੰਗ ਵਾਸਤੇ ਧੀਆਂ ਨੂੰ ਸੜਕਾਂ 'ਤੇ ਬੈਠਣ ਲਈ ਮਜਬੂਰ ਹੋਣਾ ਪੈਂਦਾ ਹੈ ਤਾਂ ਉਸ ਵੇਲੇ ਬੇਟੀ ਬਚਾਓ ਵਾਲੇ ਚੁੱਪ ਕਿਉਂ ਧਾਰੀ ਬੈਠੇ ਹਨ? ਕੀ ਇਨ੍ਹਾਂ ਹਾਲਾਤ ਵਿੱਚ ਬੇਟੀਆਂ ਬਚਣਗੀਆਂ? ਹਰਿਆਣਾ ਰਾਜ ਵਿੱਚ ਲਿੰਗ ਅਨੁਪਾਤ ਮੁੜ ਕੁੜੀਆਂ ਦੇ ਉਲਟ ਜਾਣ ਦਾ ਸਪੱਸ਼ਟ ਕਾਰਨ ਹੈ ਕਿ ਉਹ ਮਰਦ ਪ੍ਰਧਾਨ ਸਮਾਜ ਵਿੱਚ ਸੁਰੱਖਿਅਤ ਨਹੀਂ ਹਨ। ਇਸ ਪਿੱਤਰੀ ਸੱਤਾ ਵਾਲੇ ਸਮਾਜ ਵਿੱਚ ਮਰਦ ਔਰਤ ਦਾ ਦਰਜਾ ਬਰਾਬਰ ਨਹੀਂ ਹੈ।

ਅੱਜ ਵੀ ਔਰਤ ਪ੍ਰਤੀ ਮਾੜੀ ਸੋਚ ਭਾਰੂ ਹੈ। ਇਸ ਪ੍ਰਕਾਰ ਦੇ ਵਰਤਾਰੇ ਦਾ ਰਾਜਨੀਤਕ ਪਹਿਲੂ ਵੀ ਹੈ। ਹਾਕਮ ਜਮਾਤ ਸੱਤਾ ਦੇ ਨਸ਼ੇ ਵਿੱਚ ਇਸ ਹੱਦ ਤੱਕ ਚੂਰ ਹੈ ਕਿ ਤੁਸੀਂ ਉਸ ਵਿਰੁੱਧ ਆਵਾਜ਼ ਨਹੀਂ ਉਠਾ ਸਕਦੇ। ਉਹ ਆਵਾਜ਼ ਭਾਵੇਂ ਕਿਸੇ ਪੀੜਤ ਦੀ ਹੋਵੇ ਤੇ ਭਾਵੇਂ ਪੱਤਰਕਾਰ ਦੀ। ਇੱਥੋਂ ਤੱਕ ਕਿ ਵਿਰੋਧ ਪ੍ਰਦਰਸ਼ਨ ਕਰ ਰਹੀਆਂ ਕੁੜੀਆਂ ਦੀ ਹਮਾਇਤ ਵਿੱਚ ਆਉਣ ਵਾਲਿਆਂ ਨੂੰ ਵੀ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ।

ਹਾਕਮ ਸ਼ਾਇਦ ਦੋ ਸਾਲ ਪਹਿਲਾਂ ਸਫ਼ਲਤਾਪੂਰਵਕ ਚੱਲੇ ਕਿਸਾਨ ਅੰਦੋਲਨ ਨੂੰ ਭੁੱਲ ਗਏ ਹਨ ਜਿਹੜਾ ਸੂਖ਼ਮ ਪੱਧਰ 'ਤੇ ਇੱਕ ਪਿੰਡ ਤੋਂ ਸ਼ੁਰੂ ਹੋਇਆ ਤੇ ਸ਼ਹਿਰਾਂ, ਕਸਬਿਆਂ, ਸੂਬਿਆਂ ਨੂੰ ਕਲਾਵੇ ਵਿੱਚ ਲੈਂਦਾ ਹੋਇਆ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਹੱਦਾਂ ਨੂੰ ਵੀ ਪਾਰ ਕਰ ਗਿਆ ਸੀ।

ਅੰਤ ਹਕੂਮਤ ਨੂੰ ਜਨਤਕ ਰੋਹ ਅੱਗੇ ਗੋਡੇ ਟੇਕਣੇ ਪਏ ਸਨ। ਤੀਲ੍ਹਾ ਤੀਲ੍ਹਾ ਰਲ ਕੇ ਬਹੁਕਰ ਬਣਨ ਵਿੱਚ ਦੇਰ ਨਹੀਂ ਲੱਗਦੀ। ਜ਼ਰੂਰੀ ਹੈ ਕਿ ਸਿਰਫ਼ ਖੇਡ ਜਗਤ ਦੀਆਂ ਐਸੋਸੀਏਸ਼ਨਾਂ ਹੀ ਆਪਣੇ ਖਿਡਾਰੀਆਂ ਸਮੇਤ ਇਸ ਵਿਰੋਧ ਪ੍ਰਦਰਸ਼ਨ ਵਿਚ ਸ਼ਾਮਿਲ ਨਾ ਹੋਣ ਸਗੋਂ ਸਾਰੀਆਂ ਸਰਕਾਰੀ, ਗੈਰ ਸਰਕਾਰੀ ਸੰਸਥਾਵਾਂ ਵਿੱਚ ਕੰਮ ਕਰਦੇ ਇਨਸਾਫ਼ਪਸੰਦ ਲੋਕ ਅਤੇ ਜਥੇਬੰਦੀਆਂ ਦੇ ਕਾਰਕੁਨ ਇਕੱਠੇ ਹੋਣ ਇਸ ਮਾਮਲੇ ਵਿੱਚ ਇਨਸਾਫ਼ ਮਿਲਣਾ ਯਕੀਨੀ ਬਣਾਉਣ। ਇਨ੍ਹਾਂ ਮਾਣਮੱਤੀਆਂ ਕੁਸ਼ਤੀ ਖਿਡਾਰਨਾਂ ਨਾਲ ਚੇਤੰਨ ਵਰਗ ਦਾ ਹਰ ਵਿਅਕਤੀ ਖੜ੍ਹਾ ਹੈ ਅਤੇ ਔਰਤਾਂ ਪ੍ਰਤੀ ਇਸ ਵਰਤਾਰੇ ਦਾ ਪੁਰਜ਼ੋਰ ਵਿਰੋਧ ਕਰਦਾ ਹੈ। ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਇਹ ਸਾਡੀਆਂ ਧੀਆਂ-ਭੈਣਾਂ ਹਨ ਅਤੇ ਔਰਤਾਂ ਵਿਰੁੱਧ ਹੋ ਰਹੇ ਹਰ ਪ੍ਰਕਾਰ ਦੇ ਵਿਤਕਰੇ, ਜ਼ੁਲਮ ਅਤੇ ਹਿੰਸਾ ਦਾ ਜੜ੍ਹੋਂ ਖ਼ਾਤਮਾ ਕਰਨ ਲਈ ਸੰਘਰਸ਼ ਜਾਰੀ ਰਹੇਗਾ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# ਅਮਰੀਕਾ ਦੀ ਯੂਨੀਵਰਸਿਟੀ ਵਿੱਚ ਮਨਾਈ ਗਈ ਵਿਸਾਖੀ, ਸਜਾਈਆਂ ਗਈਆਂ ਦਸਤਾਰਾਂ

## ਯੁਨੀਵਰਸਿਟੀ ਵਿਖੇ "ਬਰਥ ਆਫ ਖਾਲਸਾ ਐਂਡ ਹਾਰਵੈਸਟ ਫੈਸਟੀਵਲ, ਵਿਸਾਖੀ" ਪ੍ਰੋਗਰਾਮ ਦਾ ਆਯੋਜਨ

**ਸੈਕਰਾਮੈਂਟੋ, ਕੈਲੀਫੋਰਨੀਆ–** ਖਾਲਸਾ ਸਾਜਨਾ ਦਿਵਸ ਅਤੇ ਵਾਢੀ ਦੇ ਤਿਉਹਾਰ (ਹਾਰਵੈਸਟ ਫੈਸਟੀਵਲ) ਨੂੰ ਸਮਰਪਿਤ ਵਿਸਾਖੀ ਅਮਰੀਕਾ ਦੇ ਓਹਾਈਓ ਸੂਬੇ ਦੇ ਸ਼ਹਿਰ ਡੇਟਨ ਸਥਿਤ ਰਾਈਟ ਸਟੇਟ ਯੁਨੀਵਰਸਟੀ ਵਿਖੇ ਮਨਾਈ ਗਈ। ਇਹ ਪ੍ਰੋਗਰਾਮ ਯੁਨੀਵਰਸਿਟੀ ਦੇ ਮੌਜੂਦਾ ਅਤੇ ਸਾਬਕਾ ਸਿੱਖ ਵਿਦਿਆਰਥੀਆਂ, ਏਸ਼ੀਅਨ ਸਟੂਡੈਂਟ ਐਸੋਸੀਏਸ਼ਨ (ਏਐਸਏ), ਯੂਨੀਵਰਸਿਟੀ ਸੈਂਟਰ ਆਫ ਇੰਟਰਨੈਸ਼ਨਲ ਐਜੂਕੇਸ਼ਨ (ਯੂਸੀਆਈਈ) ਅਤੇ ਸਿੱਖ ਸੋਸਾਇਟੀ ਆਫ ਡੇਟਨ ਦੇ ਸਹਿਯੋਗ ਨਾਲ ਕਰਵਾਇਆ ਗਿਆ ਸੀ। ਇਸ ਮੌਕੇ ਗੁਰੂ ਸਾਹਿਬਾਨ ਦੀਆਂ ਸਿਖਿਆਵਾਂ, ਸਿੱਖ ਇਤਿਹਾਸ, ਸਿੱਖ ਸਮਾਜ ਵਿਚ ਔਰਤ ਦਾ ਸਥਾਨ, ਸੇਵਾ ਦਾ ਸੰਕਲਪ, ਵਿਆਹ ਸ਼ਾਦੀ ਤੇ ਤਿਉਹਾਰਾਂ ਨੂੰ ਦਰਸਾਉਂਦੀ ਹੋਈ ਇਕ ਪ੍ਰਦਰਸ਼ਨੀ ਲਗਾਈ ਗਈ। ਇਸ ਵਿਚ ਤਸਵੀਰਾਂ ਤੇ ਪੋਸਟਰਾਂ ਤੋਂ ਇਲਾਵਾ ਸਿੱਖ ਇਤਿਹਾਸ ਅਤੇ ਵਿਰਸੇ ਨਾਲ ਸੰਬੰਧਤ ਪੁਸਤਕਾਂ, ਕੜੇ, ਹਰਮੋਨੀਅਮ, ਰਬਾਬ ਆਦਿ ਦੀ ਵੀ ਨੁਮਾਇਸ਼ ਕੀਤੀ ਗਈ। ਦਰਸ਼ਕਾਂ ਨੇ ਭਾਈ ਘਨੱਈਆ, ਸਿੱਖ ਯੋਧਿਆਂ ਅਤੇ ਪਗੜੀਆਂ ਦੇ ਵਿਭਿੰਨ ਸਰੂਪਾਂ ਦੀਆਂ ਤਸਵੀਰਾਂ ਨੂੰ ਸਭ ਤੋਂ ਜਿਆਦਾ ਪਸੰਦ ਕੀਤਾ।




ਸਮਾਗਮ ਦਾ ਇੱਕ ਹੋਰ ਮੁੱਖ ਆਕਰਸ਼ਨ ਮਹਿਮਾਨਾਂ ਲਈ ਦਸਤਾਰ ਸਜਾਉਣ ਦਾ ਸੈਸ਼ਨ ਸੀ। ਵੱਡੀ ਗਿਣਤੀ ਵਿੱਚ ਮਹਿਮਾਨਾਂ ਨੇ ਦਸਤਾਰ ਬੰਨਣ ਦਾ ਅਨੁਭਵ ਕੀਤਾ। ਉਹਨਾਂ ਨੂੰ ਸਿੱਖ ਵਿਦਿਆਰਥੀਆਂ ਅਤੇ ਡੇਟਨ ਦੇ ਸਿੱਖ ਭਾਈਚਾਰੇ ਦੇ ਮੈਂਬਰਾਂ ਨਾ ਲ ਗੱਲਬਾਤ ਕਰਨ ਦਾ ਮੌਕਾ ਵੀ ਮਿਲਿਆ। ਦਸਤਾਰ ਸਜਾਉਣ ਤੋਂ ਬਾਅਦ ਵਿਦਿਆਰਥੀ ਬਹੁਤ ਹੀ ਮਾਨ ਮਹਿਸੂਸ ਕਰ ਰਹੇ ਸਨ ਅਤੇ ਯੂਨੀਵਰਸਿਟੀ ਵਿੱਚ ਦਸਤਾਰ ਸਜਾ ਕੇ ਘੁੰਮਦੇ ਰਹੇ। ਉਹਨਾਂ ਇਸ ਦੀ ਮਹੱਤਤਾ, ਵੱਖ-ਵੱਖ ਰੰਗਾਂ ਅਤੇ ਦਸਤਾਰ ਬੰਨਣ ਦੇ ਵੱਖ-ਵੱਖ ਸਟਾਈਲ ਆਦਿ ਬਾਰੇ ਕਈ ਦਿਲਚਸਪ ਸਵਾਲ ਵੀ ਪੁੱਛੇ।

ਸਮਾਗਮ ਦੇ ਮੁੱਖ ਬੁਲਾਰੇ ਅਸੀਸ ਕੌਰ ਨੇ ਸਿੱਖ ਧਰਮ, ਵਿਸਾਖੀ ਦੀ ਮਹੱਤਤਾ ਅਤੇ ਖਾਲਸੇ ਦੇ ਸਾਜਨਾ ਸੰਬੰਧੀ ਸੰਖੇਪ ਵਿੱਚ ਆਏ ਹੋਏ ਮਹਿਮਾਨਾਂ ਨਾਲ ਜਾਣਕਾਰੀ ਸਾਂਝੀ ਕੀਤੀ। ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ, ਕਮਿਊਨਿਟੀ ਕਾਰਕੂਨ, ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਇਸ ਸਮਾਗਮ ਦਾ ਉਦੇਸ਼ ਵਿਦਿਆਰਥੀਆਂ, ਅਧਿਆਪਕਾਂ ਅਤੇ ਹੋਰਨਾਂ ਆਏ ਹੋਏ ਮਹਿਮਾਨਾਂ ਨੂੰ ਸਿੱਖਾਂ ਬਾਰੇ ਜਾਣਕਾਰੀ ਅਤੇ ਸਿੱਖ ਸਭਿਆਚਾਰ ਦੇ ਗੋਰਵ ਮਈ ਵਿਰਸੇ ਤੋਂ ਜਾਣੂ ਕਰਾਉਣਾ ਸੀ।

ਏਐਸਏ ਦੇ ਪ੍ਰਧਾਨ ਰਿਆਨ ਡਿਆਜ਼ ਅਤੇ ਯੁਸੀਆਈਈ ਦੇ ਪ੍ਰੋਗਰਾਮ ਕੋਆਰਡੀਨੇਟਰ ਜੇਸੀ ਮਾਕੋਵਸਕੀ, ਨੇ ਇਸ ਸਮਾਗਮ ਦੇ ਆਯੋਜਨ 'ਤੇ ਪ੍ਰਸ਼ੰਸਾ ਪ੍ਰਗਟ ਕਰਦਿਆਂ ਕਿਹਾ ਕਿ ਇਸ ਸਮਾਗਮ ਨੇ ਯੁਨੀਵਰਸਿਟੀ ਦੇ ਭਾਈਚਾਰੇ ਨੂੰ ਸਿੱਖ ਧਰਮ ਬਾਰੇ ਡੂੰਘੀ ਸਮਝ ਪ੍ਰਾਪਤ ਕਰਨ ਅਤੇ ਸਾਡੇ ਅਮਰੀਕਾ ਦੇ ਵੱਖਵੱਖ ਭਾਈਚਾਰਿਆਂ ਦੀ ਸੱਭਿਆਚਾਰਕ ਅਮੀਰੀ ਨੂੰ ਯਾਦ ਕਰਨ ਦਾ ਮੌਕਾ ਪ੍ਰ ਦਾਨ ਕੀਤਾ। ਇਸ ਪ੍ਰੋਗਰਾਮ ਨੂੰ ਆਯੋਜਤ ਕਰਨ ਵਿੱਚ ਮੁੱਖ ਭੁਮਿਕਾ ਨਿਭਾਉਣ ਵਾਲੇ ਵਿਦਿਆਰਥੀ ਹਰਸ਼ਦੀਪ ਸਿੰਘ ਅਤੇ ਹਰਰੂਪ ਸਿੰਘ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆ ਆਖਿਆ।

ਅਮਰੀਕਾ ਦੀ ਫੌਜ ਵਿੱਚ ਭਰਤੀ ਹੋਣ ਵਾਲੇ ਯੁਨੀਵਰਸਿਟੀ ਦੇ ਵਿਦਿਆਰਥੀ ਗੁਰਵੀਰ ਸਿੰਘ ਨੇ ਕੇਸ ਅਤੇ ਦਸਤਾਰ ਸਜਾ ਕੇ ਆਪਣੇ ਧਰਮ ਅਤੇ ਦੇਸ਼ ਦੋਵਾਂ ਦੀ ਸੇਵਾ ਕਰਨ ਲਈ ਅਮਰੀਕਾ ਦਾ ਧੰਨਵਾਦ ਕੀਤਾ।

ਸਿੱਖ ਸੁਸਾਇਟੀ ਆਫ ਡੇਟਨ ਸੇਵਾਦਾਰ ਕਮੇਟੀ ਦੇ ਸਕੱਤਰ ਪਿਆਰਾ ਸਿੰਘ ਸੈਂਭੀ ਨੇ ਸਿੱਖ ਵਿਦਿਆਰਥੀਆਂ ਨੂੰ ਇਸ ਸਮਾਗਮ ਦੀ ਮੇਜ਼ਬਾਨੀ ਲਈ ਵਧਾਈ ਦਿੱਤੀ ਅਤੇ ਆਏ ਹੋਏ ਮਹਿਮਾਨਾਂ ਨੂੰ ਡੇਟਨ ਗੁਰਦੁਆਰਾ ਸਾਹਿਬ ਵਿਖੇ ਆਉਣ ਦਾ ਸੱਦਾ ਦਿੱਤਾ।

# ਭਾਰਤੀ-ਅਮਰੀਕੀ ਸਿੱਖ ਵਿਦਿਆਰਥੀ ਨੇ ਮਾਣਹਾਨੀ ਦਾ ਕੇਸ ਜਿੱਤਿਆ

**ਸੈਕਰਾਮੈਂਟੋ, ਕੈਲੀਫੋਰਨੀਆ–** ਯੁਨੀਵਰਸਿਟੀ ਆਫ ਮਿਸ਼ੀਗਨ ਦੇ ਵਿਦਿਆਰਥੀ ਇਕ ਸਿੱਖ ਵਿਦਿਆਰਥੀ ਵੱਲੋਂ ਟੈਲਸਾ ਦੇ ਸੀ ਈ ਓ ਐਲਨ ਮਸਕ ਵਿਰੁੱਧ ਦਾਇਰ ਮਾਣਹਾਨੀ ਦਾ ਕੇਸ ਜਿੱਤ ਲੈਣ ਦੀ ਖਬਰ ਹੈ। ਉੱਤਰੀ ਕੈਲੀਫੋਰਨੀਆ ਵਾਸੀ ਰਣਦੀਪ ਸਿੰਘ ਹੋਤੀ ਯੁਨੀਵਰਸਿਟੀ ਵਿਚ ਏਸ਼ੀਅਨ ਭਾਸ਼ਾਵਾਂ ਤੇ ਸਭਿਆਚਾਰ ਵਿਚ ਡਾਕਟਰੇਟ ਕਰ ਰਿਹਾ ਹੈ। ਉਸ ਨੇ ਮਸਕ ਵਿਰੁੱਧ 2020 ਵਿਚ ਮਾਣਹਾਨੀ ਕੇਸ ਦਾਇਰ ਕੀਤਾ ਸੀ ਜਿਸ ਵਿਚ ਉਸ ਨੇ ਦੋਸ਼ ਲਾਇਆ ਸੀ ਕਿ ਅਰਬਪਤੀ ਮਸਕ ਨੇ



ਉਸ ਉਪਰ ਤੰਗ-ਪ੍ਰੇਸ਼ਾਨ ਕਰਨ ਤੇ ਟੈਲਸਾ ਮੁਲਾਜ਼ਮਾਂ ਦੀ ਸੰਭਾਵੀ ਹੱਤਿਆ ਕਰਨ ਦੇ ਝੂਠੇ ਦੋਸ਼ ਲਾਏ ਹਨ। ਲੰਬੀ ਤੇ ਗੁੰਝਲਦਾਰ ਕਾਨੂੰਨੀ ਲੜਾਈ ਤੋਂ ਬਾਅਦ ਆਖਰਕਾਰ ਮਸਕ ਮਾਮਲਾ ਨਿਪਟਾਉਣ ਲਈ ਸਹਿਮਤ ਹੋ ਗਿਆ। ਉਸ ਨੇ ਮਾਮਲਾ ਨਿਪਟਾਉਣ ਲਈ 10000 ਡਾਲਰ ਦੇਣ ਦੀ ਪੇਸ਼ਕਸ਼ ਕੀਤੀ ਜੋ ਰਣਦੀਪ ਹੋਤੀ ਨੇ ਪ੍ਰਵਾਨ ਕਰ ਲਈ। ਰਣਦੀਪ ਹੋਤੀ ਇਕ ਬਿਆਨ ਵਿਚ ਕਿਹਾ ਹੈ ਕਿ ਇਹ ਮਾਮਲਾ ਪ੍ਰਸਿੱਧੀ ਖੱਟਣ ਜਾਂ ਪੈਸੇ ਲਈ ਨਹੀਂ ਸੀ ਕੀਤਾ ਗਿਆ ਬਲਕਿ ਆਪਣੇ ਆਪ ਨੂੰ ਸਹੀ ਸਾਬਤ ਕਰਨ ਦੀ ਲੜਾਈ ਸੀ।

# ਓਕਲਾਹੋਮਾ ਵਿਚ ਸੈਕਸ ਮਾਮਲੇ ਵਿਚ ਦੋਸ਼ੀ ਕਰਾਰ ਦਿੱਤੇ ਵਿਅਕਤੀ ਨੇ ਆਪਣੀ ਪਤਨੀ ਤੇ 3 ਬੱਚਿਆਂ ਨੂੰ ਮਾਰਨ ਉਪਰੰਤ ਕੀਤੀ ਆਤਮਹੱਤਿਆ

**ਸੈਕਰਾਮੈਂਟੋ, ਕੈਲੀਫੋਰਨੀਆ–** ਪੁਲਿਸ ਨੇ ਬੀਤੇ ਦਿਨ ਓਕਲਾਹੋਮਾ ਦੇ ਹੈਨਰੀਏਟਾ ਸ਼ਹਿਰ ਦੇ ਇਕ ਘਰ ਵਿਚ ਮਿਲੀਆਂ 7 ਲਾਸ਼ਾਂ ਬਾਰੇ ਸਪੱਸ਼ਟ ਕੀਤਾ ਹੈ ਕਿ ਇਹ ਲਾਸ਼ਾਂ ਇਕ ਸੈਕਸ ਮਾਮਲੇ ਵਿਚ ਦੋਸ਼ੀ ਕਰਾਰ ਦਿੱਤੇ ਜੈਸ ਮੈਕਫਾਡਨ , ਉਸ ਦੀ ਪਤਨੀ, ਉਸ ਦੇ 3 ਬੱਚਿਆਂ ਤੇ ਦੋ ਨਬਾਲਗ ਕੁੜੀਆਂ ਦੀਆਂ ਹਨ। ਪੁਲਿਸ ਅਨੁਸਾਰ ਮੈਕਫਾਡਨ ਨੇ ਆਪਣੀ ਪਤਨੀ, ਉਸ ਦੇ 3 ਬੱਚਿਆਂ ਤੇ 2 ਨਬਾਲਗ ਕੁੜੀਆਂ ਦੀਆਂ ਹੱਤਿਆਵਾਂ ਕਰਨ ਉਪਰੰਤ ਆਪਣੇ ਆਪ ਨੂੰ ਗੋਲੀ ਮਾਰ ਕੇ ਖੁਦਕੁੱਸ਼ੀ ਕੀਤੀ ਹੈ। ਮ੍ਰਿਤਕਾਂ ਵਿਚ ਮੈਕਫਾਡਨ ਤੋਂ ਇਲਾਵਾ ਹੋਲੀ ਮੈਕਫਾਡਨ (35), ਰੀਲੀ ਐਲਨ (17), ਮਾਈਕਲ ਮੇਯੋ (15) ਟਿਫਨੀ ਗੈਸ (13), ਈਵੀ ਵੈਬਸਟਰ (14) ਤੇ ਬ੍ਰਿਟਨੀ ਬਰੀਵਰ (16) ਸ਼ਾਮਿਲ ਹਨ। ਈਵੀ ਵੈਬਸਟਰ ਤੇ ਬ੍ਰਿਟਨੀ ਬਰੀਵਰ ਸੋਮਵਾਰ ਤੋਂ ਲਾਪਤਾ ਸਨ । ਓਕਮੁਗਲੀ ਪੁਲਿਸ ਮੁਖੀ ਜੋਇ ਪ੍ਰੈਨਟਿਸ ਅਨੁਸਾਰ ਇਹ ਦੋਨੋਂ ਕੁੜੀਆਂ ਟਿਫਨੀ ਗੈਸ ਦੀਆਂ ਦੋਸਤ ਸਨ। ਘਰ ਨਾ ਪਹੁੰਚਣ ਕਾਰਨ ਸੋਮਵਾਰ ਨੂੰ ਇਨਾਂ ਦੇ ਲਾਪਤਾ ਹੋਣ ਦੀ ਰਿਪੋਰਟ ਲਿਖਾਈ ਗਈ ਸੀ।

# ਅਮਰੀਕਾ ਦੇ ਟੈਕਸਾਸ ਰਾਜ ਵਿਚ ਇਕ ਮਾਲ ਵਿੱਚ ਹੋਈ ਗੋਲੀਬਾਰੀ ਵਿਚ 8 ਮੌਤਾਂ, 7 ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਟੈਕਸਾਸ ਰਾਜ ਵਿਚ ਡਲਾਸ ਨੇੜੇ ਏਲਨ ਵਿਖੇ ਇਕ ਆਊਟਲੈਟ ਮਾਲ ਵਿਚ ਅਣਪਛਾਤੇ ਹਮਲਾਵਰ ਵੱਲੋਂ ਕੀਤੀ ਅੰਧਾਧੁੰਦ ਗੋਲੀਬਾਰੀ ਵਿਚ 8 ਵਿਅਕਤੀਆਂ ਦੀ ਮੌਤ ਹੋ ਗਈ ਤੇ 7 ਹੋਰ ਜ਼ਖਮੀ ਹੋ ਗਏ। ਪੁਲਿਸ ਅਨੁਸਾਰ ਹਮਲਾਵਰ ਇਕੱਲਾ ਹੀ ਸੀ ਤੇ ਉਹ ਵੀ ਜਵਾਬੀ ਕਾਰਵਾਈ ਵਿਚ ਮਾਰਿਆ ਗਿਆ। ਏਲਨ, ਟੈਕਸਾਸ ਦੇ ਫਾਇਰ ਚੀਫ ਜੋਨਾਥਨ ਬਾਇਡ ਨੇ ਕਿਹਾ ਹੈ ਕਿ 9 ਲੋਕਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਸੀ ਜਿਨਾਂ ਵਿਚੋਂ 2 ਦਮ ਤੋੜ ਗਏ ਜਦ ਕਿ 3 ਦੀ ਹਾਲਤ ਗੰਭੀਰ ਹੈ ਤੇ 4 ਸਥਿਰ ਹਾਲਤ ਵਿਚ ਹਨ। 6 ਵਿਅਕਤੀਆਂ ਦੀ ਮੌਤ ਮੌਕੇ ਉਪਰ ਹੀ ਹੋ ਗਈ ਸੀ। ਡਲਾਸ ਖੇਤਰ ਦੇ ਇਕ ਮੈਡੀਕਲ ਗਰੁੱਪ ਅਨੁਸਾਰ ਹੋਰਨਾਂ ਤੋਂ ਇਲਾਵਾ ਉਨਾਂ ਦੇ ਇਲਾਜ਼ ਅਧੀਨ ਸਭ ਤੋਂ




ਛੋਟੀ ਉਮਰ ਦਾ ਇਕ 5 ਸਾਲ ਦਾ ਬੱਚਾ ਵੀ ਸ਼ਾਮਿਲ ਹੈ। ਪੁਲਿਸ ਅਫਸਰ ਦੁਪਹਿਰ ਬਾਅਦ ਗੋਲੀਬਾਰੀ ਦੀ ਸੂਚਨਾ ਮਿਲਣ 'ਤੇ ਏਲਨ ਪ੍ਰੀਮੀਅਮ ਆਊਟਲੈਟਸ ਵਿਖੇ ਪੁੱਜੇ ਜਿਥੇ ਅਫਰਾਤਫਰੀ ਦਾ ਮਾਹੌਲ ਸੀ। ਗਾਹਕ ਤੇ ਮਾਲ ਦੇ ਵਰਕਰ ਆਪਣੀਆਂ ਜਾਨਾਂ ਬਚਾਉਣ ਲਈ ਇਧਰ ਉਧਰ ਭੱਜ ਰਹੇ ਸਨ। ਲੋਕਾਂ ਨੂੰ ਜਿਥੇ ਥਾਂ ਮਿਲੀ ਉਥੇ ਹੀ ਸਹਿਮੀ ਹਾਲਤ ਵਿਚ ਲੁਕ ਗਏ। ਪੁਲਿਸ ਦਾ ਕਹਿਣਾ ਹੈ ਕਿ ਹਮਲਾਵਰ ਇਕੱਲਾ ਹੀ ਸੀ ਜਿਸ ਨੂੰ ਏਲਨ ਪੁਲਿਸ ਵਿਭਾਗ ਦੇ ਇਕ ਅਫਸਰ ਨੇ ਮਾਰ ਮੁਕਾਇਆ। ਮਾਲ ਨੂੰ ਖਾਲੀ ਕਰਵਾ ਲਿਆ ਗਿਆ ਹੈ ਤੇ ਫਿਲਹਾਲ ਉਸ ਨੂੰ ਬੰਦ ਕਰ ਦਿੱਤਾ ਗਿਆ ਹੈ। ਪੁਲਿਸ ਨੇ ਅਜੇ ਤੱਕ ਮਾਰੇ ਗਏ ਲੋਕਾਂ ਦੇ ਨਾਂ ਜਨਤਕ ਨਹੀਂ ਕੀਤੇ ਹਨ ਤੇ ਨਾ ਹੀ ਅਜੇ ਤੱਕ ਸ਼ੱਕੀ ਹਮਲਾਵਰ ਦੀ ਪਛਾਣ ਹੋਈ ਹੈ।

# ਅਮਰੀਕੀ ਰਾਸ਼ਟਰਪਤੀ ਵਲੋਂ ਭਾਰਤੀ ਅਮਰੀਕੀ ਨੀਰਾ ਟੰਡਨ ਆਪਣੀ ਸਲਾਹਕਾਰ ਵਜੋਂ ਨਾਮਜ਼ਦ



**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਰਾਸ਼ਟਰਪਤੀ ਜੋ ਬਾਇਡਨ ਨੇ ਭਾਰਤੀ ਮੂਲ ਦੀ ਅਮਰੀਕੀ ਨਾਗਰਕ ਨੀਰਾ ਟੰਡਨ ਨੂੰ ਘਰੇਲੂ ਨੀਤੀ ਸਲਾਹਕਾਰ ਵਜੋਂ ਨਾਮਜ਼ਦ ਕੀਤਾ ਹੈ ਜੋ ਰਾਸ਼ਟਰਪਤੀ ਦੀ ਦੇਸ਼ ਵਿਚ ਨੀਤੀ ਏਜੰਡਾ ਤਿਆਰ ਤੇ ਲਾਗੂ ਕਰਨ ਵਿਚ ਮਦਦ ਕਰੇਗੀ। ਟੰਡਨ ਸੁਸਾਨ ਰਾਈਸ ਦਾ ਸਥਾਨ ਲਵੇਗੀ ਜੋ ਇਹ ਅਹੁੱਦਾ ਛੱਡ ਗਈ ਹੈ। ਰਾਸ਼ਟਰਪਤੀ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਮੈਨੂੰ ਇਹ ਐਲਾਨ ਕਰਦਿਆਂ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਮੇਰੀ ਘਰੇਲੂ ਨੀਤੀ ਤਿਆਰ ਤੇ ਉਸ ਉਪਰ ਅਮਲ ਕਰਨ ਵਿੱਚ ਟੰਡਨ ਸਹਾਇਤਾ ਕਰੇਗੀ। ਉਨਾਂ ਕਿਹਾ ਹੈ ਕਿ ਟੰਡਨ ਨੂੰ ਜਨਤਿਕ ਨੀਤੀ ਸਬੰਧੀ 25 ਸਾਲ ਦਾ ਤਜ਼ਰਬਾ ਹੈ ਤੇ ਉਸ ਨੇ 3 ਰਾਸ਼ਟਰਪਤੀਆਂ ਨਾਲ ਕੰਮ ਕੀਤਾ ਹੈ।

# ਅਮਰੀਕਾ ਦੇ ਟੈਕਸਾਸ ਰਾਜ ਵਿਚ ਕਾਰ ਲੋਕਾਂ ਉਪਰ ਚੜੀ, 7 ਮੌਤਾਂ, ਡਰਾਈਵਰ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਟੈਕਸਾਸ ਰਾਜ ਵਿਚ ਬਰਾਊਨਸਵਿਲੇ ਵਿਖੇ ਇਕ ਤੇਜ ਰਫਤਾਰ ਐਸ ਯੂ ਵੀ ਕਾਰ ਪ੍ਰਵਾਸੀਆਂ ਦੀ ਰਿਹਾਇਸ਼ ਦੇ ਨੇੜੇ ਬੱਸ ਸਟਾਪ 'ਤੇ ਖੜੇ ਲੋਕਾਂ ਵਿਚ ਜਾ ਵੱਜੀ ਜਿਸੇ ਦੇ ਸਿੱਟੇ ਵਜੋਂ 7 ਲੋਕਾਂ ਦੀ ਮੌਤ ਹੋ ਗਈ।

ਬਰਾਊਨਸਵਿਲੇ ਪੁਲਿਸ ਦੇ ਜਾਂਚਕਾਰ ਮਾਰਟਿਨ ਸੈਂਡੋਵਲ ਨੇ ਕਿਹਾ ਹੈ ਕਿ ਇਹ ਹਾਦਸਾ ਸਵੇਰੇ 8.30 ਵਜੇ ਵਾਪਰਿਆ। ਉਨਾਂ ਕਿਹਾ ਕਿ ਇਹ ਮਹਿਜ ਇਕ ਹਾਦਸਾ ਹੈ ਜਾਂ ਜਾਣਬੁਝ ਕੇ ਕੀਤਾ ਗਿਆ ਹਾਦਸਾ ਹੈ, ਇਸ ਬਾਰੇ ਜਾਂਚ ਕੀਤੀ ਜਾ ਰਹੀ




ਹੈ। ਉਨਾਂ ਕਿਹਾ ਕਿ 3 ਗੱਲਾਂ ਹੋ ਸਕਦੀਆਂ ਹਨ। ਪਹਿਲਾ ਡਰਾਈਵਰ ਨਸ਼ੇ ਵਿਚ ਹੋ ਸਕਦਾ ਹੈ, ਦੂਸਰਾ ਅਚਾਨਕ ਵਾਪਰਿਆ ਹਾਦਸਾ ਹੋ ਸਕਦਾ ਜਾਂ ਫਿਰ ਗਿਣੀਮਿੱਥੀ ਯੋਜਨਾ ਤਹਿਤ ਇਹ ਹਾਦਸਾ ਕੀਤਾ ਗਿਆ ਹੈ। ਉਨਾਂ ਕਿਹਾ ਹੈ ਕਿ ਡਰਾਈਵਰ ਨੂੰ ਲਾਪਰਵਾਹੀ ਨਾਲ ਗੱਡੀ ਚਲਾਉਣ ਦੇ ਦੋਸ਼ ਤਹਿਤ ਗ੍ਰਿਫਤਾਰ ਕਰ ਲਿਆ ਗਿਆ ਹੈ ਤੇ ਉਸ ਵਿਰੁੱਧ ਹੋਰ ਦੋਸ਼ ਵੀ ਆਇਦ ਹੋਣ ਦੀ ਸੰਭਾਵਨਾ ਹੈ। ਡਰਾਈਵਰ ਕਾਰ ਵਿਚ ਇਕੱਲਾ ਹੀ ਸੀ ਜੋ ਇਸ ਸਮੇ ਜਖਮੀ ਹਾਲਤ ਵਿਚ ਇਲਾਜ਼ ਅਧੀਨ ਹੈ। ਪੁਲਿਸ ਨੇ ਡਰਾਈਵਰ ਦਾ ਨਾਂ ਜਨਤਿਕ ਨਹੀਂ ਕੀਤਾ ਹੈ।

# ਅਮਰੀਕਾ 'ਚ ਭਾਰਤੀ ਕੰਪਨੀਆਂ ਨੇ 40 ਬਿਲੀਅਨ ਡਾਲਰ ਦਾ ਕੀਤਾ ਨਿਵੇਸ਼

**ਵਾਸ਼ਿੰਗਟਨ–** ਇਕ ਸਰਵੇਖਣ 'ਚ ਸਾਹਮਣੇ ਆਇਆ ਹੈ ਕਿ ਅਮਕੀਤਾ 'ਚ ਭਾਰਤ ਦੀਆਂ 163 ਭਾਰਤੀ ਕੰਪਨੀਆਂ ਨੇ ਹੁਣ ਤੱਕ 40 ਬਿਲੀਅਨ ਡਾਲਰ ਤੋਂ ਵੱਧ ਦਾ ਨਿਵੇਸ਼ ਕੀਤਾ ਹੈ, ਜਿਸ ਨਾਲ ਦੇਸ਼ ਵਿਚ ਲਗਭਗ 4,25,000 ਨੌਕਰੀਆਂ ਪੈਦਾ ਹੋਈਆਂ ਹਨ। ਭਾਰਤੀ ਉਦਯੋਗ ਸੰਘ (ਸੀ.ਆਈ.ਆਈ) ਨੇ ਇੰਡੀਅਨ ਰੂਟਸ ਅਮਰੀਕਨ ਸੋਇਲ ਸਿਰਲੇਖ ਵਾਲਾ ਸਰਵੇਖਣ ਬੀਤੇ ਦਿਨੀਂ ਅਮਰੀਕਾ ਵਿੱਚ ਭਾਰਤ ਦੇ ਰਾਜਦੂਤ ਤਰਨਜੀਤ ਸਿੰਘ ਸੰਧੂ ਵੱਲੋਂ ਜਾਰੀ ਕੀਤਾ ਗਿਆ ਹੈ।

ਇਸ ਮੌਕੇ ਭਾਰਤ 'ਚ ਅਮਰੀਕਾ ਦੇ ਰਾਜਦੂਤ ਏਰਿਕ ਗਾਰਸੇਟੀ ਵੀ ਮੌਜੂਦ ਸਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤੀ ਕੰਪਨੀਆਂ ਨੇ ਅਮਰੀਕਾ ਵਿਚ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ 'ਤੇ ਲਗਭਗ 185 ਮਿਲੀਅਨ ਡਾਲਰ ਖ਼ਰਚ ਕੀਤੇ ਹਨ। ਅਮਰੀਕਾ ਅਧਾਰਤ ਖੋਜ ਅਤੇ ਵਿਕਾਸ ਪ੍ਰਾਜੈਕਟਾਂ ਵਿੱਚ ਉਨ੍ਹਾਂ ਦੀ ਫੰਡਿੰਗ ਲਗਭਗ ਇੱਕ ਬਿਲੀਅਨ ਡਾਲਰ ਹੈ। ਅਮਰੀਕਾ ਅਧਾਰਤ ਖੋਜ ਅਤੇ ਵਿਕਾਸ ਪ੍ਰਾਜੈਕਟਾਂ ਵਿੱਚ ਉਨ੍ਹਾਂ ਦੀ ਫੰਡਿੰਗ ਲਗਭਗ ਇੱਕ ਬਿਲੀਅਨ ਡਾਲਰ ਹੈ। ਭਾਰਤੀ ਕੰਪਨੀਆਂ ਦੇ ਨੁਮਾਇੰਦਿਆਂ ਦੇ ਇੱਕ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਸੰਧੂ ਨੇ ਕਿਹਾ, "ਅਮਰੀਕਾ ਵਿੱਚ ਭਾਰਤੀ ਕੰਪਨੀਆਂ ਮਜ਼ਬੂਤੀ, ਜੁਝਾਰੂਪਨ ਲਿਆ ਰਹੀਆਂ ਹਨ। ਉਹ ਨੌਕਰੀਆਂ ਪੈਦਾ ਕਰ ਰਹੀਆਂ ਹਨ ਅਤੇ ਸਥਾਨਕ ਭਾਈਚਾਰਿਆਂ ਦਾ ਸਮਰਥਨ ਦੇ ਰਹੀਆਂ ਹਨ।"

ਉਨ੍ਹਾਂ ਨੇ ਇੱਥੇ ਨਿਵੇਸ਼ ਵਧਾਉਣ ਦੇ ਨਾਲ-ਨਾਲ ਰੁਜ਼ਗਾਰ ਵੀ ਪੈਦਾ ਕੀਤਾ ਹੈ ਅਤੇ ਵੱਖ-ਵੱਖ ਖੇਤਰਾਂ ਵਿੱਚ ਵਿਭਿੰਨਤਾ ਕੀਤੀ ਹੈ। ਭਾਰਤੀ ਕੰਪਨੀਆਂ ਦੁਆਰਾ ਪੈਦਾ ਕੀਤੀਆਂ ਨੌਕਰੀਆਂ ਤੋਂ ਲਾਭ ਪ੍ਰਾਪਤ ਕਰਨ ਵਾਲੇ ਚੋਟੀ ਦੇ ਦਸ ਰਾਜਾਂ ਵਿੱਚ ਟੈਕਸਾਸ (20,906 ਨੌਕਰੀਆਂ), ਨਿਊਯਾਰਕ (19,162 ਨੌਕਰੀਆਂ), ਨਿਊਜਰਸੀ (17,713 ਨੌਕਰੀਆਂ), ਵਾਸ਼ਿੰਗਟਨ (14,525 ਨੌਕਰੀਆਂ), ਫਲੋਰੀਡਾ (14,418 ਨੌਕਰੀਆਂ), ਕੈਲੀਫੋਰਨੀਆ (14,334 ਨੌਕਰੀਆਂ), ਜਾਰਜੀਆ (13,945 ਨੌਕਰੀਆਂ), ਓਹੀਓ (12,188 ਨੌਕਰੀਆਂ), ਮੋਂਟਾਨਾ (9,603 ਨੌਕਰੀਆਂ), ਇਲੀਨੋਇਸ (8,454 ਨੌਕਰੀਆਂ) ਸ਼ਾਮਲ ਹਨ। ਭਾਰਤੀ ਕੰਪਨੀਆਂ ਦੇ ਪ੍ਰਤੀਨਿਧੀ ਇਥੇ ਇੱਕ ਕਾਨਫਰੰਸ ਵਿੱਚ ਹਿੱਸਾ ਲੈਣ ਲਈ ਆਏ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 163 ਭਾਰਤੀ ਕੰਪਨੀਆਂ ਨੇ ਅਮਰੀਕਾ ਵਿੱਚ 40 ਬਿਲੀਅਨ ਡਾਲਰ ਤੋਂ ਵੱਧ ਦਾ ਨਿਵੇਸ਼ ਕੀਤਾ ਹੈ। ਇਸ ਨਾਲ ਦੇਸ਼ ਵਿੱਚ ਲਗਭਗ 4,25,000 ਨੌਕਰੀਆਂ ਪੈਦਾ ਹੋਈਆਂ ਹਨ। ਸੀ.ਆਈ.ਆਈ. ਦੇ ਡਾਇਰੈਕਟਰ ਜਨਰਲ ਚੰਦਰਜੀਤ ਬੈਨਰਜੀ ਨੇ ਕਿਹਾ, "ਭਾਰਤੀ ਕੰਪਨੀਆਂ ਨੇ ਅਮਰੀਕੀ ਬਾਜ਼ਾਰ ਵਿੱਚ ਆਪਣੀ ਜੁਝਾਰੂ ਸਮਰੱਥਾ ਅਤੇ ਪ੍ਰਤੀਬੱਧਤਾ ਦਾ ਪ੍ਰਦਰਸ਼ਨ ਕੀਤਾ ਹੈ।

# ਫਿਲਮ 'ਜੋੜੀ' ਦੇ ਰਿਲੀਜ਼ 'ਤੇ ਲੱਗੀ ਰੋਕ, ਦਿਲਜੀਤ ਨੇ ਮੰਗੀ ਮੁਆਫੀ

**ਚੰਡੀਗੜ੍ਹ–** ਬਹੁਤ ਸਮੇਂ ਤੋਂ ਉਡੀਕੀ ਜਾ ਰਹੀ ਪੰਜਾਬੀ ਫਿਲਮ 'ਜੋੜੀ' ਜੋ 5 ਮਈ 2023 ਨੂੰ ਰਿਲੀਜ਼ ਹੋਣੀ ਸੀ ਅਤੇ ਜਿਸ ਦਾ ਪ੍ਰਸ਼ੰਸਕ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਸਨ, ਕੁਝ ਕਾਨੂੰਨੀ ਮੁਸ਼ਕਲਾਂ ਦੇ ਚੱਲਦੇ ਰਿਲੀਜ਼ ਨਹੀਂ ਹੋ ਸਕੀ। ਜਿਵੇਂ ਕਿ ਤੁਸੀਂ ਸਾਰੇ ਜਾਣਦੇ ਹੋ ਕਿ ਅਦਾਲਤ ਨੇ ਦਿੱਗਜ ਗਾਇਕ ਅਮਰ ਸਿੰਘ ਚਮਕੀਲਾ ਦੀ ਪਤਨੀ ਗੁਰਮੇਲ ਕੌਰ ਸਮੇਤ ਜੋੜੀ ਦੀ ਪੂਰੀ ਟੀਮ ਨੂੰ ਸੰਮਨ ਜਾਰੀ ਕੀਤਾ ਹੈ। ਅਦਾਲਤ ਨੇ 3 ਮਈ 2023 ਨੂੰ ਫਿਲਮ ਦੀ ਰਿਲੀਜ਼ 'ਤੇ ਰੋਕ ਲਗਾ ਦਿੱਤੀ ਸੀ ਅਤੇ ਹੁਣ ਫਿਲਮ ਰਿਲੀਜ਼ ਨਾ ਹੋਣ ਕਾਰਨ ਪ੍ਰਸ਼ੰਸਕ ਕਾਫੀ ਪਰੇਸ਼ਾਨ ਹਨ। ਉੱਥੇ ਹੀ ਫਿਲਮ ਦੇ ਮੁੱਖ ਅਦਾਕਾਰ ਦਿਲਜੀਤ ਦੁਸਾਂਝ ਵੀ ਨਿਰਾਸ਼ ਹਨ। ਦਿਲਜੀਤ ਦੁਸਾਂਝ ਨੇ ਆਪਣੇ ਇੰਸਟਾਗ੍ਰਾਮ ਸਟੋਰੀ 'ਤੇ ਆਪਣੇ ਪ੍ਰਸ਼ੰਸਕਾਂ ਤੋਂ ਮੁਆਫੀ ਮੰਗੀ ਜੋ ਰਿਲੀਜ਼ ਦੀ ਉਡੀਕ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਫਿਲਮ ਲਈ ਸਾਰੀ ਟੀਮ ਨੇ ਬਹੁਤ ਹੀ ਮਿਹਨਤ ਨਾਲ ਕੰਮ ਕੀਤਾ ਹੈ ਪਰ ਕੁਝ ਦਿੱਕਤਾਂ ਕਰਕੇ ਫਿਲਮ ਜੋੜੀ ਅੱਜ ਭਾਰਤ ਵਿੱਚ ਰਿਲੀਜ਼ ਨਹੀਂ ਹੋ ਪਾਈ ਹੈ ਅਤੇ ਫਿਰ ਅਦਾਕਾਰ-ਗਾਇਕ ਨੇ ਜੋੜੀ ਦੀ ਉਡੀਕ ਕਰ ਰਹੇ ਆਪਣੇ ਪ੍ਰਸ਼ੰਸਕਾਂ ਤੋਂ ਮੁਆਫੀ ਮੰਗੀ।



ਤੁਹਾਨੂੰ ਦੱਸ ਦਈਏ ਕਿ ਅਦਾਲਤ ਦੇ ਹੁਕਮਾਂ ਦੇ ਬਾਵਜੂਦ ਵੀ ਫਿਲਮ 'ਜੋੜੀ' ਦੀ ਐਡਵਾਂਸ ਬੁਕਿੰਗ ਜਾਰੀ ਹੀ ਸੀ, ਜਿਸ ਕਰਕੇ ਫੈਨਜ਼ ਨੇ ਸੋਚਿਆ ਕਿ ਫਿਲਮ ਰਿਲੀਜ਼ ਹੋਣ ਵਾਲੀ ਹੈ ਪਰ ਦਿਲਜੀਤ ਦੀ ਇਸ ਸਟੋਰੀ ਨੇ ਹੁਣ ਸਭ ਕੁਝ ਸਾਫ਼ ਕਰ ਦਿੱਤਾ ਹੈ ਅਤੇ ਹੁਣ ਇਹ 100% ਪੱਕਾ ਹੈ ਕਿ ਫਿਲਮ ਅਗਲੇ ਐਲਾਨ ਤੱਕ ਸਿਨੇਮਾਘਰਾਂ ਵਿੱਚ ਰਿਲੀਜ਼ ਨਹੀਂ ਹੋਵੇਗੀ।

ਸਿਵਲ ਜੱਜ ਕਰਨਦੀਪ ਕੌਰ ਦੀ ਅਦਾਲਤ ਨੇ ਫਿਲਮ ਦੀ ਪਟੀਸ਼ਨ ਦੀ ਸੁਣਵਾਈ ਤੋਂ ਬਾਅਦ ਟੀਮ ਨੂੰ ਸੰਮਨ ਜਾਰੀ ਕਰਨ ਦੇ ਹੁਕਮ ਜਾਰੀ ਕੀਤੇ ਅਤੇ ਅਗਲੀ ਸੁਣਵਾਈ 8 ਮਈ 2023 ਨੂੰ ਹੋਣੀ ਤੈਅ ਕੀਤੀ ਹੈ, ਜਿਸ ਤੋਂ ਬਾਅਦ ਹੀ ਸਾਨੂੰ ਰਿਲੀਜ਼ ਦੇ ਅਪਡੇਟ ਬਾਰੇ ਪਤਾ ਲੱਗੇਗਾ। ਹੁਣ ਸਭ ਦੀਆਂ ਨਜ਼ਰਾਂ ਅਗਲੇ ਅਪਡੇਟਾਂ 'ਤੇ ਹਨ ਕਿਉਂਕਿ ਪ੍ਰਸ਼ੰਸਕ ਫਿਲਮ ਨੂੰ ਵੱਡੇ ਪਰਦੇ 'ਤੇ ਦੇਖਣ ਲਈ ਇੰਤਜ਼ਾਰ ਨਹੀਂ ਕਰ ਸਕਦੇ ਹਨ।

ਅਦਾਲਤ ਨੇ ਇਹ ਹੁਕਮ ਮਰਹੂਮ ਨਿਰਮਾਤਾ ਗੁਰਦੇਵ ਸਿੰਘ ਰੰਧਾਵਾ ਦੇ ਪੁੱਤਰਾਂ ਇਸ਼ਜੀਤ ਰੰਧਾਵਾ ਅਤੇ ਸੰਜੋਤ ਰੰਧਾਵਾ ਵੱਲੋਂ ਦਾਇਰ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਦਿੱਤਾ। ਪਟੀਸ਼ਨ ਵਿੱਚ ਦਲੀਲ ਦਿੱਤੀ ਗਈ ਸੀ ਕਿ ਚਮਕੀਲਾ ਦੀ ਵਿਧਵਾ ਨੇ 12 ਅਕਤੂਬਰ 2012 ਨੂੰ ਲਿਖਤੀ ਰੂਪ ਵਿੱਚ ਇਸ਼ਜੀਤ ਅਤੇ ਸੰਜੋਤ ਦੇ ਪਿਤਾ ਨੂੰ ਆਪਣੇ ਪਤੀ ਦੀ ਬਾਇਓਪਿਕ ਬਣਾਉਣ ਦਾ ਅਧਿਕਾਰ ਦਿੱਤਾ ਸੀ। ਇਸ ਅਧਿਕਾਰ ਲਈ ਇਸ਼ਜੀਤ ਦੇ ਪਿਤਾ ਨੇ ਗੁਰਮੇਲ ਕੌਰ ਨੂੰ 5 ਲੱਖ ਦੀ ਰਕਮ ਵੀ ਦਿੱਤੀ ਸੀ ਅਤੇ ਬਾਇਓਪਿਕ ਬਣਾਉਣ ਲਈ ਕੋਈ ਸਮਾਂ ਸੀਮਾ ਤੈਅ ਨਹੀਂ ਕੀਤੀ ਗਈ ਸੀ।ਤੁਹਾਨੂੰ ਦੱਸ ਦਈਏ ਕਿ ਪਿਛਲੇ ਮਹੀਨੇ ਦਿਲਜੀਤ ਸਟਾਰਰ ਇੱਕ ਹੋਰ ਫਿਲਮ ਜਿਸਦਾ ਸਿਰਲੇਖ 'ਚਮਕੀਲਾ' ਸੀ, ਨੂੰ ਵੀ ਕਾਨੂੰਨੀ ਮੁਸ਼ਕਲ ਦਾ ਸਾਹਮਣਾ ਕਰਨਾ ਪਿਆ ਹੈ। ਮਾਰੇ ਗਏ ਪੰਜਾਬੀ ਗਾਇਕ ਅਮਰ ਸਿੰਘ ਚਮਕੀਲਾ ਅਤੇ ਉਸ ਦੀ ਦੂਜੀ ਪਤਨੀ ਅਮਰਜੋਤ ਕੌਰ ਦੇ ਜੀਵਨ 'ਤੇ ਆਧਾਰਿਤ ਇਮਤਿਆਜ਼ ਅਲੀ ਦੀ ਫਿਲਮ ਹੈ, ਇਸ ਫਿਲਮ ਵਿੱਚ ਪਰਿਣੀਤੀ ਚੋਪੜਾ ਵੀ ਸੀ। ਇਸ 'ਤੇ ਸਿਵਲ ਜੱਜ ਹਰਸਿਮਰਨਜੀਤ ਸਿੰਘ ਦੀ ਅਦਾਲਤ ਨੇ ਫਿਲਮ ਉਤੇ 21 ਮਾਰਚ ਨੂੰ ਰੋਕ ਲਗਾ ਦਿੱਤੀ ਸੀ।

# ਦੁਨੀਆ ਦਾ ਸਭ ਤੋਂ ਉੱਚਾ ਰੇਲਵੇ ਪੁਲ ਬਣ ਕੇ ਤਿਆਰ

**ਨਵੀਂ ਦਿੱਲੀ–** ਜੰਮੂ-ਕਸ਼ਮੀਰ 'ਚ ਦੁਨੀਆ ਦਾ ਸਭ ਤੋਂ ਉੱਚਾ ਰੇਲਵੇ ਪੁਲ (ਚਨਾਬ ਰੇਲਵੇ ਬ੍ਰਿਜ) ਬਣ ਕੇ ਤਿਆਰ ਹੋ ਗਿਆ ਹੈ। ਇਸ ਸਮੇਂ ਪੂਰੀ ਦੁਨੀਆ ਦੀਆਂ ਨਜ਼ਰਾਂ ਵਿਸ਼ਵ ਦੇ ਸਭ ਤੋਂ ਉੱਚੇ ਪੁਲ ਚਨਾਬ ਰੇਲਵੇ ਪੁਲ 'ਤੇ ਟਿਕੀਆਂ ਹੋਈਆਂ ਹਨ। ਰੇਲ ਮੰਤਰਾਲੇ ਨੇ ਕਿਹਾ ਹੈ ਕਿ ਪੁਲ ਨੂੰ ਦਸੰਬਰ 2023 ਦੇ ਅੰਤ ਜਾਂ ਜਨਵਰੀ 2024 ਤੱਕ ਸੈਲਾਨੀਆਂ ਲਈ ਖੋਲ੍ਹ ਦਿੱਤਾ ਜਾਵੇਗਾ। ਇਸ ਪੁਲ ਦੀ ਖਾਸੀਅਤ ਇਹ ਨਹੀਂ ਹੈ ਕਿ ਇਹ ਦੁਨੀਆ ਦਾ ਸਭ ਤੋਂ ਉੱਚਾ ਰੇਲਵੇ ਪੁਲ ਹੈ, ਸਗੋਂ ਇਸ ਇੰਜੀਨੀਅਰਿੰਗ ਦੇ ਚਮਤਕਾਰ ਨਾਲ ਜੁੜੇ ਕਈ ਦਿਲਚਸਪ ਤੱਥ ਹਨ। ਜੰਮੂ-ਕਸ਼ਮੀਰ 'ਚ ਦੁਨੀਆ ਦੇ ਸਭ ਤੋਂ ਉੱਚੇ ਰੇਲਵੇ ਪੁਲ ਦੇ ਨਿਰਮਾਣ ਵਿੱਚ ਭਾਰਤ ਦੀ ਇੰਜੀਨੀਅਰਿੰਗ ਕਾਬਲੀਅਤ ਦਾ ਗਲੋਬਲ ਟੀਵੀ ਨੈੱਟਵਰਕ, ਸੀਐੱਨਐੱਨ ਦੁਆਰਾ ਵਿਸ਼ੇਸ਼ ਜ਼ਿਕਰ ਕੀਤਾ ਗਿਆ ਹੈ। ਜੰਮੂ ਅਤੇ ਕਸ਼ਮੀਰ ਖੇਤਰ 'ਚ ਚਨਾਬ ਨਦੀ 'ਤੇ 359 ਮੀਟਰ (ਲਗਭਗ 109 ਫੁੱਟ) ਬਣਿਆ ਚਨਾਬ ਰੇਲਵੇ ਪੁਲ, ਆਈਫਲ ਟਾਵਰ ਤੋਂ ਲਗਭਗ 35 ਮੀਟਰ ਉੱਚਾ ਹੈ। 1,315 ਮੀਟਰ ਲੰਬਾ ਪੁਲ ਭਾਰਤੀ ਰੇਲਵੇ ਨੈੱਟਵਰਕ ਦੁਆਰਾ ਕਸ਼ਮੀਰ ਘਾਟੀ ਨੂੰ ਪਹੁੰਚਯੋਗ ਬਣਾਉਣ ਦੇ ਉਦੇਸ਼ ਨਾਲ ਇਕ ਵਿਸ਼ਾਲ ਪ੍ਰੋਜੈਕਟ ਦਾ ਹਿੱਸਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਈ ਚਨਾਬ ਰੇਲਵੇ ਬ੍ਰਿਜ ਅਤੇ ਵਿਆਪਕ ਰੇਲ ਲਿੰਕ ਪ੍ਰੋਜੈਕਟ ਨੂੰ ਸਮਾਜਿਕ ਏਕੀਕਰਨ ਅਤੇ ਰਾਜਨੀਤਿਕ ਪ੍ਰਭਾਵ ਲਈ ਇਕ ਸ਼ਕਤੀਸ਼ਾਲੀ ਸਾਧਨ ਵਜੋਂ ਦੇਖਿਆ ਜਾ ਸਕਦਾ ਹੈ, ਜੋ ਵੱਖ-ਵੱਖ ਖੇਤਰਾਂ ਨੂੰ ਵੱਡੇ ਸ਼ਹਿਰਾਂ ਨਾਲ ਜੋੜਦਾ ਹੈ। ਵਿਲਸਨ ਸੈਂਟਰ ਦੇ ਦੱਖਣੀ ਏਸ਼ੀਆ ਇੰਸਟੀਚਿਊਟ ਦੇ ਡਾਇਰੈਕਟਰ ਮਾਈਕਲ ਕੁਗਲਮੈਨ ਨੇ ਕਿਹਾ, "ਪੁਲ ਬਣਾਉਣ ਅਤੇ ਵਧੇਰੇ ਸੰਪਰਕ ਬਣਾਉਣ ਲਈ ਇਸ ਨੂੰ ਨਵੀਂ ਦਿੱਲੀ ਦੁਆਰਾ ਖੇਤਰ ਦੇ ਵਿਕਾਸ ਲਈ ਇਕ ਹੋਰ ਵੱਡੀ ਜਿੱਤ ਵਜੋਂ ਪੇਸ਼ ਕੀਤਾ ਜਾਵੇਗਾ।"









# ਸਿਆਟਲ ਦੇ ਮੁੱਖ ਗੁਰਦੁਆਰੇ, ਸਿੰਘ ਸਭਾ ਰੈਨਟਨ ਦੀ 11 ਮੈਂਬਰੀ ਪ੍ਰਬੰਧਕ ਕਮੇਟੀ ਦਾ ਐਲਾਨ





**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਸਿਆਟਲ ਦੇ ਮੁੱਖ ਗੁਰਦੁਆਰੇ ਸਿੰਘ ਸਭਾ ਰੈਨਟਨ ਦੀ 11 ਮੈਂਬਰੀ ਪ੍ਰਬੰਧਕ ਕਮੇਟੀ ਦਾ ਸੰਗਤ ਦੀ ਪ੍ਰਵਾਨਗੀ ਜੈਕਾਰਿਆਂ ਦੀ ਆਵਾਜ਼ ਹੇਠ ਐਲਾਨ ਕੀਤਾ ਗਿਆ, ਜਿਸ ਵਿਚ ਕਸ਼ਮੀਰ ਸਿੰਘ ਹੋਠੀ ਪ੍ਰਧਾਨ, ਕੈਪਟਨ ਬਲਦੇਵ ਸਿੰਘ ਉਪ ਪ੍ਰਧਾਨ, ਲਖਬੀਰ ਸਿੰਘ ਸੈਕਟਰੀ, ਪਰਮਜੀਤ ਸਿੰਘ ਸਹਾਇਕ ਸੈਕਟਰੀ, ਗਗਨਦੀਪ ਸਿੰਘ ਖਜਾਨਚੀ ਤੇ ਅਮਰੀਕ ਸਿੰਘ ਨੂੰ ਸਹਾਇਕ ਖਜਾਨਚੀ ਨਿਯੁਕਤ ਕੀਤਾ ਗਿਆ। ਕਾਰਜਕਾਰੀ ਕਮੇਟੀ ਵਿਚ ਪੰਜ ਮੈਂਬਰ ਹਰਦਿਆਲ ਸਿੰਘ ਬੈਂਸ, ਬੀਬੀ ਸਿੰਦਰ ਕੌਰ, ਅਮਰ ਸਿੰਘ, ਸੁਖਦੇਵ ਸਿੰਘ ਤੇ ਮਲੂਕ ਸਿੰਘ ਲਏ ਗਏ।

# ਸਿੱਖਾਂ ਦੇ ਮੁੱਦਿਆਂ ਨੂੰ ਲੈ ਕੇ ਬੀਬੀ ਜਗੀਰ ਕੌਰ ਨੇ ਮੋਦੀ ਨੂੰ ਲਿਖਿਆ ਪੱਤਰ

**ਬੇਗੋਵਾਲ–** ਸਿੱਖਾਂ ਦੇ ਧਾਰਮਿਕ ਮੁੱਦਿਆਂ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਇਕ ਸਮਾਗਮ 'ਚ ਪੰਥਕ ਸ਼ਖ਼ਸੀਅਤਾਂ, ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਦੇ ਅਹੁਦੇਦਾਰਾਂ ਅਤੇ ਪੰਥ ਤੇ ਪੰਜਾਬ ਹਿਤੈਸ਼ੀਆਂ ਦੇ ਕੀਤੇ ਇਕੱਠ ਅਤੇ ਜੈਕਾਰਿਆਂ ਦੀ ਗੂੰਜ 'ਚ ਪੰਜਾਬ ਮਾਮਲਿਆਂ ਦੇ ਇੰਚਾਰਜ ਅਤੇ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੇ ਰੁਪਾਨੀ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂ 10 ਤੋਂ ਵੱਧ ਮੰਗਾਂ ਵਾਲਾ ਪੱਤਰ ਸੌਂਪਿਆ। ਭਾਜਪਾ ਆਗੂ ਵਿਜੇ ਰੁਪਾਨੀ ਨੇ ਮੰਗ-ਪੱਤਰ ਪ੍ਰਾਪਤ ਕਰਦਿਆਂ ਭਰੋਸਾ ਦਿੱਤਾ ਕਿ ਉਹ ਇਸ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਅਮਿਤ ਸ਼ਾਹ ਨਾਲ ਵਿਚਾਰ-ਵਟਾਂਦਰਾ ਕਰ ਕੇ ਇਕ-ਇਕ ਮੰਗ ਨੂੰ ਪੂਰਾ ਕਰਵਾਉਣ ਲਈ ਪੂਰੀ ਵਾਹ ਲਗਾਉਣਗੇ।

ਬੀਬੀ ਜਗੀਰ ਕੌਰ ਨੇ ਭਾਵੁਕ ਹੁੰਦਿਆਂ ਕਿਹਾ ਕਿ ਸਿੱਖ ਭਾਈਚਾਰਾ ਵੱਡੇ ਪੱਧਰ 'ਤੇ ਇਹ ਮਹਿਸੂਸ ਕਰਦਾ ਹੈ ਕਿ ਜਦੋਂ ਸਰਕਾਰ ਦੇ ਅਣਥੱਕ ਯਤਨਾਂ ਕਾਰਨ ਅੱਤਵਾਦ ਦਾ ਦੌਰ ਖ਼ਤਮ ਹੋ ਗਿਆ ਸੀ ਤਾਂ ਫਿਰ ਬੰਦੀ ਸਿੰਘਾਂ ਨੂੰ ਮੁਆਫ਼ੀ ਦੇਣੀ ਚਾਹੀਦੀ ਸੀ। ਉਨ੍ਹਾਂ ਕਿਹਾ ਕਿ ਇਸ ਦੇ ਬਾਵਜੂਦ ਜ਼ਿਆਦਾਤਰ ਕੈਦੀ ਆਪਣੀ ਸਜ਼ਾ ਪੂਰੀ ਕਰਨ ਤੋਂ ਬਾਅਦ ਵੀ ਜੇਲ੍ਹਾਂ 'ਚ ਬੰਦ ਹਨ, ਉਨ੍ਹਾਂ 'ਚੋਂ ਬਹੁਤੇ ਬਜ਼ੁਰਗ ਤੇ ਕਮਜ਼ੋਰ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਹਾਲ ਹੀ 'ਚ ਪੰਜਾਬ 'ਚ ਇੰਨੇ ਵੱਡੇ ਪੱਧਰ 'ਤੇ ਕੇਂਦਰੀ ਬਲ ਲਾ ਕੇ ਜੋ ਆਪ੍ਰੇਸ਼ਨ ਕੀਤਾ ਗਿਆ, ਉਸ ਦੀ ਲੋੜ ਨਹੀਂ ਸੀ। ਇਸ ਵਿਚ ਬਹੁਤ ਸਾਰੀਆਂ ਗ੍ਰਿਫ਼ਤਾਰੀਆਂ ਅਤੇ ਇੰਟਰਨੈੱਟ ਸੇਵਾਵਾਂ ਨੂੰ ਬੰਦ ਕਰਨਾ ਸ਼ਾਮਲ ਹੈ। ਪੁਲਸ ਦੀ ਇਹ ਕਾਰਵਾਈ ਗਰਮਖਿਆਲੀਆਂ ਦੀ ਵਿਚਾਰਧਾਰਾ ਦਾ ਪ੍ਰਚਾਰ ਕਰਨ ਵਾਲਿਆਂ ਲਈ ਇਕ



ਝਟਕਾ ਹੋ ਸਕਦੀ ਹੈ ਪਰ ਇਹ ਵਿਸ਼ਵਾਸ ਕਰਨਾ ਮੁਸ਼ਕਿਲ ਹੈ ਕਿ ਕੀ ਇਹ ਲੰਬੇ ਸਮੇਂ ਦਾ ਇਲਾਜ ਹੈ। ਬੀਬੀ ਜਗੀਰ ਕੌਰ ਨੇ ਕਿਹਾ ਕਿ ਐਨ. ਸੀ. ਈ. ਆਰ. ਟੀ. ਦੀਆਂ ਕਿਤਾਬਾਂ 'ਚ ਸਿੱਖ ਇਤਿਹਾਸ ਦੇ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਮਾਮਲਾ ਬਹੁਤ ਹੀ ਸੰਵੇਦਨਸ਼ੀਲ ਹੈ ਅਤੇ ਭਾਰਤ ਸਰਕਾਰ ਨੂੰ ਸਿੱਖ ਇਤਿਹਾਸ ਨਾਲ ਸਬੰਧਤ ਤੱਥਾਂ ਅਤੇ ਮਸਲਿਆਂ ਦੀ ਸਮੀਖਿਆ ਕਰਨੀ ਚਾਹੀਦੀ ਹੈ। ਨਫ਼ਰਤ ਭਰੇ ਭਾਸ਼ਣ ਦਾ ਜ਼ਿਕਰ ਕਰਦਿਆਂ ਬੀਬੀ ਜਗੀਰ ਕੌਰ ਨੇ ਕਿਹਾ ਕਿ ਭਾਰਤ ਸਰਕਾਰ ਸੂਬਿਆਂ ਅਤੇ ਸਮੁੱਚੇ ਦੇਸ਼ ਵਿਚ ਸ਼ਾਂਤੀਪੂਰਨ ਮਾਹੌਲ ਨੂੰ ਬਣਾਈ ਰੱਖਣ ਲਈ ਸਿੱਖਾਂ ਬਾਰੇ ਨਫ਼ਰਤੀ ਪ੍ਰਚਾਰ ਨੂੰ ਸਖ਼ਤੀ ਨਾਲ ਰੋਕੇ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਮਾਣਯੋਗ ਸੁਪਰੀਮ ਕੋਰਟ ਦੇ ਹੁਕਮਾਂ ਨੂੰ ਲਾਗੂ ਕਰਨ ਲਈ ਸੂਬਿਆਂ ਨੂੰ ਨਿਰਦੇਸ਼ ਜਾਰੀ ਕਰ ਸਕਦੀ ਹੈ।

ਇਸ ਮੌਕੇ ਇਕਬਾਲ ਸਿੰਘ ਲਾਲਪੁਰਾ ਚੇਅਰਮੈਨ ਘੱਟਗਿਣਤੀ ਕਮਿਸ਼ਨ, ਸਰਵਣ ਸਿੰਘ ਫਿਲੌਰ, ਇੰਦਰ ਇਕਬਾਲ ਸਿੰਘ ਅਟਵਾਲ, ਸਰਬਜੀਤ ਸਿੰਘ ਮੱਕੜ ਤੇ ਜਗਜੀਤ ਸਿੰਘ ਗਾਬਾ ਸਮੇਤ ਅਨੇਕਾਂ ਸ਼ਖ਼ਸੀਅਤਾਂ ਵੀ ਹਾਜ਼ਰ ਸਨ। ਬੀਬੀ ਜਗੀਰ ਕੌਰ ਵੱਲੋਂ ਪ੍ਰਧਾਨ ਮੰਤਰੀ ਦੇ ਨਾਂ ਦਿੱਤੇ ਪੱਤਰ 'ਚ ਪਹਿਲੀ ਮੰਗ ਸੀ ਕਿ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਦਾ ਨਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਂ 'ਤੇ ਰੱਖਿਆ ਜਾਵੇ, ਇਸ ਤੋਂ ਇਲਾਵਾ ਦਿੱਲੀ 'ਚ ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦ ਵਿਚ ਕੌਮੀ ਸੰਸਥਾ ਜਾਂ ਯੂਨੀਵਰਸਿਟੀ ਬਣਾਈ ਜਾਵੇ, ਸਿੱਕਮ ਦਾ ਡਾਂਗਮਾਰ ਗੁਰਦੁਆਰਾ ਸਾਹਿਬ, 1984 ਦੀ ਨਸਲਕੁਸ਼ੀ ਦੌਰਾਨ ਪੀੜਤਾਂ ਨੂੰ ਮੁਆਵਾਜ਼ਾ ਦਿੱਤਾ ਜਾਵੇ, ਐਨ. ਸੀ. ਈ. ਆਰ. ਟੀ. ਦੀਆਂ ਕਿਤਾਬਾਂ ਵਿਚ ਸਿੱਖਾਂ ਨਾਲ ਸਬੰਧਤ ਇਤਿਹਾਸ ਨੂੰ ਦਰੁੱਸਤ ਕੀਤਾ ਜਾਵੇ, ਸੋਸ਼ਲ ਮੀਡੀਆ ਸਮੇਤ ਹਰ ਪਲੇਟਫਾਰਮ ਤੋਂ ਸਿੱਖਾਂ ਵਿਰੁੱਧ ਕੀਤੇ ਜਾ ਰਹੇ ਨਫ਼ਰਤੀ ਪ੍ਰਚਾਰ ਨੂੰ ਠੱਲ੍ਹ ਪਾਈ ਜਾਵੇ, ਧਰਮੀ ਸਿੱਖ ਫੌਜੀਆਂ ਦੇ ਮੁੜ ਵਸੇਬੇ, ਅੱਤਵਾਦ ਤੋਂ ਪੀੜਤ ਲੋਕਾਂ ਨੂੰ ਮੁਆਵਜ਼ਾ ਅਤੇ ਬੰਦੀ ਸਿੰਘਾਂ ਦੀ ਰਿਹਾਈ ਕੀਤੀ ਜਾਵੇ ਸ਼ਾਮਲ ਹਨ।

# ਵਧ ਰਹੀ ਗਰਮੀ ਅਤੇ ਲੂ ਤੋਂ ਬਚਾਅ ਲਈ ਵਧੇਰੇ ਸੁਚੇਤ ਹੋਣ ਦੀ ਲੋੜ

**ਸੰਗਰੂਰ, (ਦਲਜੀਤ ਕੌਰ)–** ਵਧ ਰਹੀ ਗਰਮੀ ਤੇ ਤਾਪਮਾਨ ਵਿੱਚ ਰੋਜ਼ਾਨਾ ਹੋ ਰਹੇ ਵਾਧੇ ਨੂੰ ਧਿਆਨ ਵਿਚ ਰੱਖਦਿਆਂ ਲੋਕਾਂ ਨੂੰ ਗਰਮੀ ਤੇ ਲੂ ਤੋਂ ਬਚਾਅ ਲਈ ਵਧੇਰੇ ਸੁਚੇਤ ਹੋਣ ਦੀ ਲੋੜ ਹੈ। ਸਿਹਤ ਵਿਭਾਗ ਵੱਲੋਂ ਜਾਰੀ ਅਡਵਾਇਜ਼ਰੀ ਦਾ ਜ਼ਿਕਰ ਕਰਦਿਆਂ ਸਿਵਲ ਸਰਜਨ ਡਾ. ਪਰਮਿੰਦਰ ਕੌਰ ਨੇ ਦੱਸਿਆ ਕਿ 40 ਡਿਗਰੀ ਤੋਂ ਵੱਧ ਤਾਪਮਾਨ ਹੋ ਜਾਣ ਕਾਰਨ ਲੂ ਦੀ ਸਥਿਤੀ ਬਣ ਜਾਂਦੀ ਹੈ ਜੋ ਕਿ ਸਰੀਰ ਦੇ ਤਾਪਮਾਨ ਨਿਯਮ ਪ੍ਰਣਾਲੀ ਨੂੰ ਵਿਗਾੜ ਦਿੰਦੀ ਹੈ ਤੇ ਗਰਮੀ ਨਾਲ ਸਬੰਧਿਤ ਬੀਮਾਰੀਆਂ ਦਾ ਕਾਰਨ ਬਣਦੀ ਹੈ। ਉਨ੍ਹਾਂ ਕਿਹਾ ਕਿ ਨਵਜੰਮੇ ਅਤੇ ਛੋਟੇ ਬੱਚੇ, ਗਰਭਵਤੀ ਔਰਤਾਂ, 65 ਸਾਲ ਜਾਂ ਇਸ ਤੋਂ ਵਧੇਰੇ ਉਮਰ ਦੇ ਵਿਅਕਤੀ, ਮਜ਼ਦੂਰੀ ਕਰਨ ਵਾਲੇ ਅਤੇ ਉਹ ਲੋਕ ਜੋ ਕਿ ਸਰੀਰਕ ਤੌਰ 'ਤੇ ਬਿਮਾਰ ਹਨ,



ਖ਼ਾਸ ਕਰ ਦਿਲ ਦੀ ਬੀਮਾਰੀ ਜਾਂ ਬਲੱਡ ਪ੍ਰੈਸ਼ਰ ਤੋਂ ਪੀੜਤ ਹਨ ਉਨ੍ਹਾਂ ਨੂੰ ਲੂ ਦਾ ਵਧੇਰੇ ਜੋਖਮ ਹੁੰਦਾ ਹੈ। ਉਨ੍ਹਾਂ ਕਿਹਾ ਕਿ ਲੂ ਦੌਰਾਨ ਸਾਨੂੰ ਆਪਣੇ ਖਾਣ ਪੀਣ ਦਾ ਵਧੇਰੇ ਧਿਆਨ ਰੱਖਣਾ ਚਾਹੀਦਾ ਹੈ। ਹਰੀਆਂ ਸਬਜ਼ੀਆਂ ਅਤੇ ਮੌਸਮੀ ਫ਼ਲ ਜਿਵੇਂ ਖਰਬੂਜ਼ਾ, ਤਰਬੂਜ਼, ਅੰਗੂਰ, ਲੀਚੀ, ਖੀਰਾ, ਨਿੰਬੂ ਪਾਣੀ, ਲੱਸੀ, ਨਾਰੀਅਲ ਪਾਣੀ ਆਦਿ ਦਾ ਸੇਵਨ ਕਰਨਾ ਚਾਹੀਦਾ ਹੈ ਕਿਉਂਕਿ ਇਨ੍ਹਾਂ ਵਿੱਚ ਪਾਣੀ ਦੀ ਵਧੇਰੇ ਮਾਤਰਾ ਹੁੰਦੀ ਹੈ। ਡਾ. ਪਰਮਿੰਦਰ ਕੌਰ ਨੇ ਲੂ ਤੋਂ ਬਚਾਅ ਸਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਜੇਕਰ ਸੰਭਵ ਹੋਵੇ ਤਾਂ ਬਾਹਰਲੇ ਕੰਮ ਸਵੇਰੇ ਅਤੇ ਸ਼ਾਮ ਨੂੰ ਹੀ ਕੀਤੇ ਜਾਣ, ਧੁੱਪ ਵਿੱਚ ਖਾਸ ਕਰ ਦੁਪਹਿਰ 12 ਤੋਂ 3 ਵਜੇ ਤੱਕ ਬਾਹਰ ਨਾ ਜਾਇਆ ਜਾਵੇ, ਜੇਕਰ ਜਾਣਾ ਜ਼ਿਆਦਾ ਜ਼ਰੂਰੀ ਹੋਵੇ ਤਾਂ ਪਾਣੀ ਨਾਲ ਲੈ ਕੇ ਜ਼ਰੂਰ ਜਾਓ.




# ਬੁੱਧ ਵਿਹਾਰ ਸਿਧਾਰਥ ਨਗਰ 'ਚ 2567ਵੀਂ ਬੁੱਧ ਪੂਰਨਿਮਾ ਮਨਾਈ ਗਈ





**ਜਲੰਧਰ–** ਡਾ. ਬੀ. ਆਰ. ਅੰਬੇਡਕਰ ਮੈਮੋਰੀਅਲ ਟਰੱਸਟ (ਰਜਿ.) ਵੱਲੋਂ 5 ਮਈ 2023 ਨੂੰ ਬੁੱਧ ਵਿਹਾਰ ਸਿਧਾਰਥ ਨਗਰ ਵਿਚ 2567ਵੀਂ 'ਬੁੱਧ ਪੂਰਨਿਮਾ' ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਗਈ, ਜਿਸ ਵਿਚ ਭਾਰੀ ਗਿਣਤੀ 'ਚ ਬੁੱਧ ਦੇ ਪੈਰੋਕਾਰਾਂ ਨੇ ਹਿੱਸਾ ਲਿਆ। ਬੁੱਧ ਧਰਮ ਵਿਚ ਬੁੱਧ ਪੂਰਨਿਮਾ ਦਾ ਦਿਹਾੜਾ ਬੜਾ ਪਵਿੱਤਰ ਹੈ, ਕਿਉਂਕਿ ਇਸ ਦਿਨ ਸਿਧਾਰਥ ਗੌਤਮ ਦਾ ਜਨਮ ਹੋਇਆ ਸੀ, ਇਸ ਦਿਨ ਹੀ ਉਨ੍ਹਾਂ ਨੂੰ ਗਿਆਨ ਪ੍ਰਾਪਤ ਹੋਇਆ ਸੀ ਅਤੇ ਇਸੇ ਹੀ ਦਿਨ ਉਨ੍ਹਾਂ ਦਾ ਮਹਾਂਪ੍ਰੀਨਿਰਵਾਣ ਹੋਇਆ ਸੀ। ਇਸ ਲਈ ਬੁੱਧ ਪੂਰਨਿਮਾ ਭਾਰਤ ਸਮੇਤ ਪੂਰੇ ਵਿਸ਼ਵ ਭਰ 'ਚ ਮਨਾਈ ਜਾਂਦੀ ਹੈ। ਪ੍ਰੋਗਰਾਮ ਦੀ ਸ਼ੁਰੂਆਤ ਭੰਤੇ ਰੇਵਤ ਜੀ ਨੇ ਤ੍ਰੀਸ਼ਰਣ ਅਤੇ ਪੰਚਸ਼ੀਲ ਦੇ ਉਚਾਰਨ ਨਾਲ ਕੀਤੀ ਅਤੇ ਬੁੱਧ ਦੇ ਜੀਵਨ ਅਤੇ ਸਿੱਖਿਆਵਾਂ ਉਪਰ ਚਾਨਣਾ ਪਾਇਆ। ਜਿਨ੍ਹਾਂ ਵਿਦਵਾਨਾਂ ਨੇ ਬੁੱਧ ਦੇ ਸਿਧਾਂਤ ਅਤੇ ਉਪਦੇਸ਼ਾਂ ਉਪਰ ਵਿਚਾਰ ਰੱਖੇ, ਉਹਨਾਂ ਵਿਚੋਂ ਮੁੱਖ ਹਨ–ਸਰਵਸ੍ਰੀ ਰਾਮ ਲਾਲ ਦਾਸ, ਹਰਮੇਸ਼ ਜੱਸਲ, ਰਾਮਨਾਥ ਸੁੰਡਾ, ਸੁਰਿੰਦਰ ਕੁਮਾਰ, ਅਸ਼ੋਕ ਕਲੇਰ, ਸਤਵਿੰਦਰ ਮਦਾਰਾ ਅਤੇ ਪ੍ਰੀਗਿਆਦੀਪ। ਵਿਦਵਾਨਾਂ ਨੇ ਵਿਚਾਰ ਰੱਖਦੇ ਹੋਏ ਕਿਹਾ ਕਿ ਅੱਜ ਵਿਸ਼ਵ ਭਰ ਵਿਚ ਤੀਜੀ ਪ੍ਰਮਾਣੂ ਜੰਗ ਦੇ ਹਾਲਾਤ ਬਣੇ ਹੋਏ ਹਨ। ਅੱਜ ਸੰਸਾਰ ਨੂੰ ਬੁੱਧ ਸੰਦੇਸ਼ ਹੀ ਬਚਾ ਸਕਦਾ ਹੈ। ਸ੍ਰੀ ਹਰਮੇਸ਼ ਜੱਸਲ ਨੇ ਪੰਜਾਬ ਦੇ ਪ੍ਰਾਚੀਨ ਇਤਿਹਾਸ ਉਪਰ ਚਾਨਣਾ ਪਾਉਂਦੇ ਹੋਏ ਕਿਹਾ ਕਿ ਸੰਘੋਲ ਦੀ ਤਰ੍ਹਾਂ ਪੰਜਾਬ ਦੇ ਕਈ ਹੋਰ ਥਾਵਾਂ ਤੋਂ ਬੁੱਧ ਦੇ ਸਿੱਕੇ ਅਤੇ ਅਵਸ਼ੇਸ਼ ਮਿਲਦੇ ਹਨ। ਪੁਰਾਤਤਵ ਵਿਭਾਗ, ਜੋ ਪੰਜਾਬ ਦੇ ਥੇਹਾਂ ਦੀ ਖੁਦਵਾਈ ਕਰਵਾਏ ਤਾਂ ਬਹੁਤ ਸਾਰੇ ਬੋਧੀ ਅਵਸ਼ੇਸ਼ ਮਿਲਣਗੇ, ਜੋ ਪੰਜਾਬ ਦੇ ਪ੍ਰਾਚੀਨ ਇਤਿਹਾਸ ਉਪਰ ਨਵੀਂ ਰੌਸ਼ਨੀ ਪਾਉਣਗੇ।

ਇਸ ਸ਼ੁਭ ਮੌਕੇ 'ਤੇ ਬਹੁਤ ਸਾਰੇ ਵਿਅਕਤੀ ਹਾਜ਼ਰ ਸਨ–ਸਰਵਸ੍ਰੀ ਚੰਚਲ ਬੋਧ, ਬਿੰਦਰ ਮਹੇ, ਬ੍ਰਿਜ ਲਾਲ ਗੌਤਮ, ਰਾਮ ਸਿੰਘ ਤੇਜ਼ੀ, ਚਰਨਜੀਤ ਸਿੰਘ ਮੱਟੂ, ਸੁਰਿੰਦਰ ਸਿੰਘ ਅਮਨ, ਨਰਿੰਦਰ ਬੌਧ, ਰਾਧਾ ਰਾਮ, ਲਤਿ ਪ੍ਰਸਾਦ, ਸੰਜੇ, ਰੋਸ਼ਨ, ਜਸਵਿੰਦਰ, ਬ੍ਰਜੇਸ਼, ਰਾਜ ਕੁਮਾਰ, ਰਣਜੀਤ ਕੁਮਾਰ, ਪ੍ਰੇਮ ਚੌਧਰੀ, ਰਾਕੇਸ਼ ਸੇਠ, ਮਹਿੰਦਰ ਪਾਲ, ਰਾਮ ਬਾਲਕ, ਰਾਜੂ ਭਟਨਾਗਰ, ਗਣੇਸ਼, ਸੁਨੀਲ ਰਿੰਕੂ। ਔਰਤਾਂ ਵਿਚ ਸ੍ਰੀਮਤੀ ਛਿੰਦੋ ਰਾਣੀ, ਅਮਰਪਾਲੀ, ਆਸ਼ਾ ਰਾਣੀ, ਕੁਸਮ, ਗੀਤਾ ਰਾਣੀ, ਜੋਤੀ ਹਾਜ਼ਰ ਸਨ। ਚਾਨਣ ਰਾਮ ਵਡਾਲਾ ਜੀ ਨੇ ਸਿਧਾਰਥ ਨਗਰ ਬੁੱਧ ਵਿਹਾਰ ਲਾਇਬ੍ਰੇਰੀ ਨੂੰ ਕਿਤਾਬਾਂ ਦਾਨ ਕੀਤੀਆਂ। ਅੰਤ ਵਿਚ ਲੰਗਰ ਅਤੁੱਟ ਵਰਤਾਇਆ ਗਿਆ।

# ਸੋਫੀ ਪਿੰਡ ਦੇ ਬੁੱਧ ਵਿਹਾਰ ਵਿੱਚ ਬੁੱਧ ਪੁਰਣਿਮਾ ਬੜੀ ਸ਼ਰਧਾ ਅਤੇ ਧੁਮ-ਧਾਮ ਨਾਲ ਮਨਾਈ ਗਈ





**ਜਲੰਧਰ–** ਜਲੰਧਰ ਛਾਉਣੀ ਨਾਲ ਲਗਦੇ ਸੋਫੀ ਪਿੰਡ ਦੇ ਬੁੱਧ ਵਿਹਾਰ ਵਿੱਚ ਬੁੱਧ ਪੁਰਣਿਮਾ ਬੜੀ ਸ਼ਰਧਾ ਅਤੇ ਧੁਮ-ਧਾਮ ਨਾਲ ਮਨਾਈ ਗਈ। ਬੁੱਧ ਵਿਹਾਰ ਟਰਸ਼ਟ (ਰਜਿ) ਸੋਫੀ ਪਿੰਡ ਵੱਲੋ ਕਰਵਾਏ ਗਏ ਇਸ ਬੁੱਧ ਪੂਰਣਿਮਾ ਸਮਾਗਮ ਵਿਚ ਇਲਾਕੇ ਦੀਆ ਸ਼ਗਤਾ ਹੂਮ ਹੂਮਾ ਕੇ ਬੁੱਧ ਵਿਹਾਰ ਵਿੱਚ ਪਹੂਚੀਆ ਜਿੱਥੇ ਸਾਰੀਆ ਨੇ ਮਿਲ ਕੇ ਬੁੱਧ ਵੰਦਨਾ ਤਰੀਸ਼ਰਣ ਅਤੇ ਪੰਚਸ਼ੀਲ ਦੇ ਪਾਠ ਪੜੇ ਅਤੇ ਬੁੱਧ ਦੀ ਤਸਵੀਰ ਅੱਗੇ ਮੋਮਬਤੀਆ ਜਲਾ ਕੇ ਬੁੱਧ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਤੋ ਪਹਿਲਾ ਪੰਚਸ਼ੀਲ ਦਾ ਝੰਡਾ ਲਹਰਾਇਆ ਗਿਆ।

ਇਸ ਮੋਕੇ ਐਡਵੋਕੇਟ ਹਰਭਜਨ ਸਾਪਲਾ ਨੇ ਤੱਥਾਗਤ ਬੁੱਧ ਦੇ ਜੀਵਨ ਫਲਸਫੇ ਉਪਰ ਵਿਚਾਰ ਪੇਸ ਕਰਦੇ ਹੋਏ ਕਿਹਾ ਕਿ ਤੱਥਾਗਤ ਬੁੱਧ ਦਾ ਜਨਮ, ਗਿਆਨ ਪ੍ਰਾਪਤ ਅਤੇ ਮਹਾਨਿਰਵਾਣ ਇੱਕ ਹੀ ਦਿਨ ਹੋਇਆ ਸੀ। ਜਿਸ ਨੂੰ ਬੁੱਧ ਪੂਰਣਿਮਾ ਅਤੇ ਬੈਸਾਕ ਡੇ ਤੋਰ ਤੇ ਪੂਰੇ ਵਿਸ਼ਵ ਵਿੱਚ ਬੜੇ ਧੁਮ-ਧਾਮ ਅਤੇ ਸ਼ਰਦਾ ਨਾਲ ਮਨਾਇਆ ਜਾਦਾ ਹੈ।



ਸ਼੍ਰੀ ਰੂਪ ਲਾਲ ਪ੍ਰਧਾਨ ਬੁੱਧ ਵਿਹਾਰ ਟਰਸ਼ਟ (ਰਜਿ )ਸੋਫੀ ਪਿੰਡ ਨੇ ਕਿਹਾ ਕਿ ਤੱਥਾਗਤ ਬੁੱਧ ਨੇ ਸ਼ਾਤੀ ਦਾ ਸ਼ਦੇਸ ਦਿੱਤਾ ਅਤੇ ਅਜਾਦੀ, ਬਰਾਬਰੀ ਅਤੇ ਭਾਈਚਾਰਕ ਸਾਂਝ ਸਥਾਪਿਤ ਕਰਨ ਲਈ ਕਿਹਾ। ਉਹਨਾਂ ਨੇ ਸਮੂਹ ਸਗਤਾ ਨੂੰ ਬੁੱਧ ਪੂਰਣਿਮਾ ਦੀ ਵਧਾਈ ਦਿੱਤੀ ਅਤੇ ਧੰਨਵਾਦ ਦਿੱਤਾ ਹੈ।ਇਹਨ੍ਹਾ ਤੋ ਇਲਾਵਾ ਇਸ ਮੋਕੇ ਤੇ ਸ਼੍ਰੀ ਗੁਰਮੀਤ ਲਾਲ ਸਾਪਲਾ, ਚਮਨ ਦਾਸ ਸ਼ਾਪਲਾ, ਜਗਦੀਸ਼ ਰਾਣਾ, ਸੋਡੀਲਾਲ ਬੋਧੀ, ਪਰਮਜੀਤ ਜੱਸਲ, ਸ਼੍ਰੀਮਤੀ ਸੰਤੋਸ਼ ਕੁਮਾਰੀ,ਸੋਫੀਆ, ਵਰੁਣ ਕੁਮਾਰ, ਸਿਧਾਰਥ,ਮੰਨਤ, ਅਤੇ ਬੇਬੀ ਵੀਰਾਨ ਨੇ ਵੀ ਆਪਣੇ ਵਿਚਾਰ ਪੇਸ਼ ਕੀਤੀ।ਇਸ ਮੋਕੇ ਤੇ ਸ਼੍ਰੀ ਸੋਹਨ ਲਾਲ ਸ਼ਾਪਲਾ ਪ੍ਰਧਾਨ ਅੰਬੇਡਕਰ ਮਿਸ਼ਨ ਸੋਸਾਇਟੀ (ਯੂਰਪ ) ਜਰਮਨੀ ਵੱਲੋ ਇੱਕ ਸਿਲਾਈ ਮਸ਼ੀਨ ਲੜਕੀ ਸ਼ਬਨਮ ਨੂੰ ਭੇਟ ਕੀਤੀ । ਇਸ ਪ੍ਰੋਗਰਾਮ ਦੀ ਖੁਸੀ ਵਿੱਚ ਰਾਹੁਲ ਸਾਪਲਾ ਔਸਟਰੈਲੀਆ, ਪ੍ਰੀਤੀ ਅਤੇ ਡਾਕਟਰ ਅਜੇ ਕੁਮਾਰ ਰਲ ਨਿਊਜੀਲੈਡ ਵੱਲੋ 5-5 ਹਜਾਰ ਰੁਪਏ ਬੁੱਧ ਵਿਹਾਰ ਸੋਫੀਪਿੰਡ ਨੂੰ ਦਾਨ ਕੀਤੇ।ਇਸ ਮੋਕੇ ਤੇ ਖੀਰ ਦਾ ਪ੍ਰਸ਼ਾਦ ਵਰਤਾਈਆ ਗਿਆ ਅਤੇ ਚਾਹ ਪਕੋੜੇ ਦਾ ਲੰਗਰ ਚਲਾਇਆ ਗਿਆ। ਜਿਸ ਦੀ ਸੇਵਾ ਸ਼੍ਰੀਮਤੀ ਕਾਂਤਾ ਕੁਮਾਰੀ ਅਤੇ ਸ਼੍ਰੀ ਰਾਕੇਸ ਕੁਮਰ ਸ਼ਾਪਲਾ ਵੱਲੋ ਕੀਤੀ ਗਈ। ਇਸ ਮੋਕੇ ਤੇ ਮਾਸਟਰ ਰਾਮ ਲਾਲ, ਲੈਮਬਰ ਚੰਦ, ਪਰਮਜੀਤ ਸਿਮਰ, ਤੁਲਸੀਦਾਸ, ਜੋਗਿੰਦਰ ਪਾਲ, ਗੋਤਮ ਸ਼ਾਪਲਾ ਨਾਰੇਸ਼ ਕੁਮਾਰ, ਡਾ ਕੇਸਰ, ਡਾ ਗੁਰਪਾਲ ਚੋਹਾਨ,ਡਾ ਸੁੱਖਵਿੰਦਰ ਕੁਮਾਰ ਸੁੱਖੀ, ਸ਼੍ਰੀ ਪਰਵੀਨ ਬੰਗਾ, ਹਰਜਿੰਦਰ ਬੰਗਾ, ਮੰਗਤ ਰਾਮ ਲੰਬਰਦਾਰ, ਮਨਜੀਤ ਸਿੰਘ, ਜਸਵਿੰਦਰ ਬਲ ,ਪ੍ਰਿਸੀਪਲ ਪਰਮਜੀਤ, ਸ਼੍ਰੀਮਤੀ ਕਮਲੇਸ਼, ਰਾਜਵਿੰਦਰ ਕੋਰ, ਕੋਮਲ, ਕਾਂਤਾ ਕੁਮਾਰੀ ਟੀਚਰ, ਸ਼੍ਰੀਮਤੀ ਮਨਜੀਤ ਕੋਰ, ਰੇਸ਼ਮ ਕੋਰ, ਸੰਕੁਤਲਾ, ਸਿਮਰ ਕੋਰ, ਕੁੱਲਵੰਤ ਕੋਰ। ਸੁੱਖਵਿੰਦਰ ਕੋਰ ਹੈਪੀ ਸ਼੍ਰੀਮਤੀ ਸਤਿਆ ਅਤੇ ਹੋਰ ਬਹੁਤ ਸਾਰੇ ਸ਼ਰਧਾਲੂ ਵਿਸ਼ੇਸ ਤੋਰ ਤੇ ਹਾਜਰ ਸਨ। ਉਕਤ ਸਾਰੀਆ ਵੱਲੋ ਬੁੱਧ ਪੂਰਣਿਮਾ ਦੀ ਛੁੱਟੀ ਨਾ ਕਰਨ ਤੇ ਪੰਜਾਬ ਸਰਕਾਰ ਦੀ ਸਖਤ ਨਿਖੇਦੀ ਕੀਤੀ ਗਈ।

# ਸਰਪੰਚ ਦੀ ਅਨੋਖੀ ਪਹਿਲ-ਪਲਾਸਟਿਕ ਦਾ ਕਬਾੜ ਲਿਆਓ ਤੇ ਰਾਸ਼ਨ ਪਾਓ

**ਮੋਗਾ–**ਇਥੋਂ ਦੇ ਪਿੰਡ ਰਣਸੀਂਹ ਕਲਾਂ, ਰਣਸੀਂਹ ਕਲਾਂ ਬੇਸ਼ੱਕ ਪੰਜਾਬ ਦੇ ਹਜ਼ਾਰਾਂ ਪਿੰਡਾਂ 'ਚੋਂ ਇੱਕ ਹੋਵੇਗਾ, ਪਰ ਅੱਜ ਕੱਲ੍ਹ ਇਸ ਦੀ ਪਛਾਣ ਕੁੱਝ ਵੱਖਰੀ ਬਣ ਗਈ ਹੈ। ਪੰਜਾਬ ਭਰ 'ਚ ਇਸ ਪਿੰਡ ਦੀ ਗੱਲ ਹੋਣ ਲੱਗੀ ਹੈ। ਇਥੋਂ ਦੀ ਉਦਾਹਰਨ ਦਿੱਤੀ ਜਾਣ ਲੱਗੀ ਹੈ, ਇਸ ਦਾ ਇੱਕ ਵੱਡਾ ਕਾਰਨ ਹੈ ਪਿੰਡ 'ਚ ਸ਼ੁਰੂ ਕੀਤੀਆਂ ਗਈਆਂ ਅਨੋਖੀਆਂ ਯੋਜਨਾਵਾਂ। ਨੌਜਵਾਨ ਮਿੰਟੂ ਨੇ ਸਰਪੰਚੀ ਦੀ ਕਮਾਨ ਕੀ ਸੰਭਾਲੀ, ਪਿੰਡ ਦੀ ਨੁਹਾਰ ਹੀ ਬਦਲਣ ਲੱਗੀ। ਇਹ ਨੌਜਵਾਨ ਸਰਪੰਚ ਪਿੰਡ ਦੇ ਲੋਕਾਂ ਨੂੰ ਵੱਖ ਵੱਖ ਸਹੂਲਤਾਂ ਦੇਣ ਲਈ ਤੇ ਪਿੰਡ ਨੂੰ ਸਾਫ਼ ਸੁਥਰਾ ਰੱਖਦਿਆਂ ਪਲਾਸਟਿਕ ਕਬਾੜ ਮੁਕਤ ਕਰਨ ਲਈ ਯਤਨਸ਼ੀਲ ਹੈ। ਮਿੰਟੂ ਸਰਪੰਚ ਨੇ ਇੱਕ ਅਜਿਹੀ ਅਨੋਖੀ ਸਕੀਮ ਸ਼ੁਰੂ ਕੀਤੀ ਹੈ ਜਿਸ ਦੇ ਚੱਲਦੇ ਲੋਕ ਪਲਾਸਟਿਕ ਦਾ ਲਿਫ਼ਾਫ਼ਾ ਤੱਕ ਬਾਹਰ ਨਹੀਂ ਸੁੱਟਦੇ, ਜੀ ਹਾਂ, ਸਕੀਮ ਹੀ ਕੁੱਝ ਅਜਿਹੀ ਹੈ। ਪੰਚਾਇਤ ਨੇ ਲੰਬੇ ਸੋਚ ਵਿਚਾਰ ਤੋਂ ਬਾਅਦ ਇਹ ਸਕੀਮ ਘੜੀ ਕਿ ਜੋ ਕੋਈ ਵਿਅਕਤੀ ਜਿੰਨਾ ਵੀ ਪਲਾਸਟਿਕ ਦਾ ਕਬਾੜ, ਲਿਫਾਫੇ, ਖ਼ਾਲੀ ਬੋਤਲਾਂ ਜਾਂ ਕੁੱਝ ਵੀ ਖ਼ਰਾਬ ਪਲਾਸਟਿਕ ਲੈ ਕੇ ਆਵੇਗਾ, ਉਹ ਬਦਲੇ 'ਚ ਰਾਸ਼ਨ ਲਈ ਖੰਡ, ਚੌਲ, ਗੁੜ ਲੈ ਕੇ ਜਾ ਸਕਦਾ ਹੈ। ਪਿੰਡ 'ਚ ਸ਼ੁਰੂ ਹੋਈ ਸਕੀਮ ਦਾ ਵੱਡਾ ਅਸਰ ਦੇਖਣ ਨੂੰ ਮਿਲਿਆ। ਲੋਕਾਂ ਨੇ ਗਲੀਆਂ 'ਚ ਲਿਫਾਫੇ ਤੇ ਪਲਾਸਟਿਕ ਕਬਾੜ ਸੁੱਟਣਾ ਛੱਡ ਇਸ ਨਵੀਂ ਯੋਜਨਾ ਦਾ ਲਾਹਾ ਲੈਣਾ ਸ਼ੁਰੂ ਕਰ ਦਿੱਤਾ। ਪਿੰਡ ਦੇ ਲੋਕ ਕਾਫ਼ੀ ਖੁਸ਼ ਨਜ਼ਰ ਆਏ। ਮਿੰਟੂ ਸਰਪੰਚ ਦੀ ਇਸ ਕੋਸ਼ਿਸ਼ ਵਿੱਚ ਪੂਰੇ ਪਿੰਡ ਨੇ ਅੱਗੇ ਹੋ ਕੇ ਸਹਿਯੋਗ ਦਿੱਤਾ, ਕਿਉਂਕਿ ਕਬਾੜ ਪਲਾਸਟਿਕ ਤੇ ਰਾਸ਼ਨ ਦੀ ਕੀਮਤ 'ਚ ਵੱਡਾ ਫ਼ਰਕ ਸੀ। ਅਜਿਹੇ 'ਚ ਪਿੰਡ ਦੇ ਲੋਕਾਂ ਨੇ ਮਿਲ ਕੇ ਆਪਣੇ ਪੱਧਰ ਉਤੇ ਫੰਡ ਇਕੱਠਾ ਕੀਤਾ, ਤਾਂ ਜੋ ਇਸ ਯੋਜਨਾ ਨੂੰ ਕਾਮਯਾਬ ਕਰਦਿਆਂ ਨਿਰੰਤਰ ਚਲਾਇਆ ਜਾ ਸਕੇ।





## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920, (ਫੈਕਸ) 1-916-238-1393**

**www.deshdoaba.com www.ambedkartimes.com**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਟੈਕਸਾਸ ਵਿਚ ਗੋਲੀਬਾਰੀ ਵਿੱਚ ਮਾਰੇ ਗਏ ਲੋਕਾਂ ਵਿਚ ਹੈਦਰਾਬਾਦ ਵਾਸੀ ਜੱਜ ਦੀ ਧੀ ਵੀ ਸ਼ਾਮਿਲ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਟੈਕਸਾਸ ਰਾਜ ਵਿਚ ਡਲਾਸ ਨੇੜੇ ਏਲਨ ਵਿਖੇ ਬੀਤ ਦਿਨ ਇਕ ਸ਼ਾਪਿੰਗ ਮਾਲ ਵਿਚ ਹੋਈ ਗੋਲੀਬਾਰੀ ਵਿਚ ਮਾਰੇ ਗਏ 9 ਲੋਕਾਂ ਵਿਚ ਭਾਰਤ ਦੀ 27 ਸਾਲਾ ਔਰਤ ਵੀ ਸ਼ਾਮਿਲ ਹੈ ਜੋ ਟੈਕਸਾਸ ਵਿਚ ਇਕ ਪ੍ਰਾਈਵੇਟ ਕੰਪਨੀ ਵਿਚ ਪ੍ਰਾਜੈਕਟ ਇੰਜੀਨੀਅਰ ਵਜੋਂ ਕੰਮ ਕਰਦੀ ਸੀ।

ਉਸ ਦੀ ਪਛਾਣ ਥਾਟੀਕੋਂਡਾ ਐਸ਼ਵਰਿਆ ਰੈਡੀ ਵਜੋਂ ਹੋਈ ਹੈ ਜੋ ਗੋਲੀਬਾਰੀ ਸਮੇ ਆਪਣੇ ਇਕ ਦੋਸਤ ਨਾਲ ਏਲਨ ਪ੍ਰੀਮੀਅਮ ਆਊਟਲੈਟਸ ਵਿਖੇ ਖਰੀਦਦਾਰੀ ਕਰ ਰਹੀ ਸੀ। ਉਹ ਹੈਦਰਾਬਾਦ (ਤੇਲੰਗਾਨਾ) ਦੇ ਜੱਜ ਟੀ ਨਰਸੀ ਰੈਡੀ ਦੀ ਧੀ ਹੈ। ਉਸ ਨੇ ਹੈਦਰਾਬਾਦ ਦੇ ਇਕ ਕਾਲਜ ਤੋਂ ਸਿਵਲ ਇੰਜਨੀਅਰਿੰਗ ਕੀਤੀ ਸੀ ਤੇ ਅਮਰੀਕਾ ਵਿਚ ਮਾਸਟਰ ਡਿਗਰੀ ਕਰਨ ਉਪਰੰਤ ਪਿਛਲੇ ਦੋ ਸਾਲਾਂ ਤੋਂ ਪ੍ਰਾਜੈਕਟ ਇੰਜਨੀਅਰ ਵਜੋਂ ਕੰਮ ਕਰ ਰਹੀ ਸੀ। ਜੱਜ ਦੇ ਇਕ ਦੋਸਤ ਨੇ ਦਸਿਆ ਕਿ ਸ਼ਨੀਵਾਰ ਨੂੰ ਹੋਈ ਗੋਲੀਬਾਰੀ ਤੋਂ ਪਹਿਲਾਂ ਐਸ਼ਵਰਿਆ ਨੇ ਪਰਿਵਾਰ ਨਾਲ ਗਲ ਕੀਤੀ ਸੀ।

ਜਦੋਂ ਪਰਿਵਾਰ ਨੂੰ ਗੋਲੀਬਾਰੀ ਬਾਰੇ ਪਤਾ ਲੱਗਾ ਤਾਂ ਉਨਾਂ ਨੇ ਵਾਪਿਸ ਐਸ਼ਵਰਿਆ ਨੂੰ ਫੋਨ ਕੀਤਾ ਸੀ ਪਰੰਤੂ ਅਗਿਊਂ ਕੋਈ ਜਵਾਬ ਨਹੀਂ ਮਿਲਿਆ। ਗੋਲੀਬਾਰੀ ਵਿਚ ਜ਼ਖਮੀ ਹੋਏ ਉਸ ਦੇ ਦੋਸਤ ਦਾ ਨਾਂ ਪੁਲਿਸ ਨੇ ਜਨਤਿਕ ਨਹੀਂ ਕੀਤਾ ਹੈ। ਉਹ ਅਜੇ ਇਲਾਜ ਅਧੀਨ ਹੈ। ਉਸ ਦੀ ਹਾਲਤ ਸਥਿਰ ਦਸੀ ਜਾ ਰਹੀ ਹੈ। ਪੁਲਿਸ ਦੀ ਕਾਰਵਾਈ ਵਿਚ ਮਾਰੇ ਗਏ ਸ਼ੱਕੀ ਹਮਲਾਵਰ ਦੀ ਪਛਾਣ ਮੌਰੀਸੀਓ ਗਾਰਸੀਆ ਵਜੋਂ ਹੋਈ ਹੈ। ਉਸ ਨੂੰ ਸਿਹਤ ਸਮੱਸਿਆ ਕਾਰਨ ਫੌਜ ਵਿਚੋਂ ਫਾਰਗ ਕਰ ਦਿੱਤਾ ਗਿਆ ਸੀ। ਉਹ ਨਾਜ਼ੀ ਸਮਰਥਕ ਇਕ ਸੱਜੇ ਪਖੀ ਗਰੁੱਪ ਲਈ ਕੰਮ ਕਰਦਾ ਸੀ। ਜਿਸ ਸਮੇ ਗੋਲੀਬਾਰੀ ਹੋਈ ਸ਼ਾਪਿੰਗ ਮਾਲ ਵਿਚ ਵੱਡੀ ਗਿਣਤੀ ਵਿਚ ਗਾਹਕ ਮੌਜੂਦ ਸਨ। ਅਚਾਨਕ ਇਕ ਗੰਨਮੈਨ ਵਲੋਂ ਕਾਰ ਵਿਚੋਂ ਉਤਰ ਕੇ ਕੀਤੀ ਗੋਲੀਬਾਰੀ ਉਪਰੰਤ ਮਾਲ ਵਿਚ ਅਫਰਾ ਤਫਰੀ ਦਾ ਮਹੌਲ ਪੈਦਾ ਹੋ ਗਿਆ। ਲੋਕਾਂ ਨੇ ਜਮੀਨ ਉਪਰ ਲੰਮੇ ਪੈ ਕੇ ਜਾਂ ਇਧਰ ਉਧਰ ਲੁਕ ਕੇ ਆਪਣੀ ਜਾਨ ਬਚਾਉਣ ਦਾ ਯਤਨ ਕੀਤਾ। ਪਰੰਤੂ ਐਸ਼ਵਿਰਆ ਸਮੇਤ ਮਾਰੇ ਗਏ 9 ਵਿਅਕਤੀ ਆਪਣੀ ਇਸ ਕੋਸ਼ਿਸ਼ ਵਿਚ ਨਾਕਾਮ ਰਹੇ।

# ਈਵੀਐੱਮ 'ਤੇ ਉਠਾਏ ਕਾਂਗਰਸ ਨੇ ਸਵਾਲ, ਚੋਣ ਕਮਿਸ਼ਨ ਆਇਆ ਹਰਕਤ 'ਚ, ਫ਼ਰਜ਼ੀ ਜਾਣਕਾਰੀ ਦਾ ਪੁੱਛਿਆ ਸਰੋਤ

**ਨਵੀਂ ਦਿੱਲੀ–** ਕਰਨਾਟਕ ਵਿਧਾਨ ਸਭਾ ਚੋਣ 2023 ਕਰਨਾਟਕ ਚੋਣਾਂ ਵਿੱਚ ਈਵੀਐਮ 'ਤੇ ਸਵਾਲ ਉਠਾਉਣਾ ਕਾਂਗਰਸ ਨੂੰ ਮਹਿੰਗਾ ਪਿਆ ਹੈ। ਕਰਨਾਟਕ ਵਿੱਚ ਵਰਤੀਆਂ ਗਈਆਂ ਈਵੀਐਮਜ਼ ਬਾਰੇ ਕਾਂਗਰਸ ਦੇ ਦੋਸ਼ਾਂ ਨੂੰ ਰੱਦ ਕਰਦਿਆਂ ਚੋਣ ਕਮਿਸ਼ਨ ਨੇ ਕਿਹਾ ਕਿ ਇਨ੍ਹਾਂ ਸਾਰੀਆਂ ਈਵੀਐਮਜ਼ ਦੀ ਪਹਿਲੀ ਵਾਰ ਵਰਤੋਂ ਕੀਤੀ ਗਈ ਹੈ। ਕਾਂਗਰਸ ਨੇ ਕਿਹਾ ਸੀ ਕਿ ਇਹ ਈਵੀਐੱਮ ਪਹਿਲਾਂ ਹੀ ਦੱਖਣੀ ਅਫ਼ਰੀਕਾ ਵਿੱਚ ਵਰਤੀ ਜਾ ਚੁੱਕੀ ਹੈ। ਚੋਣ ਕਮਿਸ਼ਨ ਨੇ ਕਾਂਗਰਸ ਦੇ ਦੋਸ਼ਾਂ ਨੂੰ ਝੂਠਾ ਕਰਾਰ ਦਿੱਤਾ ਅਤੇ ਕਿਹਾ ਕਿ ਉਹ ਅਫ਼ਵਾਹਾਂ ਫ਼ੈਲਾਉਣ ਦੀ ਗੰਭੀਰ ਸੰਭਾਵਨਾ ਵਾਲੇ ਝੂਠੀਆਂ ਸੂਚਨਾਵਾਂ ਦੇ ਸਰੋਤਾਂ ਨੂੰ ਜਨਤਕ ਕਰਨ ਤਾਂ ਜੋ ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾ ਸਕੇ। ਈਸੀਆਈ ਦਾ ਕਹਿਣਾ ਹੈ ਕਿ ਕਾਂਗਰਸ ਨੂੰ ਖਾਸ ਤੌਰ 'ਤੇ ਪਤਾ ਸੀ ਕਿ ਕਰਨਾਟਕ ਵਿੱਚ ਸਿਰਫ ਈਸੀ–ਆਈਐਲ ਦੁਆਰਾ ਨਿਰਮਿਤ ਈਵੀਐਮ ਦੀ ਵਰਤੋਂ ਕੀਤੀ ਜਾ ਰਹੀ ਹੈ।

# ਅਸਤੀਫ਼ਾ ਨਾ ਦਿੱਤਾ ਹੁੰਦਾ ਤਾਂ ਬਚ ਸਕਦੀ ਸੀ ਊਧਵ ਠਾਕਰੇ ਦੀ ਕੁਰਸੀ

**ਨਵੀਂ ਦਿੱਲੀ–** ਮਹਾਰਾਸ਼ਟਰ ਸਿਆਸੀ ਸੰਕਟ ਸੁਪਰੀਮ ਕੋਰਟ ਨੇ ਮਹਾਰਾਸ਼ਟਰ ਵਿੱਚ ਪਿਛਲੇ ਸਾਲ ਦੀ ਸਿਆਸੀ ਉਥਲ–ਪੁਥਲ ਅਤੇ ਸੱਤਾ ਤਬਦੀਲੀ ਨਾਲ ਸਬੰਧਤ ਮੁੱਦੇ 'ਤੇ ਦੋ ਵਿਰੋਧੀ ਧੜਿਆਂ ਊਧਵ ਠਾਕਰੇ ਅਤੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਵੱਲੋਂ ਦਾਇਰ ਵੱਖ–ਵੱਖ ਪਟੀਸ਼ਨਾਂ 'ਤੇ ਆਪਣਾ ਫੈਸਲਾ ਸੁਣਾਇਆ। ਅਦਾਲਤ ਨੇ ਕਿਹਾ ਕਿ ਇਸ ਮਾਮਲੇ 'ਚ ਕੋਈ ਫੈਸਲਾ ਲੈਣਾ ਜਲਦਬਾਜ਼ੀ ਹੈ, ਇਸ ਲਈ ਇਸ ਨੂੰ 7 ਜੱਜਾਂ ਦੇ ਵੱਡੇ ਬੈਂਚ ਨੂੰ ਸੌਂਪਿਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਏਕਨਾਥ ਸ਼ਿੰਦੇ ਅਤੇ ਉਨ੍ਹਾਂ ਦੇ ਧੜੇ ਦੇ ਕੁਝ ਵਿਧਾਇਕਾਂ ਨੇ ਬਗਾਵਤ ਕੀਤੀ ਸੀ ਅਤੇ ਉਸ ਤੋਂ ਬਾਅਦ ਊਧਵ ਠਾਕਰੇ ਦੀ ਅਗਵਾਈ ਵਾਲੀ ਮਹਾ ਵਿਕਾਸ ਅਗਾੜੀ (ਐਮਵੀਏ) ਦੀ ਗਠਜੋੜ ਸਰਕਾਰ ਡਿੱਗ ਗਈ ਸੀ।

**ਸੁਪਰੀਮ ਕੋਰਟ ਨੇ ਫ਼ੈਸਲਾ ਸੁਰੱਖਿਅਤ ਰੱਖਿਆ**

ਸੰਵਿਧਾਨਕ ਬੈਂਚ ਨੇ ਸਬੰਧਤ ਪਟੀਸ਼ਨਾਂ 'ਤੇ ਸੁਣਵਾਈ ਪੂਰੀ ਕਰਨ ਤੋਂ ਬਾਅਦ 16 ਮਾਰਚ ਨੂੰ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਸੀ। ਮਾਮਲੇ ਦੀ ਅੰਤਿਮ ਸੁਣਵਾਈ 21 ਫਰਵਰੀ ਨੂੰ ਸ਼ੁਰੂ ਹੋਈ ਸੀ ਅਤੇ ਨੌਂ ਦਿਨਾਂ ਤੱਕ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣੀਆਂ ਗਈਆਂ ਸਨ। ਸੁਪਰੀਮ ਕੋਰਟ ਨੇ ਸੁਣਵਾਈ ਦੇ ਆਖ਼ਰੀ ਦਿਨ ਸੋਚਿਆ ਸੀ ਕਿ ਇਹ ਊਧਵ ਠਾਕਰੇ ਦੀ ਸਰਕਾਰ ਨੂੰ ਕਿਵੇਂ ਬਹਾਲ ਕਰ ਸਕਦੀ ਹੈ ਜਦੋਂ ਤਤਕਾਲੀ ਮੁੱਖ ਮੰਤਰੀ ਸਦਨ ਵਿੱਚ ਫਲੋਰ ਟੈਸਟ ਦਾ ਸਾਹਮਣਾ ਕਰਨ ਤੋਂ ਪਹਿਲਾਂ ਹੀ ਅਸਤੀਫ਼ਾ ਦੇ ਚੁੱਕੇ ਸਨ।

# ਜਲੰਧਰ ਲੋਕ ਸਭਾ ਜ਼ਿਮਨੀ ਚੋਣ 'ਚ ਕੁੱਲ 54 ਫੀਸਦੀ ਵੋਟਿੰਗ ਹੋਈ

(ਸਫਾ 1 ਦੀ ਬਾਕੀ)

ਦੇ ਪਤੀ ਗੋਪੀ ਵੱਲੋਂ ਦੋਸ਼ ਲਗਾਇਆ ਜਾ ਰਿਹਾ ਹੈ ਕਿ ਉਨ੍ਹਾਂ ਵੱਲੋਂ ਕਾਂਗਰਸ ਪਾਰਟੀ ਦੇ ਲਗਾਏ ਹੋਏ ਬੂਥ ਨੂੰ ਹਟਾਉਣ ਲਈ ਆਮ ਆਦਮੀ ਪਾਰਟੀ ਦੇ ਵਰਕਰਾਂ ਵੱਲੋਂ ਉਨ੍ਹਾਂ ਨਾਲ ਵਿਵਾਦ ਕੀਤਾ ਗਿਆ ਹੈ, ਜਿਸ ਦੌਰਾਨ ਬੂਥ 'ਤੇ ਬੈਠਾ ਅਰਸ਼ਪ੍ਰੀਤ ਸਿੰਘ ਜ਼ਖ਼ਮੀ ਹੋ ਗਿਆ।

ਉਪਰੰਤ ਜਦ ਉਹ ਆਪਣੇ ਘਰ ਵਾਪਸ ਆਇਆ ਤਾਂ ਆਮ ਆਦਮੀ ਪਾਰਟੀ ਦੇ ਪਿੰਡ ਵਿਚ ਹੀ ਰਹਿ ਰਹੇ ਵਰਕਰਾਂ ਅਤੇ ਉਨ੍ਹਾਂ ਦੇ ਨਾਲ ਪਿੰਡ ਤੋਂ ਬਾਹਰਲੇ ਪਿੰਡਾਂ ਦੇ ਵਿਅਕਤੀਆਂ ਨੇ ਉਨ੍ਹਾਂ ਦੇ ਘਰ ਵੜ ਕੇ ਉਸ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਜਿਸ ਦੌਰਾਨ ਪੁਲਿਸ ਵੱਲੋਂ ਮੌਕੇ 'ਤੇ ਹੀ ਇਕ ਵਿਅਕਤੀ ਨੂੰ ਕਾਬੂ ਕੀਤਾ ਹੈ। ਦੱਸਿਆ ਜਾ ਰਿਹਾ ਹੈ ਕਿ ਪੁਲਿਸ ਵੱਲੋਂ ਉਥੇ ਇਕ ਵਾਹਨ ਸਮੇਤ ਹਥਿਆਰ ਵੀ ਬਰਾਮਦ ਕੀਤੇ ਹਨ। ਉੱਧਰ, ਦੂਜੀ ਧਿਰ ਦੇ ਵਿਅਕਤੀ ਗੁਰਸਿਮਰਨ ਸਿੰਘ, ਹਰਸਿਮਰਨ ਸਿੰਘ ਤੇ ਕਿਰਨਜੀਤ ਕੌਰ ਨੇ ਕਿਹਾ ਕਿ ਉਹ ਵੋਟਾਂ ਪਾਉਣ ਲਈ ਬੂਥ 'ਤੇ ਜਾ ਰਹੇ ਸਨ ਤਾਂ ਸਰਪੰਚ ਦੇ ਪਤੀ ਨੇ ਉਨ੍ਹਾਂ ਨਾਲ ਝਗੜਾ ਕਰਨਾ ਸ਼ੁਰੂ ਕਰ ਦਿੱਤਾ।

**ਹਾਕਮ ਪਾਰਟੀ ਨੇ ਕੀਤੀ ਗੁੰਡਾਗਰਦੀ : ਅਕਾਲੀ ਦਲ**

ਸ਼੍ਰੋਮਣੀ ਅਕਾਲੀ ਦਲ ਨੇ ਦੋਸ਼ ਲਾਇਆ ਹੈ ਕਿ ਪੰਜਾਬ ਦੀ 'ਆਪ' ਸਰਕਾਰ ਨੇ ਜਲੰਧਰ ਪਾਰਲੀਮਾਨੀ ਹਲਕੇ ਦੀ ਜ਼ਿਮਨੀ ਚੋਣ ਨੂੰ ਪ੍ਰਭਾਵਤ ਕਰਨ ਵਾਸਤੇ ਗੁੰਡਾਗਰਦੀ ਕੀਤੀ ਤੇ ਇਸ ਪਾਰਟੀ ਦੇ ਵਿਧਾਇਕ ਤੇ ਵਰਕਰ ਸਾਰਾ ਦਿਨ ਵੋਟਰਾਂ ਨੂੰ ਪ੍ਰਭਾਵਤ ਕਰਦੇ ਵੇਖੇ ਗਏ। ਇੱਥੋਂ ਜਾਰੀ ਬਿਆਨ ਵਿਚ ਸਾਬਕਾ ਅਕਾਲੀ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ 'ਆਪ' ਦੇ ਮੰਤਰੀ ਤੇ ਵਿਧਾਇਕ ਜਲੰਧਰ ਵਿਚ ਘੁੰਮਦੇ ਵੇਖੇ ਗਏ।

ਉਨ੍ਹਾਂ ਕਿਹਾ ਕਿ ਜਲੰਧਰ ਦੇ ਬਾਹਰੋਂ ਲਿਆਂਦੇ ਪਾਰਟੀ ਵਰਕਰ ਪਿੰਡਾਂ ਤੇ ਸ਼ਹਿਰਾਂ ਵਿਚ ਬੂਥਾਂ 'ਤੇ ਬੈਠੇ ਤੇ ਲਾਲਚ ਦੇ ਕੇ ਵੋਟਰਾਂ ਨੂੰ ਪ੍ਰਭਾਵਤ ਕਰਦੇ ਵੇਖੇ ਗਏ ਹਨ। ਡਾ. ਚੀਮਾ ਨੇ ਕਿਹਾ ਕਿ ਵਿਧਾਇਕ ਤੇ ਆਗੂਆਂ ਦੀ ਹਾਜ਼ਰੀ ਹੀ ਨਹੀਂ ਬਲਕਿ ਆਪ ਵਰਕਰਾਂ ਨੂੰ ਵੋਟਰਾਂ ਨੂੰ ਪੈਸੇ ਵੰਡਦੇ ਵੇਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਹੈਰਾਨੀ ਵਾਲੀ ਗੱਲ ਹੈ ਕਿ ਜਲੰਧਰ ਪਾਰਲੀਮਾਨੀ ਹਲਕੇ ਵਿਚ ਬਾਹਰੋਂ ਵੱਡੀ ਗਿਣਤੀ ਵਿਚ ਵਰਕਰ ਪੋਲਿੰਗ ਬੂਥਾਂ 'ਤੇ ਵੇਖੇ ਗਏ ਪਰ ਮੁੱਖ ਚੋਣ ਅਫਸਰ ਨੇ ਇਨ੍ਹਾਂ ਖਿਲਾਫ ਕਾਰਵਾਈ ਕਰਨ ਵਾਸਤੇ ਕੱਖ ਨਹੀਂ ਕੀਤਾ।

ਉਨ੍ਹਾਂ ਅੱਗੇ ਕਿਹਾ ਕਿ ਹਲਕੇ ਦੇ ਰਿਟਰਨਿੰਗ ਅਫਸਰ ਨੇ ਵੀ ਭਾਰਤੀ ਚੋਣ ਕਮਿਸ਼ਨ ਵੱਲੋਂ ਆਜ਼ਾਦ ਤੇ ਨਿਰਪੱਖ ਚੋਣਾਂ ਕਰਵਾਉਣ ਵਾਸਤੇ ਦਿੱਤੀਆਂ ਹਦਾਇਤਾਂ ਦੀ ਉਲੰਘਣਾ ਦੇ ਮਾਮਲੇ ਵਿਚ ਅਕਾਲੀ ਦਲ ਵੱਲੋਂ ਵਾਰ ਵਾਰ ਕੀਤੀਆਂ ਸ਼ਿਕਾਇਤਾਂ 'ਤੇ ਕੱਖ ਨਹੀਂ ਕੀਤਾ। ਡਾ. ਚੀਮਾ ਨੇ ਇਹ ਵੀ ਮੰਗ ਕੀਤੀ ਕਿ ਇਸ ਕੁਤਾਹੀ ਲਈ ਅਫਸਰਾਂ ਤੇ ਅਧਿਕਾਰੀਆਂ ਦੀ ਜ਼ਿੰਮੇਵਾਰੀ ਤੈਅ ਕੀਤੀ ਜਾਵੇ ਤੇ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇ।

**ਬਜ਼ੁਰਗਾਂ ਨੇ ਵਿਖਾਇਆ ਉਤਸ਼ਾਹ**

ਦੇਸ਼ ਦੀ ਆਜ਼ਾਦੀ ਤੋਂ ਬਾਅਦ ਬੁੱਧਵਾਰ ਨੂੰ 20ਵੀਂ ਵਾਰ ਲੋਕ ਸਭਾ ਸੀਟ ਲਈ ਜ਼ਿਮਨੀ ਚੋਣ ਹੋਈ। ਜ਼ਿਲ੍ਹੇ 'ਚ ਵੋਟਾਂ 54 ਫ਼ੀਸਦੀ ਦੇ ਕਰੀਬ ਰਹੀਆਂ ਪਰ ਹਰ ਵਰਗ 'ਚ ਲੋਕ ਸਭਾ ਉਪ ਚੋਣ 'ਚ ਵੋਟਾਂ ਪਾਉਣ ਲਈ ਉਤਸ਼ਾਹ ਸੀ। ਦੂਜੇ ਪਾਸੇ ਵੋਟਾਂ ਦਾ ਦਿਨ ਬਜ਼ੁਰਗਾਂ ਲਈ ਕਿਸੇ ਤਿਉਹਾਰ ਤੋਂ ਘੱਟ ਨਹੀਂ ਹੈ। ਪੋਲਿੰਗ ਸਟੇਸ਼ਨਾਂ 'ਤੇ ਵੋਟ ਪਾਉਣ ਆਏ ਬਜ਼ੁਰਗਾਂ ਦੇ ਚਿਹਰਿਆਂ 'ਤੇ ਇਕ ਵੱਖਰੀ ਹੀ ਖੁਸ਼ੀ ਸੀ। ਜ਼ਿਲ੍ਹੇ 'ਚ 100 ਤੋਂ ਵੱਧ ਵੋਟਰ ਹਨ। ਨਵੀਂ ਦਾਣਾ ਮੰਡੀ ਨੇੜੇ ਸਾਵਨ ਨਗਰ ਵਾਸੀ 100 ਸਾਲਾ ਪ੍ਰਕਾਸ਼ ਸਿੰਘ ਨੇ ਵੋਟ ਪਾਈ। ਉਹ 1923 'ਚ ਪੈਦਾ ਹੋਇਆ ਸੀ ਅਤੇ ਜਦੋਂ ਤੋਂ ਉਸ ਨੂੰ ਵੋਟ ਦਾ ਅਧਿਕਾਰ ਮਿਲਿਆ ਹੈ, ਉਦੋਂ ਤੋਂ ਹੀ ਵੋਟ ਦੇਣਾ ਜ਼ਰੂਰੀ ਸਮਝਦੇ ਹਨ। ਹੁਣ ਤੱਕ ਦੀਆਂ ਸਾਰੀਆਂ ਲੋਕ ਸਭਾ, ਵਿਧਾਨ ਸਭਾ ਤੇ ਨਗਰ ਨਿਗਮ ਚੋਣਾਂ 'ਚ ਵੋਟ ਪਾ ਚੁੱਕੇ ਹਨ। ਉਹ ਆਪਣੀ ਪਸੰਦ ਦੀ ਇਕ ਹੀ ਪਾਰਟੀ ਨੂੰ ਵੋਟ ਪਾਉਂਦੇ ਹਨ। ਉਨ੍ਹਾਂ ਦੇ ਪੁੱਤਰ ਹਰਜੀਤ ਸਿੰਘ ਮਲਹੋਤਰਾ ਨੇ ਦੱਸਿਆ ਕਿ ਉਨ੍ਹਾਂ ਸਵੇਰੇ ਉੱਠ ਕੇ ਕਿਹਾ ਕਿ ਅੱਜ ਸਭ ਤੋਂ ਜ਼ਰੂਰੀ ਕੰਮ ਵੋਟ ਪਾਉਣਾ ਹੈ। ਸਵੇਰੇ ਹੀ ਤਿਆਰ ਹੋ ਗਏ ਅਤੇ ਵੋਟ ਪਾ ਕੇ ਹੀ ਸੁੱਖ ਦਾ ਸਾਹ ਲਿਆ। ਚੋਣ ਅਧਿਕਾਰੀ ਨੇ ਉਨ੍ਹਾਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਵੀ ਕੀਤਾ।

ਗਾਜ਼ੀਪੁਰ ਪਿੰਡ ਦੀ ਰਹਿਣ ਵਾਲੀ 112 ਸਾਲਾ ਨਸੀਬ ਕੌਰ ਨੇ ਵੋਟ ਪਾਈ। ਰਿਸ਼ਤੇਦਾਰਾਂ ਨੇ ਦੱਸਿਆ ਕਿ ਮਾਂ ਵੋਟ ਪਾਉਣ ਸਬੰਧੀ ਕਿਸੇ ਦੀ ਗੱਲ ਨਹੀਂ ਸੁਣਦੀ। ਉਹ ਹਮੇਸ਼ਾ ਆਪਣੀ ਪਸੰਦ ਦੀ ਸਿਆਸੀ ਪਾਰਟੀ ਨੂੰ ਵੋਟ ਦਿੰਦੀ ਹੈ। ਪਿਛਲੀਆਂ ਚੋਣਾਂ 'ਚ ਮਾਂ ਬੀਮਾਰ ਸੀ ਪਰ ਉਹ ਜ਼ਿੱਦ ਨਾਲ ਵੋਟ ਪਾਉਣ ਲਈ ਪਹੁੰਚੀ ਸੀ। ਉਸ ਦਾ ਕਹਿਣਾ ਹੈ ਕਿ ਲੋਕਤੰਤਰ ਨੇ ਉਸ ਨੂੰ ਵੋਟ ਦਾ ਅਧਿਕਾਰ ਦਿੱਤਾ ਹੈ ਅਤੇ ਸਾਰਿਆਂ ਨੂੰ ਇਸ ਦੀ ਵਰਤੋਂ ਕਰਨੀ ਚਾਹੀਦੀ ਹੈ। ਆਜ਼ਾਦੀ ਤੋਂ ਬਾਅਦ ਲੋਕਤੰਤਰ ਦੀ ਮਜ਼ਬੂਤੀ ਦਾ ਆਧਾਰ ਵੋਟ ਪਾਉਣ ਵਾਲੇ ਹਨ।

ਇਸ ਦੇ ਨਾਲ ਹੀ 102 ਸਾਲਾ ਪਵਿੱਤਰ ਕੌਰ ਨੇ ਪਿੰਡ ਸ਼ੰਕਰ ਦੇ ਪੋਲਿੰਗ ਸਟੇਸ਼ਨ 109 'ਤੇ ਆਪਣੀ ਵੋਟ ਪਾਈ। ਉਸ ਦੇ ਰਿਸ਼ਤੇਦਾਰਾਂ ਨੇ ਦੱਸਿਆ ਕਿ ਪਿਛਲੇ ਦੋ ਹਫਤਿਆਂ ਤੋਂ ਚੋਣ ਪ੍ਰਚਾਰ ਤੇਜ਼ ਹੋਣ ਕਾਰਨ ਮਾਂ ਰੋਜ਼ ਪੁੱਛਦੀ ਸੀ ਕਿ ਅੱਜ ਵੋਟ ਪਾਉਣੀ ਹੈ। ਹਰ ਰੋਜ਼ ਉਨ੍ਹਾਂ ਨੂੰ ਦੱਸਿਆ ਜਾਂਦਾ ਸੀ ਕਿ 10 ਮਈ ਨੂੰ ਚੋਣਾਂ ਹੋਣੀਆਂ ਹਨ। ਇਹ ਬੁੱਧਵਾਰ ਸਵੇਰੇ ਹੀ ਤਿਆਰ ਹੋ ਗਈ ਸੀ ਅਤੇ ਗਰਮੀ ਪੈਣ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਵੋਟ ਪਾ ਕੇ ਘਰ ਵਾਪਸ ਲਿਆਂਦਾ ਗਿਆ ਸੀ।

**ਵੋਟਿੰਗ 'ਚ ਹੋਈ ਝੜਪ, 15 ਮਾਮਲੇ ਐਮਰਜੈਂਸੀ ਤੱਕ ਪਹੁੰਚੇ**

ਪੋਲਿੰਗ ਸਟੇਸ਼ਨਾਂ 'ਤੇ ਸੁਰੱਖਿਆ ਪ੍ਰਬੰਧਾਂ ਦੇ ਬਾਵਜੂਦ ਸਿਆਸੀ ਪਾਰਟੀਆਂ ਦੇ ਸਮਰਥਕਾਂ ਵਿਚਾਲੇ ਝੜਪਾਂ ਵੀ ਹੋਈਆਂ। ਇਸ ਦੌਰਾਨ 15 ਜ਼ਖ਼ਮੀ ਹਾਲਤ ਵਿਚ ਸਿਵਲ ਹਸਪਤਾਲ ਦੇ ਐਮਰਜੈਂਸੀ ਵਾਰਡ ਵਿਚ ਇਲਾਜ ਲਈ ਪੁੱਜੇ। ਐਮਰਜੈਂਸੀ ਵਾਰਡ ਵਿਚ ਸਾਰਾ ਦਿਨ ਸਟਾਫ਼ ਰੁੱਝਿਆ ਰਿਹਾ। ਉਂਜ ਜ਼ਖ਼ਮੀਆਂ ਦੇ ਇਲਾਜ ਅਤੇ ਐਮਐਲਆਰ ਕੱਟਣ ਸਬੰਧੀ ਆਗੂਆਂ ਦੀਆਂ ਸਿਫ਼ਾਰਸ਼ਾਂ ਵੀ ਹਾਵੀ ਰਹੀਆਂ।

**ਮੋਬਾਈਲ ਟੀਮਾਂ ਦੀ ਕੋਈ ਹਲਚਲ ਨਹੀਂ ਹੋਈ**

ਸਿਹਤ ਵਿਭਾਗ ਨੇ ਪੋਲਿੰਗ ਦੌਰਾਨ ਐਮਰਜੈਂਸੀ ਨਾਲ ਨਜਿੱਠਣ ਲਈ 9 ਵਿਧਾਨ ਸਭਾ ਹਲਕਿਆਂ ਵਿਚ 33 ਟੀਮਾਂ ਤਾਇਨਾਤ ਕੀਤੀਆਂ ਸਨ। ਜ਼ਿਲ੍ਹੇ ਵਿਚ ਜਿੱਥੇ ਡਾਕਟਰਾਂ ਦੀ ਟੀਮ ਦੀ ਲੋੜ ਸੀ, ਉੱਥੇ ਸਿਹਤ ਵਿਭਾਗ ਨੂੰ ਚੋਣ ਅਧਿਕਾਰੀਆਂ ਤੋਂ ਅਜਿਹੀ ਸੂਚਨਾ ਨਹੀਂ ਮਿਲੀ। ਸਾਰਾ ਦਿਨ ਟੀਮਾਂ ਧੁੱਪ ਵਿਚ ਐਂਬੂਲੈਂਸ ਵਿਚ ਬੈਠੀਆਂ ਰਹੀਆਂ। ਸ਼ਾਮ ਨੂੰ ਵੋਟਾਂ ਪੈਣ ਮਗਰੋਂ ਲੋਕਾਂ ਨੇ ਸੁੱਖ ਦਾ ਸਾਹ ਲਿਆ।

**'ਆਪ' ਵਿਧਾਇਕ ਨੂੰ ਕੀਤਾ ਗਿਆ ਗ੍ਰਿਫ਼ਤਾਰ**

ਜਲੰਧਰ ਦਿਹਾਤੀ ਪੁਲਿਸ ਨੇ ਬਾਬਾ ਬਕਾਲਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਦਲਬੀਰ ਸਿੰਘ ਟੌਂਗ ਨੂੰ ਜਲੰਧਰ ਲੋਕ ਸਭਾ ਹਲਕੇ 'ਚ ਮੌਜੂਦ ਹੋਣ ਕਾਰਨ ਗ੍ਰਿਫ਼ਤਾਰ ਕੀਤਾ। ਹਾਲਾਂਕਿ, ਬਾਅਦ 'ਚ ਉਨ੍ਹਾਂ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਹੈ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਇਸ ਦੀ ਪੁਸ਼ਟੀ ਕੀਤੀ ਹੈ।ਵਿਧਾਇਕ ਦਲਬੀਰ ਸਿੰਘ ਖ਼ਿਲਾਫ਼ ਜਲੰਧਰ ਜ਼ਿਲ੍ਹੇ ਦੇ ਸ਼ਾਹਕੋਟ ਥਾਣੇ ਵਿੱਚ ਕੇਸ ਦਰਜ ਕੀਤਾ ਗਿਆ ਸੀ। ਸ਼ਾਹਕੋਟ ਤੋਂ ਕਾਂਗਰਸੀ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੇ ਆਪਣੇ ਸਮਰਥਕਾਂ ਨਾਲ ਬਾਬਾ ਬਕਾਲਾ ਦੇ ਵਿਧਾਇਕ ਦਲਬੀਰ ਸਿੰਘ ਨੂੰ ਸ਼ਾਹਕੋਟ ਦੇ ਪਿੰਡ ਰੂਪੇਵਾਲ ਵਿਖੇ ਦੇਖਿਆ ਤਾਂ ਉਨ੍ਹਾਂ ਨੂੰ ਉਥੇ ਘੇਰ ਲਿਆ। ਇਸ ਤੋਂ ਬਾਅਦ ਸ਼ਾਹਕੋਟ ਦੇ ਐਸਪੀ ਗੁਰਪ੍ਰੀਤ ਸਿੰਘ ਹੋਰ ਪੁਲਿਸ ਅਧਿਕਾਰੀਆਂ ਸਮੇਤ ਮੌਕੇ 'ਤੇ ਪਹੁੰਚੇ, ਜਿੱਥੇ ਲਾਡੀ ਅਤੇ ਉਨ੍ਹਾਂ ਦੇ ਸਮਰਥਕਾਂ ਨੇ ਦਲਬੀਰ ਸਿੰਘ ਨੂੰ ਪੁਲਿਸ ਹਵਾਲੇ ਕਰ ਦਿੱਤਾ। ਪੁਲਿਸ ਨੇ ਵਿਧਾਇਕ ਦਲਬੀਰ ਸਿੰਘ ਨੂੰ ਸ਼ਾਹਕੋਟ ਥਾਣੇ ਲਿਆਂਦਾ ਬਾਅਦ ਵਿੱਚ ਉਨ੍ਹਾਂ ਨੂੰ ਜ਼ਮਾਨਤ 'ਤੇ ਛੱਡ ਦਿੱਤਾ ਗਿਆ। ਦੋਸ਼ ਬਲਬੀਰ ਸਿੰਘ ਕਥਿਤ ਤੌਰ 'ਤੇ ਵੋਟਰਾਂ ਨੂੰ ਡਰਾ ਧਮਕਾ ਰਿਹਾ ਸੀ ਅਤੇ ਭਾਰਤੀ ਚੋਣ ਕਮਿਸ਼ਨ ਦੇ ਦਿਸ਼ਾ–ਨਿਰਦੇਸ਼ਾਂ ਦੀ ਉਲੰਘਣਾ ਕਰ ਰਿਹਾ ਸੀ। ਉਨ੍ਹਾਂ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਜਲੰਧਰ ਉਪ ਚੋਣ 'ਚ ਵੋਟਿੰਗ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਨ ਲਈ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕਰਨ ਦਾ ਇਲਜ਼ਾਮ ਲਗਾਇਆ।

**ਡੇਰਿਆਂ ਦਾ ਪ੍ਰਭਾਵ**

ਸੰਸਦੀ ਹਲਕੇ ਦੇ ਵੱਖ–ਵੱਖ ਪਿੰਡਾਂ ਵਿੱਚ ਲਗਭਗ 100 ਦੇ ਕਰੀਬ ਵੱਡੇ ਅਤੇ ਛੋਟੇ 'ਡੇਰੇ' ਸਥਿਤ ਹਨ। ਪ੍ਰਮੁੱਖ ਡੇਰਿਆਂ ਵਿੱਚ ਡੇਰਾ ਸੱਚਖੰਡ ਬੱਲਾਂ ਸ਼ਾਮਲ ਹੈ। ਜਲੰਧਰ ਜ਼ਿਮਨੀ ਚੋਣ ਦੇ ਨਤੀਜੇ ਮਗਰੋਂ ਭਾਵੇਂ ਕਿਸੇ ਦੀ ਸਰਕਾਰ ਬਣਨੀ ਜਾਂ ਡਿਗਣੀ ਨਾ ਹੋਵੇ ਪਰ ਇਸ ਨੂੰ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ 'ਵਾਰਮ–ਅਪ' ਜਾਂ ਤਿਆਰੀ ਵਜੋਂ ਜ਼ਰੂਰ ਵੇਖਿਆ ਜਾ ਰਿਹਾ ਹੈ।

**ਕਰਨਾਟਕ ਵਿਚ 69.71 ਫੀਸਦੀ ਵੋਟਾਂ, ਲਟਕਵੀਂ ਵਿਧਾਨ ਸਭਾ ਬਣਨ ਦੇ ਆਸਾਰ**

ਕਰਨਾਟਕ ਵਿਧਾਨ ਸਭਾ ਚੋਣਾਂ ਲਈ ਵੋਟਾਂ ਦਾ ਕੰਮ ਮੁਕੰਮਲ ਹੋਣ ਮਗਰੋਂ ਚੋਣ ਮੈਦਾਨ 'ਚ ਉੱਤਰੇ ਵੱਖ ਵੱਖ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਦੀ ਕਿਸਮਤ ਈਵੀਐੱਮਜ਼ 'ਚ ਬੰਦ ਹੋ ਗਈ ਤੇ ਇਨ੍ਹਾਂ ਚੋਣਾਂ ਦੇ ਨਤੀਜੇ 13 ਮਈ ਨੂੰ ਆਉਣਗੇ। ਕਰਨਾਟਕ ਵਿਧਾਨ ਸਭਾ ਲਈ ਵੋਟਾਂ ਪੈਣ ਤੋਂ ਬਾਅਦ ਸਾਹਮਣੇ ਆਏ ਐਗਜ਼ਿਟ ਪੋਲ ਵਿੱਚ ਮੁੱਖ ਮੁਕਾਬਲਾ ਕਾਂਗਰਸ ਤੇ ਭਾਰਤੀ ਜਨਤਾ ਪਾਰਟੀ ਵਿਚਾਲੇ ਬਣਦਾ ਦਿਖਾਈ ਦੇ ਰਿਹਾ ਹੈ। ਜ਼ਿਆਦਾਤਰ ਏਜੰਸੀਆਂ ਦੇ ਐਗਜ਼ਿਟ ਪੋਲਜ਼ ਵਿੱਚ ਕਾਂਗਰਸ ਨੂੰ ਅੱਗੇ ਦਿਖਾਇਆ ਗਿਆ ਹੈ ਤੇ ਕਈ ਏਜੰਸੀਆਂ ਨੇ ਸੂਬੇ 'ਚ ਕਿਸੇ ਵੀ ਪਾਰਟੀ ਨੂੰ ਸਪੱਸ਼ਟ ਬਹੁਮਤ ਨਾ ਮਿਲਦਾ ਹੋਣ ਕਾਰਨ ਲਟਕਵੀਂ ਵਿਧਾਨ ਸਭਾ ਬਣਨ ਦੀ ਸੰਭਾਵਨਾ ਜ਼ਾਹਿਰ ਕੀਤੀ ਹੈ। ਅਜਿਹੇ ਵਿੱਚ ਸੂਬੇ ਅੰਦਰ ਸਰਕਾਰ ਬਣਾਉਣ ਵਿੱਚ ਸਾਬਕਾ ਪ੍ਰਧਾਨ ਮੰਤਰੀ ਐੱਚਡੀ ਦੇਵੇਗੌੜਾ ਦੀ ਅਗਵਾਈ ਹੇਠਲੀ ਜਨਤਾ ਦਲ (ਐੱਸ) ਦੀ ਭੂਮਿਕਾ ਅਹਿਮ ਹੋ ਸਕਦੀ ਹੈ।

ਚੋਣ ਕਮਿਸ਼ਨ ਤੋਂ ਮਿਲੀ ਜਾਣਕਾਰੀ ਅਨੁਸਾਰ 224 ਮੈਂਬਰੀ ਕਰਨਾਟਕ ਵਿਧਾਨ ਸਭਾ ਚੋਣਾਂ ਲਈ ਵੋਟਾਂ ਦਾ ਅਮਲ ਅੱਜ ਅਮਨ ਅਮਾਨ ਨੇਪਰੇ ਚੜ੍ਹ ਗਿਆ ਤੇ ਇਸ ਦੌਰਾਨ ਸ਼ਾਮ ਛੇ ਵਜੇ ਤੱਕ 69.71 ਫੀਸਦ ਵੋਟਾਂ ਪਈਆਂ ਹਨ। ਚੋਣ ਕਮਿਸ਼ਨ ਨੇ ਕਿਹਾ ਕਿ ਅਸਲ ਅੰਕੜੇ ਭਲਕੇ ਜਾਰੀ ਕੀਤੇ ਜਾਣਗੇ। ਚੋਣ ਕਮਿਸ਼ਨ ਅਨੁਸਾਰ ਕਰਨਾਟਕ ਦੇ ਰਾਮਨਗਰ ਹਲਕੇ 'ਚ ਸਭ ਤੋਂ ਵੱਧ 78.22 ਫੀਸਦ ਜਦਕਿ ਬ੍ਰਹਤ ਬੰਗਲੂਰੂ ਮਹਾਨਗਰ ਪਾਲਿਕਾ 'ਚ ਸਭ ਤੋਂ ਘੱਟ 48.63 ਫੀਸਦ ਵੋਟਾਂ ਪਈਆਂ ਹਨ। ਸਾਲ 2018 ਦੀਆਂ ਵਿਧਾਨ ਸਭਾ ਚੋਣਾਂ 'ਚ 72.10 ਫੀਸਦ ਵੋਟਾਂ ਪਈਆਂ ਸਨ। ਕਰਨਾਟਕ ਵਿਧਾਨ ਸਭਾ ਚੋਣਾਂ ਲਈ ਮੁੱਖ ਤੌਰ 'ਤੇ ਹਾਕਮ ਧਿਰ ਭਾਜਪਾ, ਕਾਂਗਰਸ ਤੇ ਜਨਤਾ ਦਲ (ਸੈਕੁਲਰ) ਵਿਚਾਲੇ ਮੁਕਾਬਲਾ ਹੈ।

ਚੋਣ ਅਧਿਕਾਰੀਆਂ ਨੇ ਦੱਸਿਆ ਕਿ ਅੱਜ ਸਾਬਕਾ ਪ੍ਰਧਾਨ ਮੰਤਰੀ ਐੱਚਡੀ ਦੇਵੇਗੌੜਾ, ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ, ਕੇਂਦਰੀ ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਹਿਲਾਦ ਜੋਸ਼ੀ, ਮੁੱਖ ਮੰਤਰੀ ਬਸਵਰਾਜ ਬੋਮਈ, ਸਾਬਕਾ ਮੁੱਖ ਮੰਤਰੀਆਂ ਬੀਐੱਸ ਯੇਦੀਯੁਰੱਪਾ ਤੇ ਡੀਵੀ ਸਦਾਨੰਦ (ਦੋਵੇਂ ਭਾਜਪਾ) ਅਤੇ ਸਿੱਧਾਰਮਈਆ ਤੇ ਜਗਦੀਸ਼ ਸ਼ੈਟਾਰ (ਦੋਵੇਂ ਕਾਂਗਰਸ) ਅਤੇ ਆਈਟੀ ਇੰਡਸਟਰੀ ਦੇ ਬਜ਼ੁਰਗ ਐੱਨਆਰ ਨਾਰਾਇਣ ਮੂਰਤੀ ਤੇ ਉਨ੍ਹਾਂ ਦੀ ਪਤਨੀ ਸੁਧਾ ਮੂਰਤੀ ਨੇ ਵੋਟ ਕੇਂਦਰਾਂ 'ਤੇ ਜਾ ਕੇ ਵੋਟ ਪਾਈ। ਇਸ ਦੌਰਾਨ ਪਹਿਲੀ ਵਾਰ ਵੋਟ ਪਾਉਣ ਵਾਲੇ ਨੌਜਵਾਨ ਵੋਟਰ ਵੀ ਉਤਸ਼ਾਹ ਨਾਲ ਆਪਣੇ ਜਮਹੂਰੀ ਹੱਕ ਦੀ ਵਰਤੋਂ ਕਰਨ ਪੁੱਜੇ। ਵੋਟ ਪਾਉਣ ਮਗਰੋਂ ਮੁੱਖ ਮਤਰੀ ਬਸਵਰਾਜ ਬੋਮਈ ਨੇ ਦਾਅਵਾ ਕੀਤਾ ਕਿ ਭਾਰਤੀ ਜਨਤਾ ਪਾਰਟੀ ਰਿਕਾਰਡ ਸੀਟਾਂ 'ਤੇ ਜਿੱਤ ਦਰਜ ਕਰੇਗੀ ਤੇ ਆਰਾਮ ਨਾਲ ਬਹੁਮਤ ਹਾਸਲ ਕਰੇਗੀ। ਇਸੇ ਦੌਰਾਨ ਕਰਨਾਟਕ 'ਚ ਕੁਝ ਥਾਵਾਂ 'ਤੇ ਹਿੰਸਕ ਘਟਨਾਵਾਂ ਵਾਪਰੀਆਂ ਹਨ। ਚੋਣ ਕਮਿਸ਼ਨ ਨੇ ਦੱਸਿਆ ਕਿ ਵਿਜੈਪੁਰਾ ਜ਼ਿਲ੍ਹੇ ਦੇ ਮਸਾਬੀਨਾਲਾ 'ਚ ਪਿੰਡਾਂ ਦੇ ਲੋਕਾਂ ਨੇ ਚੋਣ ਅਮਲੇ ਨੂੰ ਵੋਟਿੰਗ ਮਸ਼ੀਨਾਂ ਲਿਜਾਣ ਤੋਂ ਰੋਕਿਆ ਅਤੇ ਅਫਸਰਾਂ ਨਾਲ ਖਿੱਚ ਧੂਹ ਕੀਤੀ ਤੇ ਬੈਲੇਟ ਯੂਨਿਟਾਂ ਨੂੰ ਨੁਕਸਾਨ ਪਹੁੰਚਾਇਆ ਜਿਸ ਮਗਰੋਂ ਪੁਲੀਸ ਨੇ 23 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਕਰਨਾਟਕ ਦੇ ਚੋਣ ਨਤੀਜੇ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਅਤੇ ਕਈ ਹੋਰ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਲਈ ਵੀ ਅਹਿਮ ਹੋਣਗੇ। ਸੂਬੇ ਦੀ ਕੁੱਲ ਆਬਾਦੀ ਦੀ ਜੇਕਰ ਗੱਲ ਕਰੀਏ ਤਾਂ ਇਹ 5.3 ਕਰੋੜ ਹੈ, ਜੋ ਸਿਆਸੀ ਪਾਰਟੀਆਂ ਦੀ ਕਿਸਮਤ ਤੈਅ ਕਰੇਗੀ।

ਕਰਨਾਟਕ ਵਿੱਚ 1985 ਤੋਂ ਬਾਅਦ ਕੋਈ ਵੀ ਸੱਤਾਧਾਰੀ ਪਾਰਟੀ ਸੱਤਾ 'ਚ ਵਾਪਸੀ ਨਹੀਂ ਕਰ ਸਕੀ ਹੈ। 224 ਸੀਟਾਂ ਵਾਲੀ ਵਿਧਾਨ ਸਭਾ ਵਿੱਚ ਬਹੁਮਤ ਲਈ 113 ਦਾ ਅੰਕੜਾ ਸਰਕਾਰ ਬਣਾਉਣ ਲਈ ਚਾਹੀਦਾ ਹੈ। ਕਰਨਾਟਾਕ ਦੱਖਣੀ ਭਾਰਤ ਦਾ ਇਕੱਲਾ ਸੂਬਾ ਹੈ ਜਿੱਥੇ ਭਾਰਤੀ ਜਨਤਾ ਪਾਰਟੀ ਸਰਕਾਰ ਬਣਾਉਣ ਵਿੱਚ ਕਾਮਯਾਬ ਰਹੀ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਰਨਾਟਕ ਵਿੱਚ ਭਾਰਤੀ ਜਨਤਾ ਪਾਰਟੀ ਦੀ ਜਿੱਤ ਯਕੀਨੀ ਬਣਾਉਣ ਲਈ ਸਖ਼ਤ ਮਿਹਨਤ ਕੀਤੀ ਹੈ। ਪਿਛਲੇ ਸੱਤ ਦਿਨਾਂ ਵਿੱਚ ਉਨ੍ਹਾਂ ਨੇ 17 ਰੈਲੀਆਂ ਕੀਤੀਆਂ ਤੇ ਪੰਜ ਰੋਡ ਸ਼ੋਅ ਕੀਤੇ ਹਨ। ਦੱਖਣੀ ਭਾਰਤ ਦੇ ਅਹਿਮ ਸੂਬੇ ਕਰਨਾਟਕ ਦੇ ਚੋਣ ਨਤੀਜੇ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਅਤੇ ਕਈ ਹੋਰ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਲਈ ਵੀ ਅਹਿਮ ਹੋਣਗੇ।

ਪ੍ਰਧਾਨ ਮੰਤਰੀ ਕਰਨਾਟਕ ਵਿੱਚ ਭਾਜਪਾ ਦੀ ਜਿੱਤ ਯਕੀਨੀ ਬਣਾਉਣਾ ਚਾਹੁੰਦੇ ਹਨ ਅਤੇ ਆਉਣ ਵਾਲੀਆਂ ਚੋਣਾਂ ਲਈ ਇਸ ਨੂੰ ਇੱਕ ਪ੍ਰਤੀਕ ਵਜੋਂ ਵਰਤਣਾ ਚਾਹੁੰਦੇ ਹਨ। ਨਰਿੰਦਰ ਮੋਦੀ ਨੇ ਪਿਛਲੇ ਨੌਂ ਦਿਨਾਂ ਵਿੱਚ ਦੋ ਰਾਤਾਂ ਦਿੱਲੀ ਦੇ ਬਾਹਰ ਬਿਤਾਈਆਂ ਹਨ। ਇਹ ਵੀ ਇੱਕ ਅਸਧਾਰਨ ਗੱਲ ਹੈ। ਉਨ੍ਹਾਂ ਨੇ ਅਜਿਹਾ ਇਸ ਲਈ ਕੀਤਾ ਤਾਂ ਕਿ ਉਹ ਕਰਨਾਟਕ ਵਿੱਚ ਰੈਲੀਆਂ ਅਤੇ ਰੋਡ ਸ਼ੋਅ ਕਰ ਸਕਣ।

# ਡਾ ਅੰਬੇਡਕਰ ਵੈੱਲਫੇਅਰ ਸੁਸਾਇਟੀ ਦੌਲੇਵਾਲ ਵੱਲੋਂ ਬਾਬਾ ਸਾਹਿਬ ਦਾ ਜਨਮ ਦਿਵਸ ਮਨਾਇਆ ਗਿਆ

**ਭੋਗਪੁਰ (ਜਲੰਧਰ) (ਚਰਨਜੀਤ ਸਿੰਘ ਬਿਨਪਾਲਕੇ)–** ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ 132 ਵਾਂ ਜਨਮ ਦਿਵਸ ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ ਪਿੰਡ ਦੌਲੇਵਾਲ ਜਿਲ੍ਹਾ ਹੁਸ਼ਿਆਰਪੁਰ ਵਿਖੇ ਸਮੂਹ ਨਗਰ ਨਿਵਾਸੀਆਂ ਵੱਲੋਂ ਬਹੁਤ ਸ਼ਰਧਾ ਤੇ ਸਤਿਕਾਰ ਦੇ ਨਾਲ ਮਨਾਇਆ ਗਿਆ। ਇਸ ਮੌਕੇ ਬੱਚਿਆਂ ਵੱਲੋਂ ਕਵਿਤਾਵਾਂ ਅਤੇ ਭਾਸ਼ਣ ਪੇਸ਼ ਕੀਤੇ ਗਏ। ਸਮਾਗਮ ਦੇ ਮੁੱਖ ਬੁਲਾਰੇ ਮਾਸਟਰ ਅਰਸ਼ਦੀਪ ਵਲੋਂ ਬਾਬਾ ਸਾਹਿਬ ਦੇ ਜੀਵਨੀ ਅਤੇ ਇਤਿਹਾਸ ਤੇ ਵਿਸਥਾਰ-ਪੂਰਬਕ ਚਾਨਣਾ ਪਾਇਆ ਗਿਆ। ਚਰਨਜੀਤ ਸਿੰਘ ਬਿਨਪਾਲਕੇ ਨੇ ਬਾਬਾ ਸਾਹਿਬ ਦੀ ਵਿਚਾਰਧਾਰਾ ਬਾਰੇ ਸੰਗਤਾਂ ਨੂੰ ਜਾਣੂ



ਕਰਵਾਇਆ। ਸਟੇਜ ਸਕੱਤਰ ਦੀ ਭੂਮਿਕਾ ਮਾਸਟਰ ਬੁੱਧ ਸਿੰਘ ਨੇ ਨਿਭਾਈ। ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ) ਵਲੋਂ ਇਸ ਸਮਾਗਮ ਦੇ ਪ੍ਰਬੰਧਕਾਂ ਨੂੰ ਵਿਸ਼ੇਸ਼ ਸਨਮਾਨ ਦਿੱਤਾ ਗਿਆ। ਇਸ ਮੌਕੇ ਪ੍ਰਬੰਧਕਾਂ ਸ੍ਰੀ ਪਰਮਿੰਦਰ ਸਿੰਘ, ਹਰਜੋਤ ਸਿੰਘ, ਮਾਸਟਰ ਬੁੱਧ ਸਿੰਘ, ਸੂਬੇਦਾਰ ਬਹਾਦਰ ਸਿੰਘ ਬਲਜਿੰਦਰ ਕੌਰ, ਪਰਮਜੀਤ ਸਿੰਘ ਫੌਜੀ, ਸੁਖਵੀਰ ਸਿੰਘ, ਸਰਬਜੀਤ ਸਿੰਘ , ਹਰਜਿੰਦਰ ਸਿੰਘ, ਮਨਪ੍ਰੀਤ ਸਿੰਘ,ਇੰਦਰ ਸਿੰਘ, ਗੁਰਜੀਤ ਸਿੰਘ, ਸ਼ਾਂਤੀ ਰਾਣੀ, ਮਨਜੀਤ ਕੌਰ ਪ੍ਰਿਆਂਸ਼ੂ ਅਤੇ ਹੋਰ ਸੰਗਤਾਂ ਨੇ ਹਾਜ਼ਰੀ ਭਰੀ। ਸਮਾਪਤੀ ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਬੱਚਿਆਂ ਨੂੰ ਕਾਪੀਆਂ ਪੈਨਸਲਾਂ ਵੀ ਤਕਸੀਮ ਕੀਤੀਆਂ ਗਈਆਂ।

# ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ ਵੱਲੋਂ ਸਵਰਗੀ ਸੰਦੀਪ ਨੰਗਲ ਅੰਬੀਆ ਲਈ ਇਨਸਾਫ ਦੀ ਮੰਗ

**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀ-ਲੈਂਡ ਕਬੱਡੀ ਫੈਡਰੇਸ਼ਨ ਦੀ ਇਕ ਅਹਿਮ ਮੀਟਿੰਗ ਅੱਜ ਹਮਿਲਟਨ ਸ਼ਹਿਰ ਵਿਖੇ ਹੋਈ ਜਿੱਥੇ ਕਬੱਡੀ ਫੈਡਰੇਸ਼ਨ ਦੇ ਬਹੁਤਾਤ ਮੈਂਬਰ ਹਾਜ਼ਿਰ ਰਹੇ। ਸਥਾਨਿਕ ਗਤੀਵਿਧੀਆਂ ਤੋਂ ਇਲਾਵਾ ਜਿਹੜਾ ਮੁੱਖ ਮੁੱਦਾ ਵੀਚਾਰਿਆ ਗਿਆ ਉਹ ਇਹ ਸੀ ਸੀ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਪੰਜਾਬ ਸ। ਭਗਵੰਤ ਸਿੰਘ ਮਾਨ ਨੂੰ ਅਪੀਲ ਕੀਤੀ ਜਾਏ ਕਿ ਉਹ ਪ੍ਰਸਿੱਧ ਕਬੱਡੀ ਖਿਡਾਰੀ ਅਤੇ ਅੰਤਰਰਾਸ਼ਟਰੀ ਕਬੱਡੀ ਦੇ ਪ੍ਰੋਮੋਟਰ ਸ। ਸੰਦੀਪ ਸਿੰਘ ਸੰਧੂ ਉਰਫ ਸੰਦੀਪ ਨੰਗਲ ਅੰਬੀਆ ਦੇ ਪਰਿਵਾਰ ਨੂੰ ਇਨਸਾਫ ਦਿਵਾਏ। ਵਰਨਣਯੋਗ ਹੈ ਕਿ ਇਸ ਪ੍ਰਸਿੱਧ ਖਿਡਾਰੀ ਦਾ 14 ਮਾਰਚ 2022 ਨੂੰ ਪਿੰਡ ਮੱਲੀਆਂ ਖੁਰਦ ਵਿਖੇ ਕਤਲ ਕਰ ਦਿੱਤਾ ਗਿਆ ਸੀ। ਇਹ ਖਿਡਾਰੀ ਇੰਗਲੈਂਡ, ਅਮਰੀਕਾ, ਆਸਟਰੇਲੀਆ ਅਤੇ ਨਿਊਜ਼ੀਲੈਂਡ ਕਬੱਡੀ ਖੇਡਦਾ ਰਿਹਾ ਹੈ ਅਤੇ ਕਬੱਡੀ ਦੇ ਖਿਡਾਰੀਆਂ ਨੂੰ ਆਪਣੀ ਮਾਂ ਖੇਡ ਪ੍ਰਤੀ ਪ੍ਰੇਰਿਤ ਕਰਦਾ ਸੀ। 2014 ਦੇ ਵਿਚ ਇਸ ਨੇ ਵਰਲਡ ਕਬੱਡੀ ਲੀਗ ਵੀ ਸ਼ੁਰੂ ਕੀਤੀ ਸੀ।

ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆ ਕਤਲ ਕੇਸ 'ਚ ਪੁਲਿਸ ਨੇ ਪਿਛਲੇ ਵੱਡੀ ਸਫਲਤਾ ਹਾਸਲ ਕੀਤੀ। ਪੁਲਿਸ ਨੇ ਇਸ ਮਾਮਲੇ 'ਚ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਬੀਤੇ ਦਿਨੀਂ ਸੰਦੀਪ ਨੰਗਲ ਅੰਬੀਆ ਦੀ ਪਤਨੀ ਨੇ ਸੋਸ਼ਲ ਮੀਡੀਆ 'ਤੇ ਲਾਈਵ ਹੋ ਕੇ ਇਸ ਗੱਲ ਦਾ ਖੁਲਾਸਾ ਕੀਤਾ ਸੀ। ਉਨ੍ਹਾਂ ਕਿਹਾ ਸੀ ਕਿ ਪਿਛਲੇ ਸਾਲ ਸਾਡੇ ਪਰਿਵਾਰ ਜਾਂ ਕਬੱਡੀ ਜਗਤ ਨਾਲ ਜੋ ਮਾੜੀ ਦੁਰਘਟਨਾ ਹੋਈ ਸੀ। ਉਸ ਬਾਰੇ ਅਜੇ ਸਾਨੂੰ ਕੋਈ ਇਨਸਾਫ ਨਹੀਂ ਮਿਲਿਆ ਸੀ। ਸੋ ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ ਵੱਲੋਂ ਵੀ ਮੁੱਖ ਮੰਤਰੀ ਪੰਜਾਬ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਇਸ ਮਾਮਲੇ ਦੀ ਜਾਂਚ-ਪੜਤਾਲ ਤੇਜ਼ ਕਰਵਾ ਕੇ ਅਦਾਲਤੀ ਕਾਰਵਾਈ ਤੱਕ ਪਹੁੰਚਾਇਆ ਜਾਵੇ ਅਤੇ ਪਰਿਵਾਰ ਨੂੰ ਇਨਸਾਫ ਦਿਵਾਇਆ ਜਾਵੇ।




ਇਹ ਵੀ ਮੰਗ ਕੀਤੀ ਗਈ ਕਿ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣ ਕਿਉਂਕਿ ਕਿਸੇ ਨੂੰ ਵੀ ਇਹ ਹੱਕ ਨਹੀਂ ਹੈ ਕਿ ਉਹ ਕਿਸੇ ਦਾ ਪੁੱਤਰ, ਕਿਸੇ ਦਾ ਪਤੀ ਅਤੇ ਬੱਚਿਆਂ ਦੇ ਬਾਪ ਦੀ ਇੰਝ ਜਾਨ ਲੈ ਲਵੇ। ਇਸੀ ਤਰ੍ਹਾਂ ਮੀਟਿੰਗ ਦੇ ਵਿਚ ਇਹ ਵੀ ਮੁੱਦਾ ਵਿਚਾਰਿਆ ਗਿਆ ਕਿ ਪੰਜਾਬ ਤੇ ਪੰਜਾਬੀਅਤ ਦੀ ਗੱਲ ਕਰਨ ਵਾਲੇ ਅੰਤਰਰਾਸ਼ਟਰੀ ਗਾਇਕ ਸਿੱਧੂ ਮੂਸੇਵਾਲਾ ਦੇ ਕਾਤਲਾਂ ਨੂੰ ਵੀ ਫੜ ਕੇ ਸਖਤ ਤੋਂ ਸਜਾ ਦਿੱਤੀ ਜਾਵੇ।

ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ ਤੋਂ ਇਲਾਵਾ ਮਾਲਵਾ ਸਪੋਰਟਸ ਕਲੱਬ, ਐਸ ਬੀ ਐਸ ਸਪੋਰਟਸ ਕਲੱਬ, ਬੇਅ ਆਫ ਪਲੈਂਟੀ ਸਪੋਰਟਸ ਕਲੱਬ, ਮੈਟਰੋ ਸਪੋਰਟਸ ਕਲੱਬ, ਬੌਟਨੀ ਸਪੋਰਟਸ ਕਲੱਬ, ਹਮਿਲਟਨ ਯੂਥ ਕਲੱਬ, ਚੜ੍ਹਦੀ ਕਲਾ ਸਪੋਰਟਸ ਕਲੱਬ, ਦੋਆਬਾ ਸੁਰਖਪੁਰ ਕਲੱਬ, ਅੰਬੇਡਕਰ ਸਪੋਰਟਸ ਕਲੱਬ, ਪੰਜਾਬ ਸਪੋਰਟਸ ਕਲੱਬ ਅਤੇ ਫਾਈਵ ਰਿਵਰ ਸਪੋਰਟਸ ਕਲੱਬ ਨੇ ਵੀ ਖੇਡ ਮੈਦਾਨਾਂ ਦੇ ਖੋਹ ਲਏ ਖਿਡਾਰੀ ਸੰਦੀਪ ਨੰਗਲ ਅੰਬੀਆਂ ਦੇ ਲਈ ਇਨਸਾਫ ਦੀ ਮੰਗ ਕੀਤੀ ਹੈ।







# ਪਠਾਨਕੋਟ ਪੁਲਿਸ ਵੱਲੋਂ ਪੁਲਿਸ ਮੁਲਾਜ਼ਮਾਂ ਦੀ ਭਲਾਈ ਲਈ ਸਿਹਤ ਤੇ ਤੰਦਰੁਸਤੀ ਵਰਕਸ਼ਾਪ ਦਾ ਆਯੋਜਨ





**ਪਠਾਨਕੋਟ, (ਰਾਜਿੰਦਰ ਸਿੰਘ ਰਾਜਨ)** ਪਠਾਨਕੋਟ ਪੁਲਿਸ ਨੇ ਆਪਣੇ ਪੁਲਿਸ ਕਰਮਚਾਰੀਆਂ ਵਿੱਚ ਇੱਕ ਸਿਹਤਮੰਦ ਅਤੇ ਤਣਾਅ ਮੁਕਤ ਜੀਵਨ ਨੂੰ ਉਤਸ਼ਾਹਿਤ ਕਰਨ ਲਈ ਆਟੋਡੋਰੀਅਮ ਸੈਲੀ ਰੋਡ ਵਿਖੇ ਇੱਕ ਸਿਹਤ ਅਤੇ ਤੰਦਰੁਸਤੀ ਵਰਕਸ਼ਾਪ ਦਾ ਆਯੋਜਨ ਕੀਤਾ ਹੈ। ਜਿਸ ਦਾ ਉਦੇਸ਼ ਇਹ ਯਕੀਨੀ ਬਣਾਉਣਾ ਸੀ ਕਿ ਪੁਲਿਸ ਕਰਮਚਾਰੀ ਸਰੀਰਕ ਅਤੇ ਮਾਨਸਿਕ ਤੌਰ 'ਤੇ ਚੰਗੀ ਸਿਹਤ ਵਿੱਚ ਹਨ।

ਵਰਕਸ਼ਾਪ ਵਿੱਚ 100 ਪੁਰਸ਼ ਅਤੇ 70 ਮਹਿਲਾ ਪੁਲਿਸ ਅਧਿਕਾਰੀਆਂ ਸਮੇਤ 170 ਪੁਲਿਸ ਮੁਲਾਜ਼ਮਾਂ ਨੇ ਭਾਗ ਲਿਆ ਹੈ। ਡਾ: ਅੰਜਲੀਨ ਉੱਪਲ, ਇੱਕ ਮਾਨਸਿਕ ਸਿਹਤ ਮਾਹਿਰ, ਮਨੋ-ਚਿਕਿਤਸਕ ਅਤੇ ਯੂਕੇ ਅਤੇ ਕੈਨੇਡਾ ਵਿੱਚ ਸਿਖਲਾਈ ਪ੍ਰਾਪਤ ਉੱਤਮ ਕੋਚ, ਨੇ ਕੋਰਸ ਕੋਆਰਡੀਨੇਟਰ ਵਜੋਂ ਸੇਵਾ ਨਿਭਾਈ ਹੈ। ਡਾ ਉੱਪਲ ਨੇ ਭਾਗੀਦਾਰਾਂ ਨੂੰ ਤੰਦਰੁਸਤੀ ਦੇ ਵੱਖ-ਵੱਖ ਸਾਧਨਾਂ ਦੀ ਸਿਖਲਾਈ ਦਿੱਤੀ ਹੈ। ਵਰਕਸ਼ਾਪ ਪੁਲਿਸ ਕਰਮਚਾਰੀਆਂ ਦੀ ਸਮੁੱਚੀ ਤੰਦਰੁਸਤੀ ਨੂੰ ਬਿਹਤਰ ਬਣਾਉਣ ਦੇ ਉਦੇਸ਼ ਨਾਲ ਆਯੋਜਿਤ ਕੀਤੀ ਗਈ ਸੀ, ਜੋ ਕਿ ਉਹਨਾਂ ਦੇ ਕੰਮ ਦੀ ਲਾਈਨ ਵਿੱਚ ਮਹੱਤਵਪੂਰਨ ਹੈ। ਪੁਲਿਸ ਅਧਿਕਾਰੀ ਦੀ ਨੌਕਰੀ ਨਾ ਸਿਰਫ਼ ਸਰੀਰਕ ਤੌਰ 'ਤੇ ਮੰਗ ਕਰਦੀ ਹੈ, ਬਲਕਿ ਇਹ ਉਨ੍ਹਾਂ ਦੀ ਮਾਨਸਿਕ ਸਿਹਤ 'ਤੇ ਵੀ ਪ੍ਰਭਾਵ ਪਾਉਂਦੀ ਹੈ। ਇਸ ਲਈ, ਵਰਕਸ਼ਾਪ ਤਣਾਅ-ਪ੍ਰਬੰਧਨ ਤਕਨੀਕਾਂ, ਸਿਹਤਮੰਦ ਖਾਣ-ਪੀਣ ਦੀਆਂ ਆਦਤਾਂ ਅਤੇ ਨਿਯਮਤ ਕਸਰਤ ਦੇ ਰੁਟੀਨ ਨੂੰ ਉਤਸ਼ਾਹਿਤ ਕਰਨ 'ਤੇ ਕੇਂਦ੍ਰਿਤ ਸੀ। ਇਸ ਮੌਕੇ ਡਾ: ਅੰਜਲੀਨ ਉੱਪਲ ਨੇ ਕਿਹਾ, "ਪੁਲਿਸ ਕਰਮਚਾਰੀ ਤਣਾਅਪੂਰਨ ਹਾਲਤਾਂ ਵਿੱਚ ਕੰਮ ਕਰਦੇ ਹਨ, ਅਤੇ ਉਹਨਾਂ ਦੀ ਮਾਨਸਿਕ ਅਤੇ ਸਰੀਰਕ ਸਿਹਤ ਦਾ ਧਿਆਨ ਰੱਖਣਾ ਮਹੱਤਵਪੂਰਨ ਹੈ। ਵਰਕਸ਼ਾਪ ਦਾ ਉਦੇਸ਼ ਸਮੁੱਚੀ ਤੰਦਰੁਸਤੀ ਨੂੰ ਉਤਸ਼ਾਹਿਤ ਕਰਨਾ ਅਤੇ ਇਹ ਯਕੀਨੀ ਬਣਾਉਣਾ ਸੀ ਕਿ ਪੁਲਿਸ ਕਰਮਚਾਰੀ ਇੱਕ ਸਿਹਤਮੰਦ ਅਤੇ ਤਣਾਅ ਮੁਕਤ ਜ਼ਿੰਦਗੀ ਬਤੀਤ ਕਰਨ। ਇਸ ਮੌਕੇ 'ਤੇ ਬੋਲਦਿਆਂ ਸੀਨੀਅਰ ਪੁਲਿਸ ਕਪਤਾਨ ਪਠਾਨਕੋਟ ਹਰਕਮਲ ਪ੍ਰੀਤ ਸਿੰਘ ਖੱਖ ਨੇ ਕਿਹਾ, "ਸਾਡੇ ਪੁਲਿਸ ਕਰਮਚਾਰੀਆਂ ਦੀ ਸਿਹਤ ਅਤੇ ਤੰਦਰੁਸਤੀ ਸਾਡੇ ਲਈ ਬਹੁਤ ਮਹੱਤਵ ਰੱਖਦੀ ਹੈ। ਅਸੀਂ ਉਹਨਾਂ ਨੂੰ ਪੁਲਿਸ ਦੀ ਅਗਵਾਈ ਕਰਨ ਲਈ ਸਾਰੇ ਲੋੜੀਂਦੇ ਸਾਧਨ ਪ੍ਰਦਾਨ ਕਰਨ ਲਈ ਵਚਨਬੱਧ ਹਾਂ। ਸਿਹਤਮੰਦ ਅਤੇ ਤਣਾਅ ਮੁਕਤ ਜੀਵਨ ਵਰਕਸ਼ਾਪ ਇਸ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ।"




ਇਹ ਵਰਕਸ਼ਾਪ ਬਹੁਤ ਸਫਲ ਰਹੀ ਅਤੇ ਇਸ ਵਿੱਚ ਸ਼ਾਮਲ ਹੋਏ ਪੁਲਿਸ ਮੁਲਾਜ਼ਮਾਂ ਨੇ ਅਜਿਹਾ ਸਮਾਗਮ ਕਰਵਾਉਣ ਲਈ ਪਠਾਨਕੋਟ ਪੁਲਿਸ ਦਾ ਧੰਨਵਾਦ ਕੀਤਾ। ਹੈ। ਅਧਿਕਾਰੀਆਂ ਨੇ ਕਿਹਾ ਕਿ ਉਹ ਇੱਕ ਸਿਹਤਮੰਦ ਅਤੇ ਤਣਾਅ ਮੁਕਤ ਜੀਵਨ ਜਿਉਣ ਲਈ ਤਾਕਤਵਰ ਅਤੇ ਪ੍ਰੇਰਿਤ ਮਹਿਸੂਸ ਕਰਦੇ ਹਨ, ਜਿਸ ਨਾਲ ਉਹ ਆਪਣੇ ਫਰਜ਼ਾਂ ਨੂੰ ਹੋਰ ਕੁਸ਼ਲਤਾ ਨਾਲ ਨਿਭਾਉਣ ਦੇ ਯੋਗ ਹੋਣਗੇ।

ਪਠਾਨਕੋਟ ਪੁਲਿਸ ਨੇ ਡਾ: ਅੰਜਲੀਨ ਉੱਪਲ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਅਜਿਹੀ ਵਡਮੁੱਲੀ ਵਰਕਸ਼ਾਪ ਕਰਵਾਉਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਉਨ੍ਹਾਂ ਪੁਲਿਸ ਮੁਲਾਜ਼ਮਾਂ ਦੀ ਭਲਾਈ ਲਈ ਆਪਣੀ ਵਚਨਬੱਧਤਾ ਨੂੰ ਵੀ ਦੁਹਰਾਇਆ ਅਤੇ ਭਵਿੱਖ ਵਿੱਚ ਅਜਿਹੀਆਂ ਹੋਰ ਵਰਕਸ਼ਾਪਾਂ ਦਾ ਆਯੋਜਨ ਕਰਨ ਦਾ ਵਾਅਦਾ ਵੀ ਕੀਤਾ ਹੈ।

## ਬੁੱਤਸਾਜ ਜਨਕ ਰਾਮਗੜ੍ਹ ਅਤੇ ਚਿੱਤਰਕਾਰ ਗੁਰਦੀਸ਼ ਦੇਣਗੇ ਦੇਸ਼ ਭਗਤ ਹਾਲ ਮਿਊਜ਼ੀਅਮ ਨੂੰ ਨਵੀਂ ਦਿੱਖ



**ਜਲੰਧਰ-** ਪੰਜਾਬ ਦੇ ਨਾਮਵਰ ਬੁੱਤਸਾਜ਼ ਜਨਕ ਰਾਮਗੜ੍ਹ ਅਤੇ ਮੰਨੇ ਪ੍ਰਮੰਨੇ ਚਿੱਤਰਕਾਰ ਗੁਰਦੀਸ਼ ਨੇ ਅੱਜ ਦੇਸ਼ ਭਗਤ ਯਾਦਗਾਰ ਹਾਲ ਅੰਦਰ ਬਣੇ ਬਾਬਾ ਸੋਹਣ ਸਿੰਘ ਭਕਨਾ ਗ਼ਦਰੀ ਮਿਊਜ਼ੀਅਮ ਨੂੰ ਇਤਿਹਾਸਕ ਅਤੇ ਕਲਾਤਮਕ ਪੱਖੋਂ ਪ੍ਰਭਾਵਸ਼ਾਲੀ ਦਿੱਖ ਦੇਣ ਲਈ ਵੱਖ-ਵੱਖ ਪ੍ਰੋਜੈਕਟਾਂ ਨੂੰ ਨਵਿਆਉਣ ਅਤੇ ਸਿਰਜਨਾਤਮਕ ਕਾਰਜ ਕਰਨ ਦੀ ਦੇਸ਼ ਭਗਤ ਯਾਦਗਾਰ ਕਮੇਟੀ ਨਾਲ ਭਾਵਪੂਰਤ ਵਿਓਂਤਬੰਦੀ ਕੀਤੀ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਇਤਿਹਾਸ ਸਬ-ਕਮੇਟੀ ਦੇ ਕਨਵੀਨਰ ਹਰਵਿੰਦਰ ਭੰਡਾਲ, ਮਿਊਜ਼ੀਅਮ ਸਬ-ਕਮੇਟੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ, ਕਮੇਟੀ ਮੈਂਬਰ ਰਣਜੀਤ ਸਿੰਘ ਔਲਖ, ਵਿਜੈ ਬੰਬੇਲੀ ਅਤੇ ਡਾ. ਸੈਲੇਸ਼ ਨੇ ਗੰਭੀਰ ਵਿਚਾਰਾਂ ਕਰਨ ਉਪਰੰਤ ਮੇਲੇ ਨੂੰ ਇਤਿਹਾਸਕ ਤਰਤੀਬਵਾਰ ਅਤੇ ਬਹੁ-ਵੰਨਗੀ ਕਲਾ ਭਰਪੂਰ, ਰੌਸ਼ਨੀ ਆਵਾਜ਼ ਅਤੇ ਹੋਮ ਥੀਏਟਰ ਨੂੰ ਹਰਮਨ ਪਿਆਰਾ ਬਣਾਉਣ ਲਈ ਵਿਸ਼ੇਸ਼ ਯੋਜਨਾਵਾਂ ਦਾ ਖ਼ਾਕਾ ਉਲੀਕਿਆ ਗਿਆ।

ਕਮੇਟੀ ਨੇ ਇਹ ਪ੍ਰੋਜੈਕਟ ਹੱਥ ਲੈਂਦਿਆਂ ਆਸ ਕੀਤੀ ਕਿ ਦੇਸ਼ ਬਦੇਸ਼ ਵਸਦੇ ਲੋਕ ਮਿਊਜ਼ੀਅਮ ਦੀ ਨਵੀਂ ਦਿੱਖ ਦੇ ਪ੍ਰੋਜੈਕਟ ਨੂੰ ਨੇਪਰੇ ਚਾੜਨ ਲਈ ਵਿਸ਼ੇਸ਼ ਯੋਗਦਾਨ ਪਾਉਣਗੇ।

## "ਚਿੜੀਆਂ"



ਆ ਚਿੜੀਏ ਤੂੰ ਸਾਡੇ ਵੇਹੜੇ
ਮਾਰ ਉਡਾਰੀ ਨੇੜੇ-ਤੇੜੇ ।
ਤੇਰੀ ਚੀਂ - ਚੀਂ ਲਗਦੀ ਬੜੀ ਪਿਆਰੀ
ਘਰ ਵਿੱਚ ਫੱਬੇ ਰੌਣਕ ਨਿਆਰੀ ।

ਐਸੀ ਮਾਰੀ ਤੂੰ ਉਡਾਰੀ,
ਮੁੜ ਦਿਖੀ ਨਾ ਇੱਕ ਵਾਰੀ ।
ਕਿਸ ਜਾਬਰ ਤੇਰਾ ਢਾਹਿਆ ਬੰਨਾ
ਦੱਸ ਅੜੀਏ ਓਹਦਾ ਮੂੰਹ ਮੈਂ ਭੰਨਾ।

ਤੇਰੀ ਪਾਣੀ ਦੀ ਗਾਗਰੀ ਦੇਖਣ ਨੂੰ ਜੀਅ ਕਰਦੈ,
ਨਿੱਕੇ - ਨਿੱਕੇ ਮੋਜੇ ਹੱਥਾਂ ਤੇ ਤੋਰਨ ਨੂੰ ਜੀਅ ਕਰਦੈ ।
ਕੁੰਡ ਪਾਣੀ ਦਾ ਤੇਰੇ ਗੋਤੇ ਦੇਖਣ ਨੂੰ ਜੀਅ ਕਰਦੈ,
ਪਾਣੀ ਛਿਣਕਦੇ ਖੰਭ ਦੇਖਣ ਨੂੰ ਜੀਅ ਕਰਦੈ ।

ਹੋਈ ਸੁੰਨੀ ਕੁਦਰਤ ਸੁੰਨੀਆਂ ਹੋਈਆਂ ਬਾਤਾਂ,
ਬਸ ਹੁਣ ਗੂੰਜੇ ਸ਼ੋਰ ਕੰਨਾਂ 'ਚ, ਸੁਰਤਾਲ ਕਿਧਰੇ ਗੁਆਚਾ ।
ਤੇਰੀ ਚੂਰੀ ਕੁੱਟਣ ਤੋਂ ਰਹਿ ਗਈ,
ਸਲੀਕਾ ਰਹਿਣ ਦਾ ਵੀ ਸਾਥੋਂ ਲੈ ਗਈਂ ।

**- ਪ੍ਰੇਮ ਲਤਾ ਪ੍ਰਿੰਸੀਪਲ** 91-98143-41746

## ਕੀਵੀ ਪਾਸਪੋਰਟ ਉਤੇ ਹੁਣ ਰਾਣੀ ਦੀ ਥਾਂ ਰਾਜੇ ਚਾਰਲਸ-3 ਦਾ ਨਾਂਅ ਛਪਿਆ ਕਰੇਗਾ

**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਅੱਜ ਇੰਗਲੈਂਡ ਦੇ ਵਿਚ ਦੇਸ਼ ਦੇ ਨਵੇਂ ਰਾਜੇ ਮਾਣਯੋਗ ਚਾਰਲਸ-3, ਤਾਜਪੋਸ਼ੀ ਦੀਆਂ ਰਸਮਾਂ ਪੂਰੀਆਂ ਕਰ ਚੁੱਕੇ ਹਨ। ਇਸ ਤਾਜਪੋਸ਼ੀ ਦੇ ਲਈ ਉਨ੍ਹਾਂ 7 ਦਹਾਕਿਆਂ ਤੱਕ ਦੀ ਲੰਬੀ ਉਡੀਕ ਦੇ ਵਿਚੋਂ ਲੰਘਣਾ ਪਿਆ ਹੈ। ਕੀਵੀਆਂ ਦੇ ਨਵੇਂ ਪਾਸਪੋਰਟ ਹੁਣ ਰਾਜਾ ਚਾਰਲਸ-3 ਦੇ ਨਾਂਅ ਸਮੇਤ ਛਪਿਆ ਕਰਨਗੇ। ਜਿਹੜੀ ਕੈਨੇਡਾ ਦੀ ਕੰਪਨੀ ਨਿਊਜ਼ੀਲੈਂਡ ਦੇ ਨੋਟ ਛਾਪਦੀ ਹੈ, ਉਸਨੇ ਹੀ ਨਿਊਜ਼ੀਲੈਂਡ ਦੇ ਪਾਸਪਰੋਟ ਬਣਾ ਕੇ ਭੇਜਣੇ ਹਨ। ਇਹ ਖਾਲੀ ਕਾਪੀਆਂ ਛਪ ਕੇ ਇਥੇ ਪਹੁੰਚਦੀਆਂ ਹਨ ਅਤੇ ਇਕ ਵਿਸ਼ੇਸ਼ ਮਸ਼ੀਨ ਦੇ ਵਿਚ ਇਸ ਦੀ ਇਲੈਕਟਾਨਿਕ ਚਿੱਪ ਦੇ ਵਿਚ ਸਾਰਾ ਰਿਕਾਰਡ ਜਰਜ ਕੀਤਾ ਜਾਂਦਾ ਹੈ ਅਤੇ ਨਾਂਅ ਆਦਿ ਛਾਪੇ ਜਾਂਦੇ ਹਨ। ਨਵੇਂ ਪਾਸਪੋਰਟ ਛਾਪਣ ਦੇ ਲਈ ਕੈਨੇਡਾ ਦੀ ਕੰਪਨੀ ਦੇ ਨਾਲ ਦੁਬਾਰਾ ਸਮਝੋਤਾ ਕਰਨਾ ਹੁੰਦਾ ਹੈ ਅਤੇ ਇਹ ਹੁਣ ਕੀਤਾ ਜਾ ਚੁੱਕਾ ਹੈ।




ਕਿੰਨਾ ਸਮਾਂ ਲਗਦਾ ਪਾਸਪੋਰਟ ਬਣਨ ਨੂੰ?: ਇਨ੍ਹੀਂ ਦਿਨੀਂ ਨਵਾਂ ਸਾਧਾਰਨ ਨਿਊਜ਼ੀਲੈਂਡ ਪਾਸਪੋਰਟ ਬਣਨ ਨੂੰ ਵੈਬਸਾਈਟ ਮੁਤਾਬਿਕ 4 ਹਫ਼ਤਿਆਂ ਦਾ ਸਮਾਂ ਲੱਗਦਾ ਹੈ। ਇਸਦੀ ਫੀਸ 199 ਡਾਲਰ ਹੈ ਜਦ ਕਿ ਬੱਚਿਆਂ (15 ਸਾਲ ਜਾਂ ਇਸ ਤੋਂ ਥੱਲੇ) ਦੇ ਪਾਸਪੋਰਟ ਦੀ ਫੀਸ 115 ਡਾਲਰ ਹੈ। ਜੇਕਰ ਤੱਤਕਾਲ (ਅਰਜੈਂਟ) ਪਾਸਪੋਰਟ ਲੈਣਾ ਹੋਵੇ ਤਾਂ ਇਹ ਤਿੰਨ ਦਿਨਾਂ ਵਿਚ ਬਣ ਜਾਂਦਾ ਹੈ ਅਤੇ ਡਾਕ ਰਾਹੀਂ ਹਫਤੇ ਦੇ ਅੰਦਰ-ਅੰਦਰ ਆ ਜਾਂਦਾ ਹੈ, ਇਸਦੀ ਫੀਸ 398 ਡਾਲਰ ਅਤੇ ਬੱਚਿਆਂ ਦੇ ਲਈ 314 ਡਾਲਰ ਹੈ। ਜੇਕਰ ਕਿਸੇ ਨੇ ਸਾਧਾਰਨ ਪਾਸਪੋਰਟ ਤੋਂ ਤੱਤਕਾਲ ਦੇ ਵਿਚ ਤਬਦੀਲ ਕਰਨਾ ਹੋਵੇ ਤਾਂ ਵੀ ਹੋ ਜਾਂਦਾ ਹੈ ਅਤੇ 199 ਡਾਲਰ ਹੋਰ ਫੀਸ ਭਰਨੀ ਹੁੰਦੀ ਹੈ। ਬਹੁਤ ਜਿਆਦਾ ਜਰੂਰਤ ਹੋਵੇ ਅਤੇ ਤੁਰੰਤ ਸਫਰ ਜਾਂ ਇਕੋ ਦਿਨ ਦੇ ਵਿਚ ਬਾਹਰ ਜਾਣਾ ਪੈ ਜਾਵੇ ਤਾਂ ਵੀ ਆਫਟਰ ਆਵਰ (ਦਫਤਰੀ ਸਮੇਂ ਤੋਂ ਬਾਅਦ) ਵਾਲੇ ਨੰਬਰ ਵੀ ਹਨ, ਤੁਸੀਂ ਫੋਨ ਕਰਕੇ ਕੰਮ ਕਰਵਾ ਸਕਦੇ ਹੋ। ਜੇਕਰ ਪਾਸਪੋਰਟ ਸ਼ਾਮ 5 ਤੋਂ 10 ਵਜੇ ਦਰਮਿਆਨ ਚਾਹੀਦਾ ਹੈ (ਸੋਮਵਾਰ ਤੋਂ ਸ਼ੁੱਕਰਵਾਰ) ਜਾਂ ਫਿਰ ਸਵੇਰੇ 8 ਤੋਂ ਰਾਤ 10 ਵਜੇ ਤੱਕ (ਸ਼ਨੀਵਾਰ-ਐਤਵਾਰ ਜਾਂ ਜਨਤਕ ਛੁੱਟੀ ਵਾਲੇ ਦਿਨ) ਚਾਹੀਦਾ ਹੋਵੇ ਤਾਂ ਵੀ ਇਸਦਾ (ਫੋਨ 0800 22 50 50) ਪ੍ਰਬੰਧ ਹੈ। ਇਸ ਦੇ ਲਈ ਪਾਸਪੋਰਟ ਦਾ ਖਰਚਾ 806 ਡਾਲਰ ਆਵੇਗਾ ਅਤੇ ਬੱਚਿਆਂ ਦੇ ਲਈ ਇਹ ਲਾਗਤ 722 ਡਾਲਰ ਹੋਵੇਗੀ।


## ਨਿਊਜ਼ੀਲੈਂਡ ਪੁਲਿਸ ਰਾਹੀਂ ਇਸ ਵੇਲੇ 201 ਭਾਰਤੀ ਪੁਰਸ਼ ਅਤੇ 21 ਮਹਿਲਾਵਾਂ ਦੇਸ਼ ਸੇਵਾ 'ਚ

**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਪੁਲਿਸ ਦੇ ਵਿਚ ਜੂਨ 2017 ਤੋਂ ਲੈ ਕੇ ਅਪ੍ਰੈਲ 2023 ਤੱਕ ਲਗਪਗ 1000 ਮਹਿਲਾ ਪੁਲਿਸ ਦੀ ਭਰਤੀ ਹੋਣੀ ਇਕ ਮੀਲ ਪੱਥਰ ਵਜੋਂ ਵੇਖਿਆ ਜਾ ਰਿਹਾ ਹੈ। ਅੱਜ ਪੁਲਿਸ ਕਾਲਜ ਵਲਿੰਗਟਨ ਵਿਖੇ ਵਿੰਗ 365 ਦੀ ਪਾਸਿੰਗ ਪ੍ਰੇਡ (ਗ੍ਰੈਜੁਏਸ਼ਨ) ਦੇ ਵਿਚ 76 ਨਵੇਂ ਪੁਲਿਸ ਅਫਸਰ (ਪੁਰਸ਼) ਅਤੇ 22 ਮਹਿਲਾ ਪੁਲਿਸ ਅਫਸਰ ਸਿਖਲਾਈ ਉਪਰੰਤ ਸ਼ਾਮਿਲ ਹੋਈਆਂ। ਮਾਣਯੋਗ ਪੁਲਿਸ ਮੰਤਰੀ ਗਿਨੀ ਐਂਡਰਸਨ ਨੇ ਵੀ ਨਵੇਂ ਪੁਲਿਸ ਅਫਸਰਾਂ ਖਾਸ ਕਰ ਮਹਿਲਾਵਾਂ ਨੂੰ ਵਧਾਈ ਦਿੱਤੀ ਹੈ, ਜਿਨ੍ਹਾਂ ਦੀ ਭਰਤੀ ਦੇ ਨਾਲ ਪਿਛਲੇ ਲਗਪਗ 6 ਸਾਲਾਂ ਤੋਂ ਪਹਿਲਾਂ 1000 ਮਹਿਲਾ ਪੁਲਿਸ ਅਫਸਰਾਂ ਦਾ ਵਾਧਾ ਹੋਇਆ। ਇਹ ਵਾਧਾ 57% ਦਾ ਹੈ ਤੇ ਲਗਪਗ ਪਹਿਲੇ ਸਮਿਆਂ ਦੇ ਮੁਕਾਬਲੇ ਤਿੱਗਣਾ ਹੈ। ਪੁਲਿਸ ਦੇ ਵਿਚ 30 ਜੂਨ ਤੱਕ ਕੁੱਲ 1800 ਪੁਲਿਸ ਅਫਸਰਾਂ ਦਾ ਵਾਧਾ ਹੋ ਜਾਵੇਗਾ, ਜੋ ਕਿ ਸਰਕਾਰ ਦਾ ਉਦੇਸ਼ ਵੀ ਹੈ। ਮਾਓਰੀ ਮੂਲ ਦੇ ਪੁਲਿਸ ਅਫਸਰਾਂ ਵਿਚ 39% ਦਾ ਵਾਧਾ ਹੋਇਆ ਹੈ, ਪੈਸਫਿਕਾ ਲੋਕਾਂ ਦਾ 77% ਵਾਧਾ ਹੋਇਆ ਅਤੇ ਏਸ਼ੀਅਨ ਲੋਕਾਂ ਦਾ ਵਾਧਾ ਸਭ ਤੋਂ ਵੱਧ 152% ਰਿਹਾ। ਇਸ ਵੇਲੇ ਪੁਲਿਸ ਦੇ ਵਿਚ ਲਗਪਗ 10,561 ਪੁਲਿਸ ਅਫਸਰ (7841 ਪੁਰਸ਼ ਅਤੇ 2720 ਮਹਿਲਾ ਪੁਲਿਸ ਅਫਸਰ) ਸੇਵਾਵਾਂ ਨਿਭਾਅ ਰਹੇ ਹਨ ਅਤੇ ਭਾਰਤੀਆਂ ਦੀ ਗਿਣਤੀ ਵੀ ਲਗਾਤਾਰ ਵਧ ਰਹੀ ਹੈ।




ਕਿੰਨੀ ਹੈ ਭਾਰਤੀਆਂ ਦੀ ਸ਼ਮੂਲੀਅਤ: ਪੁਲਿਸ ਦੀ ਨੌਕਰੀ ਵੇਲੇ ਇਹ ਜਰੂਰੀ ਨਹੀਂ ਹੁੰਦਾ ਕਿ ਤੁਸੀਂ ਆਪਣੀ ਕੋਈ ਕੌਮੀਅਤ ਦੱਸੋ ਪਰ ਫਿਰ ਵੀ ਮੇਰੀ ਬੇਨਤੀ ਉਤੇ ਪ੍ਰਧਾਨ ਮੰਤਰੀ ਦਫਤਰ ਤੋਂ ਇਕ ਰਿਪੋਰਟ ਤੁਰੰਤ ਕੁਝ ਘੰਟਿਆਂ ਵਿਚ ਹੀ ਪ੍ਰਾਪਤ ਕੀਤੀ ਗਈ ਹੈ। ਜਿਸ ਦੇ ਵਿਚ ਕਾਫੀ ਜਾਣਕਾਰੀ ਮਿਲ ਗਈ ਹੈ, ਜਿਸ ਦਾ ਵੇਰਵਾ ਇਸ ਤਰ੍ਹਾਂ ਹੈ। ਇਸ ਵੇਲੇ ਨਿਊਜ਼ੀਲੈਂਡ ਪੁਲਿਸ ਦੇ ਵਿਚ 201 ਭਾਰਤੀ ਪੁਰਸ਼ ਪੁਲਿਸ ਅਫਸਰ ਹਨ ਅਤੇ 35 ਭਾਰਤੀ ਮਹਿਲਾ ਪੁਲਿਸ ਅਫਸਰ ਹਨ। ਇਨ੍ਹਾਂ ਦੇ ਵਿਚ ਪੰਜਾਬੀਆਂ ਦੀ ਗਿਣਤੀ ਵੀ ਚੌਖੀ ਹੈ। 2017 ਦੇ ਵਿਚ ਭਾਰਤੀ ਪੁਲਿਸ ਅਫਸਰਾਂ ਦੀ ਗਿਣਤੀ ਕ੍ਰਮਵਾਰ ਸਿਰਫ 74 ਅਤੇ 11 ਹੁੰਦੀ ਸੀ। ਇਹ ਵਾਧਾ ਕ੍ਰਮਵਾਰ 271% ਅਤੇ 318% ਹੈ। ਵਰਨਣਯੋਗ ਹੈ ਕਿ ਪੰਜਾਬੀ ਕੁੜੀ ਮੰਦੀਪ ਕੌਰ ਪਹਿਲੀ ਭਾਰਤੀ ਕੇ ਪੰਜਾਬੀ ਮਹਿਲਾ ਪੁਲਿਸ ਅਫਸਰ ਸੀ ਜੋ ਕਿ 2004 ਵਿਚ ਕਾਂਸਟੇਬਲ ਭਰਤੀ ਹੋ ਕੇ ਸੀਨੀਅਰ ਸਰਜਾਂਟ ਦੇ ਅਹੁਦੇ ਤੱਕ ਪਹੁੰਚੀ ਹੋਈ ਹੈ। ਇਸ ਤੋਂ ਇਲਾਵਾ ਸਰਜਾਂਟ ਗੁਰਪ੍ਰੀਤ ਅਰੋੜਾ ( 41) ਵੀ 14 ਸਾਲ ਤੋਂ ਨਿਊਜ਼ੀਲੈਂਡ ਪੁਲਿਸ ਦੇ ਵਿਚ ਹਨ ਅਤੇ ਪਿਛਲੇ ਦਿਨੀਂ ਉਨ੍ਹਾਂ ਨੂੰ 'ਮੈਂਬਰ ਆਫ ਦਾ ਨਿਊਜ਼ੀਲੈਂਡ ਆਰਡਰ ਆਫ ਮੈਰਿਟ' ਐਵਾਰਡ ਏਥਨਿਕ ਕਮਿਊਨਿਟੀ ਸੇਵਾ ਲਈ ਦਿੱਤਾ ਗਿਆ।

# ਪੰਜਾਬੀ ਗੀਤਕਾਰ, ਪੱਤਰਕਾਰ ਤੇ ਲੇਖਕ ਰਾਣਾ ਭੋਗਪੁਰੀਆ ਇੰਗਲੈਂਡ ਦੇ ਸਾਹਿਤਕ ਦੌਰੇ ਤੇ






**ਅਲਾਵਲਪੁਰ–** ਪੰਜਾਬੀ ਦੇ ਪ੍ਰਸਿੱਧ ਗੀਤਕਾਰ, ਪੱਤਰਕਾਰ ਅਤੇ ਲੇਖਕ ਰਾਣਾ ਭੋਗਪੁਰੀਆ ਇਨ੍ਹੀਂ ਦਿਨੀਂ ਇੰਗਲੈਂਡ ਦੇ ਸਾਹਿਤਕ ਦੌਰੇ ਤੇ ਹਨ। ਉਹ ਆਪਣੀ ਇਸ ਸਾਹਿਤਕ ਫੇਰੀ ਦੌਰਾਨ ਵੱਖ ਵੱਖ ਸਾਹਿਤਕ ਸਮਾਗਮਾਂ ਵਿੱਚ ਸ਼ਿਰਕਤ ਕਰਨਗੇ। ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿਚ ਹੋਣ ਵਾਲੇ ਸਾਹਿਤਕ ਸਮਾਗਮਾਂ ਵਿਚ ਉਹਨਾਂ ਵੱਲੋਂ ਰਚਿਤ ਪੁਸਤਕ "ਵਿਦੇਸ਼ਾਂ ਵਿਚ ਪੰਜਾਬੀਅਤ ਦੇ ਝੰਡਾ-ਬਰਦਾਰ" ਲੋਕ ਅਰਪਣ ਕੀਤੀ ਜਾਵੇਗੀ ਅਤੇ ਇਨ੍ਹਾਂ ਸਮਾਗਮਾਂ ਦੌਰਾਨ ਉਹਨਾਂ ਦੀ ਇਸ ਪੁਸਤਕ ਤੇ ਵਿਚਾਰ-ਚਰਚਾ ਹੋਣਗੀਆਂ। ਕੁਝ ਹਫਤਿਆਂ ਦੇ ਸਾਹਿਤਕ ਦੌਰੇ ਤੇ ਆਏ ਲੇਖਕ ਰਾਣਾ ਭੋਗਪੁਰੀਆ ਨਾਲ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ।

**ਮੋਬਾਇਲ ਨੰਬਰ 07440515748,**
**ਵਟਸਐਪ ਨੰਬਰ 00919814163349**

# ਬੁੱਧ ਪੂਰਨਿਮਾ ਬੜੀ ਧੂਮਧਾਮ ਨਾਲ ਮਨਾਈ ਗਈ

## ਬੁੱਧ ਦੀ ਸਾਰੀ ਸਿਖਿਆ ਇਨਸਾਨ ਦੀ ਬਹੁਪੱਖੀ ਖੁਸ਼ਹਾਲੀ ਵਾਸਤੇ - ਬਾਲੀ

**ਜਲੰਧਰ–** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ) ਵੱਲੋਂ ਅੰਬੇਡਕਰ ਭਵਨ ਟਰੱਸਟ ਅਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ), ਪੰਜਾਬ ਯੂਨਿਟ ਦੇ ਸਹਿਯੋਗ ਨਾਲ ਇੱਕ ਵਿਸ਼ਾਲ ਸਮਾਰੋਹ ਦਾ ਆਯੋਜਨ ਕਰਕੇ ਅੰਬੇਡਕਰ ਭਵਨ, ਡਾ ਅੰਬੇਡਕਰ ਮਾਰਗ ਜਲੰਧਰ ਵਿਖੇ ਬੁੱਧ ਪੂਰਨਿਮਾ ਬੜੀ ਧੂਮਧਾਮ ਨਾਲ ਮਨਾਈ ਗਈ। ਸਮਾਰੋਹ ਵਿਚ ਉੱਘੇ ਅੰਬੇਡਕਰੀ ਲਾਹੌਰੀ ਰਾਮ ਬਾਲੀ, ਡਾ। ਜੀ ਸੀ ਕੌਲ ਐੱਮ ਏ ਪੀਐਚ ਡੀ. ਪ੍ਰੋਫੈਸਰ (ਰਿਟਾ.) ਅਤੇ ਮੈਡਮ ਸੁਦੇਸ਼ ਕਲਿਆਣ ਪ੍ਰੋਗਰਾਮ ਐਗਜ਼ੀਕਿਊਟਿਵ (ਰਿਟਾ.) ਦੂਰਦਰਸ਼ਨ ਕੇਂਦਰ ਜਲੰਧਰ, ਨੇ ਮੁਖ ਬੁਲਾਰਿਆਂ ਵਜੋਂ ਸ਼ਿਰਕਤ ਕੀਤੀ। ਬਾਲੀ ਜੀ ਨੇ ਆਪਣੇ ਭਾਸ਼ਣ ਵਿਚ ਕਿਹਾ ਕਿ ਬੁੱਧ ਨੇ ਇਨਸਾਨੀ ਆਜ਼ਾਦੀ, ਸਮਾਜਿਕ ਸਮਾਨਤਾ ਅਤੇ ਭਾਈਚਾਰੇ ਦੀ ਕਾਇਮੀ ਦਾ 27 ਵਰ੍ਹੇ, ਗਿਆਨ ਪ੍ਰਾਪਤੀ ਤੋਂ ਬਾਦ 45 ਸਾਲ ਪੈਦਲ ਚੱਲ ਕੇ ਉਪਦੇਸ਼ ਦਿੱਤਾ। ਉਨ੍ਹਾਂ ਨੇ ਇਹ ਸਪਸ਼ਟ ਕੀਤਾ ਕਿ ਸੰਸਾਰ ਨੂੰ ਕਿਸੇ ਗੈਬੀ ਸ਼ਕਤੀ ਨੇ ਨਹੀਂ ਬਣਾਇਆ ਸਗੋਂ ਇਹ ਵਿਕਸਤ ਹੋਇਆ ਹੈ। ਬੁੱਧ ਦੀ ਸਾਰੀ ਸਿਖਿਆ ਇਨਸਾਨ ਦੀ ਬਹੁਪੱਖੀ ਖੁਸ਼ਹਾਲੀ ਵਾਸਤੇ ਹੈ। ਉਨ੍ਹਾਂ ਕਿਹਾ, "ਮੈਂ ਤੁਹਾਨੂੰ ਰਾਹ ਦਿਖਾ ਰਿਹਾ ਹਾਂ, ਮੈਂ ਮੁਕਤੀ ਦਾਤਾ ਨਹੀਂ, ਤੁਸੀਂ ਤਰਕਸ਼ੀਲ ਅਤੇ ਨੈਤਿਕ ਬਣ ਕੇ ਆਪਣੀ ਭਲਾਈ ਆਪ ਕਰਨੀ ਹੈ। ਬਾਲੀ ਜੀ ਨੇ ਕਿਹਾ ਕਿ ਬੁੱਧ ਦਾ ਇਹ ਕਹਿਣਾ ਹੈ ਕਿ ਸੱਚ ਨੂੰ ਸੱਚ ਅਤੇ ਝੂਠ ਨੂੰ ਝੂਠ ਕਹਿਣ ਲੱਗਿਆਂ ਆਪਣੀ ਕੁਰਬਾਨੀ ਦੀ ਵੀ ਪ੍ਰਵਾਹ ਨਾ ਕਰੋ। ਬਾਲੀ ਜੀ ਨੇ ਕਿਹਾ ਕਿ ਜੰਤਰ ਮੰਤਰ, ਨਵੀਂ ਦਿੱਲੀ ਵਿਖੇ ਜੋ ਕੁਝ ਪਹਿਲਵਾਨ ਲੜਕੀਆਂ ਦੇ ਨਾਲ ਗੈਰ ਇਨਸਾਨੀ ਵਤੀਰਾ ਹੋ ਰਿਹਾ ਹੈ ਅਤੇ ਜ਼ੁਲਮ ਜਬਰ ਹੋ ਰਿਹਾ ਹੈ, ਉਹ ਸ਼ਰਮਨਾਕ ਹੈ। ਇਸ ਨਾਲ ਭਾਰਤ ਦਾ ਦੁਨੀਆਂ ਵਿਚ ਅਪਮਾਨ ਹੋ ਰਿਹਾ ਹੈ। ਉਨ੍ਹਾਂ ਨੂੰ ਹੋਰ ਦੇਰ ਕੀਤੇ ਬਿਨਾ ਇਨਸਾਫ ਮਿਲਣਾ ਚਾਹੀਦਾ ਹੈ। ਮੈਡਮ ਸੁਦੇਸ਼ ਕਲਿਆਣ ਨੇ ਆਪਣੇ ਭਾਸ਼ਣ ਵਿਚ ਕਿਹਾ ਕਿ ਤਥਾਗਤ ਬੁੱਧ ਨੇ ਔਰਤਾਂ ਨੂੰ ਧਾਰਮਿਕ ਤੇ ਸਮਾਜਿਕ ਗੁਲਾਮੀ ਤੋਂ ਆਜ਼ਾਦ ਕਰਾਇਆ ਅਤੇ ਉਨ੍ਹਾਂ ਨੂੰ ਭੀਖਸ਼ੁਨੀ ਬਣਨ ਦਾ ਅਧਿਕਾਰ ਦੇ ਕੇ ਅਮਲੀ ਸਬੂਤ ਦਿੱਤਾ।




ਡਾ. ਜੀ ਸੀ ਕੌਲ ਨੇ ਕਿਹਾ ਕਿ ਜਿੰਨਾ ਧਨ ਧਾਰਮਿਕ ਪੂਜਾ ਪਾਠ ਅਤੇ ਪਾਖੰਡਾਂ ਤੇ ਖਰਚ ਕੀਤਾ ਜਾ ਰਿਹਾ ਹੈ, ਜੇਕਰ ਭਾਰਤ ਬੁੱਧ ਦੀਆਂ ਸਿਖਿਆਵਾਂ ਤੇ ਆਚਰਣ ਕਰੇ ਤਾਂ ਕਰੋੜਾਂ ਰੁਪਏ ਦੀ ਬਚਤ ਹੋ ਸਕਦੀ ਹੈ, ਜੋ ਸਿਹਤ ਅਤੇ ਰੁਜਗਾਰ ਜਿਹੇ ਕੰਮਾਂ ਤੇ ਖਰਚ ਕੀਤੀ ਜਾ ਸਕਦੀ ਹੈ। ਸੁਸਾਇਟੀ ਦੇ ਪ੍ਰਧਾਨ ਸੋਹਨ ਲਾਲ ਸਾਬਕਾ ਡੀ।ਪੀ।ਆਈ (ਕਾਲਜਾਂ) ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ, ਜਦ ਕਿ ਪਰਮਿੰਦਰ ਸਿੰਘ ਖੁੱਤਣ ਐਡਵੋਕੇਟ ਨੇ ਸਭ ਦਾ ਧੰਨਵਾਦ ਕੀਤਾ। ਮੰਚ ਦਾ ਸੰਚਾਲਨ ਸੁਸਾਇਟੀ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਬਾਖੂਬੀ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਰਾਹੁਲ ਕੁਮਾਰ, ਡਾ ਸਰੋਜ ਰਾਣੀ, ਧਰਮ ਪਾਲ, ਡੀ. ਪੀ. ਭਗਤ, ਡਾ. ਸੰਦੀਪ ਮਹਿਮੀ, ਸਤਵਿੰਦਰ ਮਦਾਰਾ, ਹਰਭਜਨ ਨਿਮਤਾ, ਸੋਮਨਾਥ ਭਗਰਾਸਿਆ, ਮਨੋਹਰ ਲਾਲ ਮਹੇ, ਤਿਲਕ ਰਾਜ, ਰਾਜ ਕੁਮਾਰ ਵਰਿਆਣਾ, ਪਿਸ਼ੌਰੀ ਲਾਲ ਸੰਧੂ, ਨਿਰਮਲ ਬਿੰਜੀ, ਵਿਨੋਦ ਕਲੇਰ, ਕੁਲਦੀਪ ਭੱਟੀ ਐਡਵੋਕੇਟ, ਹਰਿ ਰਾਮ ਓ ਐੱਸ ਡੀ, ਕ੍ਰਿਸ਼ਨ ਕਲਿਆਣ, ਜਗਜੀਵਨ ਰਾਮ, ਬਿੰਦੂ ਬੰਗੜ ਆਦਿ ਹਾਜ਼ਰ ਸਨ। ਇਹ ਜਾਣਕਾਰੀ ਸੁਸਾਇਟੀ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਜਾਰੀ ਕਰਦਿਆਂ ਦਿੱਤੀ।







# ਸ੍ਰੀ ਗੁਰੂ ਰਾਮਦਾਸ ਜੀ ਅੰਤਰ ਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਵਿਦੇਸ਼ੀ ਹਵਾਈ ਅੱਡਿਆਂ ਨਾਲੋਂ ਕਈ ਗੁਣਾ ਬੇਹਤਰ: ਵੀਕੇ ਸੇਠ ਡਾਇਰੈਕਟਰ

## ਸਵਾਰੀਆਂ ਦੀ ਗਿਣਤੀ ਤੇ ਮੁਨਾਫੇ ਵਿਚ ਹਰ ਸਾਲ ਭਾਰੀ ਵਾਧਾ

**ਅੰਮ੍ਰਿਤਸਰ, 5 ਮਈ 2023–** ਗੁਰ ਨਗਰੀ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਅੰਤਰ ਰਾਸ਼ਟਰੀ ਹਵਾਈ ਅੱਡਾ ਜੋ ਕਿ ਪੰਜਾਬੀਆਂ ਦੀ ਰੀੜ ਦੀ ਹੱਡੀ ਮੰਨਿਆ ਜਾਂਦਾ ਹੈ ਇਸ ਵੇਲੇ ਵਿਦੇਸ਼ਾਂ ਦੇ ਹਵਾਈ ਅੱਡਿਆਂ ਨਾਲੋਂ ਬੇਹਤਰ ਸਹੂਲਤਾਂ ਕਾਰਨ ਦੁਨੀਆਂ ਭਰ ਦੇ ਵਧੀਆ ਹਵਾਈ ਅੱਡਿਆਂ ਵਿਚ ਸ਼ੁਮਾਰ ਹੋ ਗਿਆ ਹੈ। ਇਸ ਹਵਾਈ ਅੱਡੇ ਨੂੰ ਇਸ ਬੇਤਰ ਪੱਧਰ ਦੇ ਲਿਆਉਣ ਵਾਲੇ ਡਾਇਰੈਕਟਰ ਸ੍ਰੀ ਗੁਰੂ ਰਾਮਦਾਸ ਹਵਾਈ ਅੱਡਾ ਅੰਮ੍ਰਿਤਸਰ ਵਿਕਾਸ ਮੰਚ ਵੱਲੋਂ ਸਥਾਨਕ ਹੋਟਲ ਵਿਚ ਵੀ।ਕੇ ਸੇਠ ਦੀਆਂ ਇਸ ਹਵਾਈ ਅੱਡੇ ਨੂੰ ਬਹੁਤ ਉਪਰ ਲਿਆਉਣ ਦੇ ਅਣਥਕ ਯਤਨਾਂ ਨੂੰ ਦੇਖਦੇ ਹੋਏ ਉਨਾਂ ਨੂੰ ਸਨਮਾਨਿਤ ਕਰਨ ਉਪਰੰਤ ਵਿਕਾਸ ਮੰਚ ਦੇ ਅਹੁਦੇਦਾਰ ਨੇ ਆਪਣੇ ਸਵਾਗਤੀ ਸਮਾਰੋਹ ਵਿਚ ਵੀ।ਕੇ ਸੇਠ ਦੀਆਂ ਉਪਲੱਬ-ਧੀਆਂ ਦੀ ਸਲਾਹਨਾ ਕੀਤੀ ਤੇ ਕਿਹਾ ਕਿ ਕਰੋਨਾ ਕਾਲ ਦੀ ਮਹਾਮਾਰੀ ਦੌਰਾਨ ਜਦੋਂ ਕਿ ਭਾਰਤ ਦੇ ਬਹੁਤੇ ਹਵਾਈ ਅੱਡੇ ਬੰਦ ਹੋਣ ਦੀ ਕਨਾਰ ਤੇ ਪਹੁੰਚ ਚੁੱਕੇ ਸਨ। ਉਸ ਸਮੇਂ ਵਿਚ ਮੌਜੂਦਾ ਤੇ ਉਸ ਸਮੇਂ ਦੇ ਹਵਾਈ ਅੱਡਾ ਦੇ ਡਾਇਰੈਕਟਰ ਵੀਕੇ ਸੇਠ ਨੇ ਆਪਣੀ ਸਚੁਜੀ ਕਮਾਨ ਨਾਲ ਇਥੇ ਕਿਸੇ ਯਾਤਰੀ ਨੂੰ ਕੋਈ ਤਕਲੀਫ ਨਹੀਂ ਆਉਣ ਦਿੱਤੀ ਤੇ ਹਵਾਈ ਉਡਾਨਾਂ ਤੇ ਯਾਤਰੀਆਂ ਦਾ ਸਿਲਸਿਲਾ ਬਕਾਇਆ ਬਰਾਬਰ ਚਲਦਾ ਰਿਹਾ। ਇਸ ਮੌਕੇ ਹਵਾਈ ਅੱਡੇ ਦੇ ਡਾਇਰੈਕਟਰ ਵੀਕੇ ਸੇਠ ਨੇ ਅੰਮ੍ਰਿਤਸਰ ਵਿਕਾਸ ਮੰਚ ਦੀਆਂ ਸ੍ਰੀ ਗੁਰੂ ਰਾਮਦਾਸ ਜੀ ਅੰਤਰ ਰਾਸ਼ਟਰੀ ਹਵਾਈ ਅੱਡੇ ਪ੍ਰਤੀ ਰੁਚੀ ਤੇ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨਾਂ ਨੂੰ ਇਸ ਗੱਲ ਦਾ ਬਹੁਤ ਮਾਣ ਹੈ ਕਿ ਉਨਾਂ ਨੂੰ ਅੰਮ੍ਰਿਤਸਰ ਵਿਕਾਸ ਮੰਚ ਵਰਗਾ ਸਲਾਹਕਾਰ ਮਿਲਿਆ। ਜਿਨਾਂ ਨੇ ਵਕਤ ਬਰ ਵਕਤ ਉਨਾਂ ਨੂੰ ਹਵਾਈ ਅੱਡੇ ਦੀਆਂ ਕਮੀਆਂ ਨੂੰ ਉਨਾਂ ਦੇ ਧਿਆਨ ਵਿਚ ਲਿਆ ਕੇ ਇਸ ਦੇ ਪ੍ਰਬੰਧ ਵਿਚ ਸੁਧਾਰ ਲਿਆਉਣ ਵਿਚ ਮਦਦ ਕੀਤੀ।





ਵੀ।ਕੇ ਸੇਠ ਨੇ ਕਿਹਾ ਕਿ ਅੰਮ੍ਰਿਤਸਰ ਹਵਾਈ ਅੱਡੇ ਵਿਚ ਇਸ ਵਕਤ ਯਾਤਰੀਆਂ ਦੀ ਗਿਣਤੀ 25 ਲੱਖ ਤੋਂ ਵੀ ਟੱਪ ਗਈ ਹੈ ਤੇ ਪਿਛਲੇ ਸਾਲਾਂ ਦੇ ਮੁਕਾਬਲੇ ਇਸ ਦੀ ਆਮਦਨ 46 ਕਰੋੜ ਤੋਂ ਵੱਧ ਕੇ 55 ਕਰੋੜ ਹੋ ਗਈ ਹੈ। ਇਸ ਹਵਾਈ ਅੱਡੇ ਦੀ ਭਾਰਤ ਵਿਚ ਮੌਜੂਦਾ ਵਧੀਆਂ ਸਹੂਲਤਾਂ ਕਾਰਨ ਏਨੀ ਮਹੱਤਤਾ ਵੱਧ ਗਈ ਹੈ ਕਿ ਦੂਸਰੇ ਹਵਾਈ ਅੱਡਿਆ ਵਿਚ ਕਿਸੇ ਵੀ ਐਮਰਜੈਂਸੀ ਦੌਰਾਨ ਜਹਾਜ ਦੇ ਲੈਂਡ ਨਾ ਕਰ ਸਕਣ, ਉਸ ਨੂੰ ਅੰਮ੍ਰਿਤਸਰ ਦੇ ਇਸ ਹਵਾਈ ਅੱਡੇ ਵੱਲ ਅਸਥਾਈ ਤੌਰ ਤੇ ਰੁਕਣ ਲਈ ਭੇਜ ਦਿੱਤਾ ਜਾਂਦਾ ਹੈ। ਇਹ ਹਵਾਈ ਅੱਡਾ ਵਿਦੇਸ਼ਾਂ ਦੇ ਹਵਾਈ ਅੱਡਿਆਂ ਦੇ ਮੁਕਾਬਲੇ ਸਾਰੀਆਂ ਮੌਜੂਦਾ ਆਧੁਨਿਕ ਸਹੂਲਤਾਂ ਨਾਲ ਲੈਸ ਹੈ। ਉਨਾਂ ਕਿਹਾ ਕਿ ਮੁਸਾਫਰਾਂ ਦੇ ਨਾਲ ਆਏ ਜਾਂ ਛੱਡਣ ਆਏ ਸੱਕੇ ਸਬੰਧੀਆਂ ਤੇ ਮਿੱਤਰਾਂ ਦੇ ਬੈਠਣ ਲਈ ਇਕ ਕਾਫੀ ਵੱਡੇ ਸ਼ੈਡ ਦੀ ਵਿਵਸਥਾ ਕੀਤੀ ਜਾ ਰਹੀ ਹੈ ਤੇ ਦੁਨੀਆਂ ਭਰ ਦੀਆਂ ਨਾਮੀ ਫੂਡ ਕੰਪਨੀਆਂ, ਇਥੇ ਦਸਤਕ ਦੇ ਰਹੀਆਂ ਹਨ। ਇਸ ਮੌਕੇ ਫਲਾਈ ਅੰਮ੍ਰਿਤਸਰ ਇਨੀਵੇਟਿਵ ਦੇ ਸਰਗਮ ਸਮੀਪ ਸਿੰਘ ਗੁੰਮਟਾਲਾ, ਅਨੰਤਦੀਪ ਸਿੰਘ ਢਿਲੋਂ ਕੈਨੇਡਾ ਅਤੇ ਅੰਮ੍ਰਿਤਸਰ ਵਿਕਾਸ ਮੰਚ ਦੇ ਮਨਮੋਹਨ ਸਿੰਘ ਬਰਾੜ, ਪ੍ਰਿਸੀਪਲ ਕੁਲਵੰਤ ਸਿੰਘ ਅਣਖੀ, ਡਾ। ਚਰਨਜੀਤ ਸਿੰਘ ਗੁਮਟਾਲਾ, ਯੋਗੇਸ਼ ਕਾਮਰਾ ਤੇ ਦਲਜੀਤ ਸਿੰਘ ਸੈਣੀ ਦੀ ਹਵਾਈ ਅੱਡਾ ਅਥਾਰਟੀ ਤੇ ਭਾਰਤ ਸਰਕਾਰ ਦੇ ਵਿਦੇਸ਼ਾਂ ਵਿਚ ਇਸ ਨਾਲ ਜੁੜੇ ਉੱਚ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਵਧੇਰਾ ਫਲਾਈਟਾਂ ਚਲਾਉਣ ਤੇ ਯਾਤਰੀਆਂ ਨੂੰ ਬੇਹਤਰ ਸਹੂਲਤਾਂ ਦਿਵਾਉਣ ਨਾਲ ਤਾਲਮੇਲ ਕਰਨ ਦੇ ਯਤਨਾਂ ਦੀ ਸ਼ਲਾਘਾ ਕੀਤੀ ਗਈ। ਇਸ ਮੌਕੇ ਅੰਮ੍ਰਿਤਸਰ ਵਿਕਾਸ ਮੰਚ ਦੇ ਕੁਲਵੰਤ ਸਿੰਘ ਅਣਖੀ, ਰਾਜਵਿੰਦਰ ਸਿੰਘ ਗਿੱਲ, ਹਰਦੀਪ ਸਿੰਘ ਚਾਹਲ, ਸੁਰਿੰਦਰਜੀਤ ਸਿੰਘ ਬਿੱਟੂ, ਬਲਦੇਵ ਸਿੰਘ ਸੰਧੂ, ਜਤਿੰਦਰਪਾਲ ਸਿੰਘ ਨਿਊ ਅੰਮ੍ਰਿਤਸਰ, ਜਤਿੰਦਰਪਾਲ ਸਿੰਘ ਤਿਲਕ ਨਗਰ, ਨਿਰਮਲ ਸਿੰਘ, ਕੁਲਦੀਪ ਸਿੰਘ ਬੋਪਾਰਾਏ, ਹਰਿੰਦਰਪਾਲ ਸਿੰਘ ਸਾਬਕਾ ਆਬਕਾਰੀ ਤੇ ਟੈਕਸਟੇਸ਼ਨ ਕਮਿਸ਼ਨਰ, ਮਨਜੀਤ ਸਿੰਘ ਬਾਠ, ਆਰਪੀ ਐਸਬੇਦੀ ਆਦਿ ਹਾਜ਼ਰ ਸਨ।

# ਕਾਰਲ ਮਾਰਕਸ ਦੇ ਜਨਮ ਦਿਹਾੜੇ ’ਤੇ ਸਮਾਗਮ ਲੋਕਾਂ ਦੀ ਮੁਕਤੀ ਲਈ ਅੱਜ ਵੀ ਪ੍ਰਸੰਗਕ ਹੈ; ਮਾਰਕਸੀ ਫਲਸਫ਼ਾ









**ਜਲੰਧਰ–** ਕਾਰਲ ਮਾਰਕਸ ਦੇ 205ਵੇਂ ਜਨਮ ਦਿਹਾੜੇ ਮੌਕੇ ਅੱਜ ਦੇਸ਼ ਭਗਤ ਯਾਦਗਾਰ ਹਾਲ ’ਚ ਮਾਰਕਸਵਾਦ ਅਤੇ ਅਜੋਕੇ ਸਰੋਕਾਰ ਵਿਸ਼ੇ ’ਤੇ ਗੰਭੀਰ ਵਿਚਾਰ-ਚਰਚਾ ਕੀਤੀ ਗਈ। ਸੈਮੀਨਾਰ ਦੇ ਮੰਚ ’ਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਵਿੱਤ ਸਕੱਤਰ ਸੀਤਲ ਸਿੰਘ ਸੰਘਾ, ਸਮਾਗਮ ਦੇ ਮੁੱਖ ਵਕਤਾ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਦਰਸ਼ਨ ਖਟਕੜ ਅਤੇ ਅਮੋਲਕ ਸਿੰਘ ਸਸ਼ੋਭਤ ਸਨ।

ਵਿਚਾਰ-ਚਰਚਾ ’ਚ ਜੁੜੇ ਲੋਕਾਂ ਨੂੰ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ ਨੇ ਜੀ ਆਇਆਂ ਕਹਿੰਦਿਆਂ ਕਿਹਾ ਕਿ 205 ਵਰ੍ਹੇ ਬੀਤ ਜਾਣ ’ਤੇ ਮਾਰਕਸੀ ਫਲਸਫ਼ਾ ਹੋਰ ਵੀ ਪ੍ਰਸੰਗਕ ਹੁੰਦਾ ਜਾ ਰਿਹਾ ਹੈ। ਇਹੋ ਫਲਸਫ਼ਾ ਹੈ ਜੋ ਲੁੱਟ, ਜਬਰ ਤੇ ਟਿਕੇ ਨਿਜ਼ਾਮ ਨੂੰ ਮੂਲੋਂ ਬਦਲਕੇ ਲੁੱਟ, ਵਿਤਕਰੇ ਅਤੇ ਜਬਰ ਰਹਿਤ ਨਿਜ਼ਾਮ ਸਿਰਜਣ ਦਾ ਮਾਰਗ ਦਰਸ਼ਕ ਹੈ। ਚਰੰਜੀ ਲਾਲ ਕੰਗਣੀਵਾਲ ਦੁਆਰਾ ਰਚਿਤ ਪੁਸਤਕ 'ਗ਼ਦਰੀ ਬਾਬਾ ਕੇਸਰ ਸਿੰਘ ਠੱਠਗੜ੍ਹ: ਜੀਵਨ ਸੰਗਰਾਮ’ ਇਸ ਮੌਕੇ ਲੋਕ ਅਰਪਣ ਕੀਤੀ ਗਈ। ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਵਿਸ਼ੇਸ਼ ਤੌਰ ’ਤੇ ਇਸ ਪੁਸਤਕ ’ਤੇ ਵਿਚਾਰ ਕੇਂਦਰਤ ਰੱਖਦਿਆਂ, ਕਮੇਟੀ ਦੇ ਆਗੂ ਰਹੇ ਨੌਨਿਹਾਲ ਸਿੰਘ ਨੂੰ ਸਲਾਮ ਕਰਦਿਆਂ ਕਿਹਾ ਕਿ ਗ਼ਦਰੀ ਦੇਸ਼ ਭਗਤਾਂ ਦਾ ਇਤਿਹਾਸ ਖੋਜਣ, ਸੰਭਾਲਣ ਅਤੇ ਲੋਕਾਂ ਵਿੱਚ ਲਿਜਾਣ ਦੀ ਕੜੀ ਵਜੋਂ ਬਾਬਾ ਕੇਸਰ ਸਿੰਘ ਠੱਠਗੜ੍ਹ ਸਬੰਧੀ ਲੋਕ ਅਰਪਣ ਹੋਈ ਪੁਸਤਕ ਮੁੱਲਵਾਨ ਭੂਮਿਕਾ ਅਦਾ ਕਰੇਗੀ।

ਅੱਜ ਦੇ ਸਮਾਗਮ ਦੇ ਮੁੱਖ ਵਕਤਾ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਦਰਸ਼ਨ ਸਿੰਘ ਖਟਕੜ ਨੇ ਆਪਣੇ ਸੰਬੋਧਨ ’ਚ ਕਿਹਾ ਕਿ ਮਾਰਕਸ ਸਾਨੂੰ ਇਹ ਦ੍ਰਿਸ਼ਟੀ ਦਿੰਦਾ ਹੈ ਕਿ ਪੂੰਜੀਵਾਦੀ ਵਿਵਸਥਾ ਕਿਵੇਂ ਰੱਤ-ਨਿਚੋੜੂ ਹੈ ਅਤੇ ਇਸ ਤੋਂ ਕਿਵੇਂ ਮੁਕਤੀ ਹਾਸਲ ਹੋ ਸਕਦੀ ਹੈ। ਦਰਸ਼ਨ ਖਟਕੜ ਨੇ ਕਿਹਾ ਕਿ ਸਮਾਜ ਵਿੱਚ ਫੈਲੀ ਹਫ਼ੜਾ-ਦਫ਼ੜੀ, ਬੇਰੁਜ਼ਗਾਰੀ, ਭੁੱਖ ਮਰੀ, ਗ਼ਰੀਬੀ, ਮਹਿੰਗਾਈ, ਲੁੱਟ-ਖਸੁੱਟ, ਜਬਰ-ਜ਼ੁਲਮ ਸਭ ਕੁਝ ਪੂੰਜੀਵਾਦ ਦੀ ਦੇਣ ਹੈ। ਇਸ ਕਰਕੇ ਹੀ ਲੋਕ ਕਿਸੇ ਨਾ ਕਿਸੇ ਰੂਪ ਵਿੱਚ ਅਸੰਤੋਸ਼, ਨਾਬਰੀ, ਵਿਦਰੋਹ ਅਤੇ ਲੋਕ ਸੰਘਰਸ਼ ’ਚ ਪ੍ਰਗਟਾਵਾ ਕਰਦੇ ਆ ਰਹੇ ਹਨ ਅਤੇ ਕਰਦੇ ਰਹਿਣਗੇ। ਜਦੋਂ ਤੱਕ ਸਾਮਰਾਜ ਦੀ ਦੂਜੇ ਮੁਲਕਾਂ, ਮਜ਼ਦੂਰ ਜਮਾਤ ਤੇ ਦਾਬਾ ਅਤੇ ਟੱਕਰ ਹੈ, ਉਸੇ ਵੇਲੇ ਤੱਕ ਲਿਆਂਦੇ ਜਾ ਰਹੇ ਵੰਨ-ਸੁਵੰਨੇ ਸਿਧਾਂਤ ਅਰਥਹੀਣ ਨਿਰਾਰਥਕ ਰਹਿਣਗੇ ਕਿਉਂਕਿ ਜੇ ਸਾਮਰਾਜੀ ਲੁੱਟ ਅਤੇ ਕੁੱਟ ਰਹੇਗੀ ਤਾਂ ਇਸ ਸੰਸਾਰ ਪ੍ਰਬੰਧ ਖਿਲਾਫ਼ ਟੱਕਰ ਵੀ ਜਾਰੀ ਰਹੇਗੀ। ਵਿਸ਼ਵਾਮਿੱਤਰ, ਕੁਲਵੰਤ ਸੰਧੂ, ਡਾ. ਸੈਲੇਸ਼, ਹਰਬੰਸ ਹਮਾਇਤੀ ਅਤੇ ਸੁਖਦੇਵ ਸਿੰਘ ਫਗਵਾੜਾ ਵੱਲੋਂ ਕੀਤੇ ਸੁਆਲਾਂ ਦੇ ਦਰਸ਼ਨ ਖਟਕੜ ਵੱਲੋਂ ਬਾ-ਦਲੀਲ ਜਵਾਬ ਦਿੱਤੇ। ਇਸ ਸਮਾਗਮ ’ਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ, ਰਣਜੀਤ ਸਿੰਘ ਔਲਖ, ਦੇਵ ਰਾਜ ਨਈਅਰ, ਵਿਜੈ ਬੰਬੇਲੀ, ਪ੍ਰੋ.ਗੋਪਾਲ ਬੁੱਟਰ, ਹਰਮੇਸ਼ ਮਾਲੜੀ, ਡਾ. ਤੇਜਿੰਦਰ ਵਿਰਲੀ ਤੋਂ ਇਲਾਵਾ ਡਾ. ਹਰਜੀਤ ਸਿੰਘ, ਕਸ਼ਮੀਰ ਸਿੰਘ ਘੁੱਗਸ਼ੋਰ, ਜਸਬੀਰ ਜੱਸੀ, ਪੁਸ਼ਕਰ, ਕੁਲਵਿੰਦਰ ਵੜੈਚ, ਅਵਤਾਰ ਸਿੰਘ, ਸੁਖਦੇਵ ਸਿੰਘ ਸਿੱਧੂ, ਮੋਹਣ ਸਿੰਘ ਬੱਲ, ਡਾ. ਜਗਜੀਤ ਸਿੰਘ ਚੀਮਾ, ਨਿਰਮਲਜੀਤ ਕੌਰ, ਗੁਰਦੀਪ ਸਿੰਘ, ਕੇਸਰ ਹਾਜ਼ਰ ਸਨ। ਸਮਾਗਮ ’ਚ ਮੰਚ ਸੰਚਾਲਨ ਦੀ ਭੂਮਿਕਾ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਨਿਭਾਈ।

# ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਦੇ ਕਾਮਿਆਂ ਨੇ ਹੱਕੀ ਮੰਗਾਂ ਦੀ ਪੂਰਤੀ ਲਈ ਵਿਸ਼ਾਲ ਰੋਸ ਰੈਲੀ

**ਫਗਵਾੜਾ (ਬੀਕੇ ਰੱਤੂ)** ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਮੁੱਖ ਦਫ਼ਤਰ 1406--22- ਬੀ ਚੰਡੀਗੜ ਵੱਲੋਂ ਅੱਜ ਦੇਸ਼ ਭਗਤ ਯਾਦਗਰ ਹਾਲ ਜਲੰਧਰ ਵਿਖੇ ਵਿਸ਼ਾਲ ਰੋਸ ਰੈਲੀ ਕਰਨ ਉਪਰੰਤ ਸ਼ਹਿਰ ਵਿਖੇ ਝੰਡਾ ਮਾਰਚ ਕੀਤਾ ਗਿਆ। ਅੱਜ ਸਵੇਰ ਤੋਂ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਤੋਂ ਵੱਡੀ ਗਿਣਤੀ ਵਿੱਚ ਜੰਗਲਾਤ ਕਾਮੇਂ ਟਰੱਕਾਂ, ਬੱਸਾਂ ਤੇ ਟੈਪੂਆਂ 'ਤੇ ਸਵਾਰ ਹੋ ਕੇ ਆਪਣੇ ਝੰਡੇ ਮਾਟੋ ਤੇ ਬੈਨਰਾਂ ਨਾਲ ਲੈਸ ਹੋ ਕੇ ਨਾਅਰੇ ਮਾਰਦੇ ਹੋਏ ਪੂਰੇ ਜੋਸ਼ੋ ਖਰੋਸ਼ ਨਾਲ ਧਰਨੇ 'ਚ ਪੁੱਜੇ। ਅੱਜ ਦੇ ਧਰਨੇ ਦੀ ਅਗਵਾਈ ਅਮਰੀਕ ਸਿੰਘ ਗੜ੍ਹਸ਼ੰਕਰ, ਜਸਵੀਰਾ ਸਿੰਘ ਸੀਰਾ, ਜਸਵਿੰਦਰ ਸੌਜਾ ਤੇ ਰਣਜੀਤ ਗੁਰਦਾਸਪੁਰ ਨੇ ਕੀਤੀ। ਦੇਸ਼ ਭਗਤ ਯਾਦਗਰ ਹਾਲ ਦੇ ਅਹਾਤੇ 'ਚ ਹੋਈ ਭਰਵੀਂ ਤੇ ਪ੍ਰਭਾਵਸ਼ਾਲੀ ਰੈਲੀ ਨੂੰ ਸੰਬੋਧਨ ਕਰਦਿਆਂ ਮੁਲਾਜਮ ਆਗੂ ਵਿਰਸਾ ਸਿੰਘ ਅੰਮਿਰਤਸਰ, ਪਵਨ ਹੁਸ਼ਿਆਰਪੁਰ, ਅਮਨਦੀਪ ਸਿੰਘ ਛੱਤ ਬੀੜ, ਮਲਕੀਤ ਮੁਕਤਸਰ, ਸੁਲੱਖਣ ਸਿੰਘ ਮੋਹਾਲੀ ਅਤੇ ਸੁਖਦੇਵ ਜਲੰਧਰ ਨੇ ਕਿਹਾ ਕਿ ਜੰਗਲਾਤ ਅਤੇ ਜੰਗਲੀ ਜੀਵ ਵਿਭਾਗ ਚ ਕੰਮ ਕਰਦੇ ਤਿੰਨ ਸਾਲ ਦੀ ਸਰਵਿਸ ਵਾਲੇ ਕੱਚੇ ਕਾਮਿਆਂ ਨੂੰ ਪੱਕਿਆਂ ਕੀਤਾ ਜਾਵੇ,ਜਿਹੜੇ ਕਾਮਿਆਂ ਨੇ ਸਾਲ 2006 ਚ ਦੱਸ ਸਾਲ ਦੀ ਸਰਵਿਸ ਪੂਰੀ ਕਰ ਲਈ ਸੀ ਉਹਨਾਂ ਕਾਮਿਆਂ ਨੂੰ ਤੁਰੰਤ ਪੱਕਿਆਂ ਕੀਤਾ ਜਾਵੇ,ਤੇ ਜੰਗਲੀ ਜੀਵ ਵਿਭਾਗ 'ਚ ਕੰਮ ਕਰਦੇ ਵਰਕਰਾਂ ਨੂੰ 25% ਵੱਧ ਰੇਟਾਂ ਨਾਲ ਤਨਖਾਹ ਦਿੱਤੀ ਜਾਵੇ। ਇਕੱਤਰਤਾ ਨੂੰ ਸੰਬੋਧਨ ਕਰਦਿਆਂ ਜਸਵਿੰਦਰ ਸੰਗਰੂਰ, ਸੱਤ ਨਰੈਣ ਮਾਨਸਾ, ਨਿਸਾਨ ਫਿਰੋਜ਼ਪੁਰ, ਜਸਪਾਲ ਬਠਿੰਡਾ, ਕੇਵਲ ਗੜਸ਼ੰਕਰ, ਸ਼ੇਰ ਸਿੰਘ ਸਰਹਿੰਦ, ਛਿੰਦਰਪਾਲ ਸਿੰਘ ਅਤੇ ਨਿਰਮਲ ਰੋਪੜ ਨੇ ਮੰਗ ਕੀਤੀ ਕਿ ਸਮੂਹ ਵਰਕਰਾਂ ਨੂੰ ਘੱਟੋ ਘੱਟ 18000 ਰੁਪਏ ਮਹੀਨਾ ਤਨਖਾਹ ਦਿੱਤੀ ਜਾਵੇ, ਹਰੇਕ ਵਰਕਰ ਦਾ ਈ।ਪੀ।ਐਫ਼ ਤੇ ਈ।ਆਈ।ਐਸ ਕੱਟਿਆ ਜਾਵੇ ਅਤੇ ਵਣ ਵਿਭਾਗ ਵਿਚ ਕੰਮਾਂ ਦੇ ਰੇਟਾਂ ਚ ਵਾਧਾ ਕੀਤਾ ਜਾਵੇ ।ਰੈਲੀ ਉਪਰੰਤ ਜਦੋਂ ਜੰਗਲਾਤ ਕਾਮਿਆਂ ਨੇ ਆਪਣੀ ਸੂਬਾਈ ਟੀਮ ਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ ਫ਼ੇਡਰੇਸਨ ਦੇ ਸੂਬਾਈ ਪ੍ਰਧਾਨ ਸਤੀਸ ਰਾਣਾ,ਤੀਰਥ ਸਿੰਘ ਬਾਸੀ, ਦਰਸਨ ਸਿੰਘ ਬੇਲੂ ਮਾਜਰਾ। ਕ੍ਰਿਸਨ ਜਾਗੋਵਾਲੀਆ ਤੇ ਤਰਸੇਮ ਮਾਧੋਪੁਰੀ ਦੀ ਅਗਵਾਈ ਵਿੱਚ ਜਦੋ ਝੰਡਾ ਮਾਰਚ ਸੁਰੂ ਕੀਤਾ ਤਾਂ ਜਲੰਧਰ ਦੀਆਂ ਸੜਕਾਂ ਤੇ ਮੁਲਾਜਮਾਂ ਦਾ ਹੜ੍ਹ ਆ ਗਿਆ। ਇਸ ਤਰਾਂ ਲੱਗਿਆ ਜਿਵੇ ਪੰਜਾਬ ਦੇ ਸਮੁੱਚੇ ਲੋਕ ਹੀ ਜਲੰਧਰ 'ਆ ਗਏ ਹਨ। ਸਾਰਾ ਸਹਿਰ ਜੰਗਲਾਤ ਕਾਮਿਆਂ ਦੇ "ਕੱਚੇ ਕਾਮੇ ਪੱਕੇ ਕਰੋ, ਜੰਗਲਾਤ ਵਰਕਰ ਯੂਨੀਅਨ ਜਿੰਦਾਬਾਦ ਦੇ ਨਾਹਰਿਆਂ ਨਾਲ ਗੂੰਜ ਉਠਿਆ । ਹਰ ਪਾਸੇ ਜੰਗਲਾਤ ਕਾਮਿਆਂ ਦੇ ਕਾਫ਼ਲੇ ਤੇ ਲਾਲ ਝੰਡੇ ਹੀ ਚਮਕਦੇ ਸਨ। ਪ੍ਰਸ਼ਾਸਨ ਅਤੇ ਪੁਲਿਸ ਨੂੰ ਉਸ ਸਮੇ ਹੱਥਾਂ ਪੈਰਾਂ ਦੀ ਪੈ ਗਈ ਜਦੋ ਜੰਗਲਾਤ ਕਾਮਿਆਂ ਦੇ ਮਾਰਚ ਕਰਕੇ ਸ਼ਹਿਰ ਦੀ ਆਵਾਜਾਈ ਪੂਰੀ ਤਰ੍ਹਾਂ ਅਸਤ ਵਿਅਸਤ ਹੋ ਗਈ। ਜਲੰਧਰ ਜਿਲੇ ਦੀ ਪੁਲਿਸ ਆਵਾਜਾਈ ਚਲਾਉਣ 'ਚ ਬੇ-ਬੱਸ ਨਜ਼ਰ ਆਈ ਆਮ ਆਦਮੀ ਪਾਰਟੀ ਦੇ ਮੁੱਖ ਦਫ਼ਤਰ ਅੱਗੇ ਪੁੱਜੇ ਝੰਡਾ ਮਾਰਚ ਨੂੰ ਪੰਜਾਬ ਸਰਕਾਰ ਵੱਲੋ 08 ਮਈ ਦੀ ਮੀਟਿੰਗ ਦੇ ਸਮੇਂ ਦਾ ਪੱਤਰ ਦਿੱਤਾ ਤਾਂ ਕਿਤੇ ਜਾ ਕੇ ਜੰਗਲਾਤ ਕਾਮੇ ਸ਼ਾਂਤ ਹੋਏ।ਇੱਕਤਰ ਹੋਏ ਮੁਲਾਜਮਾਂ ਨੂੰ ਸੰਬੋਧਨ ਕਰਦਿਆਂ ਦਰਸ਼ਨ ਲੁਧਿਆਣਾ, ਭੁਪਿੰਦਰ ਸਾਧੋਰੇੜੀ ਪਟਿਆਲਾ, ਸਤਨਾਮ ਸੰਗਰੂਰ, ਬਲਵੀਰ ਤਰਨਤਾਰਨ, ਕਰਮ ਸਿੰਘ ਹਰੀਕੇ ਪੱਤਣ, ਭੁਵੀਸ਼ਨ ਲਾਲ ਜਲੰਧਰ, ਜਸਵਿੰਦਰ ਬਠਿੰਡਾ, ਬਲਰਾਜ ਪਠਾਨਕੋਟ, ਰਵੀ ਕਾਂਤ ਰੋਪੜ, ਗੁਰਬੀਰ ਫਿਰੋਜ਼ਪੁਰ ਅਤੇ ਕੁਲਦੀਪ ਗੁਰਦਾਸਪੁਰ ਤੁਰਸੇਮ ਮਾਧੋਪੁਰੀ ਜਲੰਧਰ , ਕਰਨੈਲ ਫਿਲੌਰ ਨੇ ਕਿਹਾ ਕਿ ਜੇਕਰ ਸਰਕਾਰ ਨੇ ਜੰਗਲਾਤ ਕਾਮਿਆਂ ਦੀਆਂ ਮੰਗਾਂ ਦਾ ਹੱਲ ਨਾ ਕੀਤਾ ਤਾਂ ਜੰਗਲਾਤ ਵਰਕਰਜ਼ ਯੂਨੀਅਨ ਦੇ ਝੰਡੇ ਹੇਠ ਤਿੱਖਾ ਤੇ ਤੇਜ ਸੰਘਰਸ਼ ਕਰਨ ਲਈ ਮਜਬੂਰ ਹੋਵਾਂਗੇ ਜਿਸਦੇ ਨਿਕਲਣ ਵਾਲੇ ਸਿੱਟਿਆਂ ਦੀ ਜਿੰਮੇਂਵਾਰ ਇਹ ਸਰਕਾਰ ਹੋਵੇਗੀ। ਅੱਜ ਦੇ ਝੰਡਾ ਮਾਰਚ 'ਚ ਹੋਰਨਾਂ ਤੋਂ ਇਲਾਵਾ ਬਲਬੀਰ ਫਿਰੋਜ਼ਪੁਰ, ਤਰਸੇਮ ਬਲਾਚੌਰ, ਬੱਬੂ ਮਾਨਸਾ, ਭਿੰਦਰ ਘੱਗਾ, ਅਮਰਿੰਦਰ ਮੋਹਾਲੀ, ਮੇਹਰ ਫਿਰੋਜ਼ਪੁਰ, ਬੁੱਟਾ ਲੁਧਿਆਣਾ, ਜਗਮੀਤ ਮੁਕਤਸਰ, ਕਸਮੀਰ ਲਾਲ ਨਵਾਂਸ਼ਹਿਰ ਆਗੂ ਸਾਮਿਲ ਹੋਏ।



# ਆਮ ਆਦਮੀ ਪਾਰਟੀ ਦੀ ਸਰਕਾਰ ਦਲਿਤ ਤੇ ਸਿੱਖ ਵਿਰੋਧੀ ਸਰਕਾਰ- ਚਰਨਜੀਤ ਸਿੰਘ ਚੰਨੀ

**ਜਲੰਧਰ–** ਪੰਜਾਬ ਦੀਆਂ ਔਰਤਾਂ ਅਤੇ ਆਮ ਲੋਕਾਂ ਨੂੰ ਗੁੰਮਰਾਹ ਕਰਕੇ ਬਦਲਾਅ ਦੇ ਨਾਂ ਤੇ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਦਲਿਤ ਤੇ ਸਿੱਖ ਵਿਰੋਧੀ ਸਰਕਾਰ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸ। ਚਰਨਜੀਤ ਸਿੰਘ ਚੰਨੀ ਨੇ ਜਲੰਧਰ ਦੀ ਜ਼ਿਮਨੀ ਚੋਣ ਦੇ ਕਾਂਗਰਸ ਪਾਰਟੀ ਦੀ ਉਮੀਦਵਾਰ ਪ੍ਰੋ ਕਰਮਜੀਤ ਕੌਰ ਚੌਧਰੀ ਦੇ ਹੱਕ ਵਿੱਚ ਆਦਮਪੁਰ ਹਲਕੇ ਵਿੱਚ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਦੀ ਅਗਵਾਈ ਵਿੱਚ ਨੰਗਲ ਸ਼ਾਮਾ, ਪਤਾਰਾ, ਚੂਹੜੋਵਾਲੀ, ਲੇਸੜੀਵਾਲ, ਸੰਘਵਾਲ ਅਤੇ ਰੱਖੇ ਸਮਾਗਮਾਂ ਦੌਰਾਨ ਬੋਲਦਿਆਂ ਕਿਹਾ ਕਿ ਭਗਵੰਤ ਮਾਨ ਦਲਿਤ ਵਿਰੋਧੀ ਹੈ ਜੋ ਦਲਿਤਾਂ ਦੀ ਲੀਡਰਸ਼ਿਪ ਤੇ ਅਫ਼ਸਰ ਲਾਬੀ ਨੂੰ ਤਬਾਹ ਕਰਨ ਦੇ ਮਨਸੂਬੇ ਨਾਲ ਕੰਮ ਕਰ ਰਿਹਾ ਹੈ। ਦਲਿਤ ਲਾਅ ਅਫ਼ਸਰਾਂ ਦੀ ਭਰਤੀ ਵਿੱਚ ਰਾਖਵੇਂਕਰਨ ਨਾ ਲਾਗੂ ਕਰਨਾ ਅਤੇ ਦਲਿਤ ਐਕਸਾਈਜ਼ ਇੰਸਪੈਕਟਰਾਂ ਨੂੰ ਪਦ ਉਨਤੀ ਵਿੱਚ ਰਾਖਵੇਂਕਰਨ ਨਾ ਲਾਗੂ ਕਰਨਾ ਇਸ ਦੀ ਉਦਾਹਰਨ ਹੈ। ਉਨ੍ਹਾਂ ਅੱਗੇ ਕਿਹਾ ਸ੍ਰੀ ਗੁਰੂ ਰਵਿਦਾਸ ਅੰਮ੍ਰਿਤ ਬਾਣੀ ਅਧਿਐਨ ਸੈਂਟਰ ਤੇ 100 ਕਰੋੜ ਦੀ ਲਾਗਤ ਨਾਲ ਬਣਨ ਵਾਲੇ ਡਾਕਟਰ ਅੰਬੇਡਕਰ ਮਿਊਜ਼ੀਅਮ ਦਾ ਕੰਮ ਰੋਕਣਾ ਵੀ ਇਨ੍ਹਾਂ ਦੇ ਦਲਿਤ ਵਿਰੋਧੀ




ਹੋਣ ਦਾ ਸਬੂਤ ਹੈ ਸ। ਚੰਨੀ ਨੇ ਕਿਹਾ ਕਿ ਹੰਕਾਰੀ ਮੁੱਖ ਮੰਤਰੀ ਸਿੱਖ ਵਿਰੋਧੀ ਹੈ ਜੋ ਕੇਜਰੀਵਾਲ ਦੇ ਇਸ਼ਾਰੇ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਰਗੀ ਸਿਰਮੌਰ ਸੰਸਥਾ ਦੇ ਜਥੇਦਾਰ ਸਾਹਿਬ ਦੇ ਨਾਲ ਮੱਥਾ ਲਾ ਰਿਹਾ ਹੈ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਦਖਲ ਦੇ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਲਾਅ ਐਂਡ ਆਰਡਰ ਵਿਚ ਆਪ ਸਰਕਾਰ ਬੁਰੀ ਫੇਲ੍ਹ ਹੋਈ ਹੈ, ਸਿੱਧੂ ਮੂਸੇ ਵਾਲੇ ਦਾ ਕਤਲ ਆਪ ਸਰਕਾਰ ਦੇ ਮੱਥੇ ਤੇ ਕਲੰਕ ਹੈ। ਜਿਸ ਦੇ ਮਾਪੇ ਅੱਜ ਤੱਕ ਇਨਸਾਫ਼ ਵਿੱਚ ਦਰ ਦਰ ਭਟਕ ਰਹੇ ਹਨ। ਸ. ਚੰਨੀ ਕਿਹਾ ਮੇਰੇ ਕਾਰਜਕਾਲ ਆਰੰਭੇ ਅਨੇਕਾਂ ਲੋਕ ਭਲਾਈ ਦੇ ਕਾਰਜ ਭਗਵੰਤ ਮਾਨ ਸਰਕਾਰ ਦੇ ਬੰਦ ਕਰ ਦਿੱਤੇ ਜਾਂ ਠੰਡੇ ਬਸਤੇ ਵਿੱਚ ਪਾ ਦਿੱਤੇ ਜਿਸ ਨਾਲ ਪੰਜਾਬ ਦੇ ਆਮ ਲੋਕਾਂ ਦਾ ਜੀਣਾ ਮੁਹਾਲ ਹੋਇਆ ਪਿਆ ਹੈ। ਉਨ੍ਹਾਂ ਪੰਜਾਬ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਚਲਦਾ ਕਰਨ ਲਈ ਕਾਂਗਰਸ ਦੀ ਉਮੀਦਵਾਰ ਪ੍ਰੋ ਕਰਮਜੀਤ ਕੌਰ ਚੌਧਰੀ ਨੂੰ ਵੋਟ ਪਾਉਣ ਦੀ ਅਪੀਲ ਕੀਤੀ।

ਇਨ੍ਹਾਂ ਸਮਾਗਮਾਂ ਵਿੱਚ ਗੁਰਕੀਰਤ ਸਿੰਘ ਕੋਟਲੀ ਸਾਬਕਾ ਮੰਤਰੀ, ਲਖਵੀਰ ਸਿੰਘ ਲੱਖਾ ਸਾਬਕਾ ਵਿਧਾਇਕ, ਗੁਰਪ੍ਰੀਤ ਸਿੰਘ ਜੀਪੀ ਸਾਬਕਾ ਵਿਧਾਇਕ, ਕਮਲਜੀਤ ਸਿੰਘ ਲਾਲੀ ਸਾਬਕਾ ਵਿਧਾਇਕ ਅਤੇ ਬਿਕਰਮ ਸਿੰਘ ਬਾਜਵਾ ਵੀ ਨਾਲ ਸਨ। ਇਸ ਮੌਕੇ ਜ਼ੋਰਾਵਰ ਸਿੰਘ ਤੱਕੀ ਅਕਾਲੀ ਦਲ ਛੱਡ ਕੇ ਅਤੇ ਹੋਰ ਬਹੁਤ ਸਾਰੇ ਲੋਕ ਵੱਖ ਵੱਖ ਪਾਰਟੀਆਂ ਨੂੰ ਛੱਡ ਕੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਏ।

# ਜਲੰਧਰ ਜਿਮਨੀ ਚੋਣ ਤੈਅ ਕਰੇਗੀ ਸਿਆਸੀ ਪਾਰਟੀਆਂ ਦਾ ਭਵਿੱਖ

## 'ਆਪ' ਸਰਕਾਰ ਦਾ ਵੱਕਾਰ ਦਾਅ 'ਤੇ ਲੱਗਾ

**ਵਿਸ਼ੇਸ਼ ਰਿਪੋਰਟ : ਜੇ. ਸਿੰਘ 'ਭਡਿਆਰ'**

ਪੰਜਾਬ ਦੇ ਲੋਕ ਸਭਾ ਹਲਕਾ ਜਲੰਧਰ ਦੀ ਜ਼ਿਮਨੀ ਚੋਣ ਲਈ ਸਿਆਸੀ ਅਖਾੜਾ ਪੂਰੀ ਤਰ੍ਹਾਂ ਭਖ਼ਿਆ ਹੋਇਆ ਹੈ। ਜ਼ਿਮਨੀ ਚੋਣ ਜਿੱਤਣ ਲਈ ਸਾਰੇ ਸਿਆਸੀ ਦਲ ਜ਼ੋਰ ਅਜਮਾਇਸ਼ੀ ਕਰ ਰਹੇ ਹਨ। ਜੋੜ ਤੋੜ ਦਾ ਸਿਲਸਿਲਾ ਜਾਰੀ ਹੈ। ਸੂਬੇ ਦੀ ਸੱਤਾਧਾਰੀ ਤੇ ਵਿਰੋਧੀ ਪਾਰਟੀਆਂ ਲ਼ਈ ਇਹ ਸੀਟ ਵੱਕਾਰ ਦਾ ਸਵਾਲ ਬਣੀ ਹੋਈ ਹੈ। ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਜਿਸ ਵੇਲੇ ਆਮ ਆਦਮੀ ਪਾਰਟੀ ਦੀ ਧਮਾਕੇਦਾਰ ਜਿੱਤ ਹੋਈ ਸੀ ਤਾਂ ਪਹਿਲੀ ਵਾਰ ਸਰਕਾਰ ਬਣਾਉਣ ਵਾਲੀ ਪਾਰਟੀ ਨੇ 117 ਵਿਚੋਂ 92 ਸੀਟਾਂ ਹਾਸਲ ਕੀਤੀਆਂ ਸਨ। ਇਹਨਾਂ ਚੋਣਾਂ ਪਰਿਵਾਰ ਨਾਲ ਹਮਦਰਦੀ ਅਤੇ ਮੌਜੂਦਾ ਸਰਕਾਰ ਦਾ ਕਥਿਤ ਵਿਰੋਧ ਸਾਨੂੰ ਜਿਤਾਏਗਾ। ਇਸ ਕਾਰਨ ਕਾਂਗਰਸ ਕਿਤੇ ਵੀ ਜ਼ਿਆਦਾ ਨਜ਼ਰ ਨਹੀਂ ਆ ਰਹੀ। ਉਮੀਦਵਾਰ ਪਾਰਟੀ ਦੀਆਂ ਵੋਟਾਂ 'ਤੇ ਹੀ ਨਿਰਭਰ ਜਾਪਦੇ ਹਨ। ਇਸ ਭਰੋਸੇ ਕਾਰਨ ਵੋਟਾਂ ਤੋਂ ਸਿਰਫ਼ ਦੋ ਦਿਨ ਪਹਿਲਾਂ ਵੀ ਜਲੰਧਰ ਲੋਕ ਸਭਾ ਹਲਕੇ ਦੇ ਕਈ ਇਲਾਕੇ ਅਜਿਹੇ ਹਨ, ਜਿੱਥੇ ਕਾਂਗਰਸੀ ਨਹੀਂ ਪੁੱਜੇ। ਕਾਂਗਰਸੀ ਉਮੀਦਵਾਰ ਖੁਦ ਹਮਦਰਦੀ ਦੀਆਂ ਵੋਟਾਂ ਅਤੇ ਜੇਤੂ ਵਿਧਾਇਕਾਂ 'ਤੇ ਨਿਰਭਰ ਹੈ। ਸੂਤਰਾਂ ਦੀ ਮੰਨੀਏ ਤਾਂ ਕਾਂਗਰਸੀ ਵਰਕਰ ਵੀ ਇਸ ਤਰ੍ਹਾਂ ਦੇ ਚੋਣ ਪ੍ਰਚਾਰ ਤੋਂ ਬਹੁਤੇ ਖੁਸ਼ ਨਹੀਂ ਹਨ।



ਵਿੱਚ ਜਲੰਧਰ ਦੀਆਂ 9 ਵਿਧਾਨ ਸਭਾ ਸੀਟਾਂ ਵਿੱਚੋਂ ਕਾਂਗਰਸ ਨੇ 5 ਅਤੇ ਆਮ ਆਦਮੀ ਪਾਰਟੀ ਨੇ ਚਾਰ ਸੀਟਾਂ ਜਿਤੀਆਂ। ਸੂਬੇ ਵਿੱਚ ਜੂਨ 2022 ਵਿੱਚ ਸੰਗਰੂਰ ਸੰਸਦੀ ਉਪ ਚੋਣ ਹਾਰਨ ਤੋਂ ਬਾਅਦ ਲੋਕ ਸਭਾ ਵਿੱਚ 'ਆਪ' ਦੀ ਮੌਜੂਦਗੀ ਜ਼ੀਰੋ ਹੋ ਗਈ ਹੈ। ਇਹ ਸੀਟ ਭਗਵੰਤ ਮਾਨ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ ਖਾਲੀ ਹੋਈ ਸੀ ਪਰ ਪੰਜਾਬ ਦੀ ਇਸ ਹਾਈ ਪ੍ਰੋਫਾਈਲ ਸੀਟ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸਿਮਰਨਜੀਤ ਸਿੰਘ ਮਾਨ ਨੇ ਜਿੱਤ ਹਾਸਲ ਕੀਤੀ ਸੀ। ਇੱਥੇ ਜ਼ਿਕਰਯੋਗ ਹੈ ਕਿ ਸੰਤੋਖ ਸਿੰਘ ਚੌਧਰੀ 14 ਜਨਵਰੀ 2023 ਨੂੰ ਰਾਹੁਲ ਗਾਂਧੀ ਦੀ 'ਭਾਰਤ ਜੋੜੋ ਯਾਤਰਾ' ਦੌਰਾਨ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਸੀ, ਜਿਸ ਕਾਰਨ ਇੱਥੇ ਜ਼ਿਮਨੀ ਚੋਣ ਹੋ ਰਹੀ ਹੈ।

**'ਆਪ' ਸਰਕਾਰ ਦਾ ਪੂਰਾ ਧਿਆਨ ਚੋਣਾਂ 'ਤੇ**

ਜਦੋਂ ਵੀ ਚੋਣਾਂ ਹੁੰਦੀਆਂ ਹਨ ਤਾਂ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਚੋਣ ਨਤੀਜਿਆਂ ਦੀ ਪਹਿਲਾਂ ਹੀ ਭਵਿੱਖਬਾਣੀ ਕਰਦੇ ਹਨ ਕਿ ਕਿਸ ਸੀਟ ਤੋਂ ਕੌਣ ਜਿੱਤ ਰਿਹਾ ਹੈ ਅਤੇ ਕੌਣ ਹਾਰ ਰਿਹਾ ਹੈ। ਕੇਜਰੀਵਾਲ ਨੇ ਅਜੇ ਤੱਕ ਕੋਈ ਭਵਿੱਖਬਾਣੀ ਨਹੀਂ ਕੀਤੀ ਹੈ। ਉਨ੍ਹਾਂ ਨੇ ਪੰਜਾਬ ਸਰਕਾਰ ਨੂੰ ਇਕ ਸਾਲ ਹੋਰ ਸਰਕਾਰ ਨੂੰ ਮੌਕਾ ਦੇਣ ਨੂੰ ਕਿਹਾ ਹੈ। ਜੇਕਰ ਮੁੱਖ ਭਗਵੰਤ ਮਾਨ ਵੱਲੋਂ ਪਿਛਲੇ ਦਿਨੀਂ ਦਿੱਤੇ ਗਏ ਬਿਆਨਾਂ 'ਤੇ ਨਜ਼ਰ ਮਾਰੀਏ ਤਾਂ ਉਹ ਉਹ ਵੋਟਰਾਂ ਦੇ ਸਾਹਮਣੇ ਲੈਲੜੀਆਂ ਕੱਢਦੇ ਨਜ਼ਰ ਆ ਰਹੇ ਹਨ। ਸੀ.ਐਮ ਮਾਨ ਦੇ ਬਿਆਨ, 'ਇੱਕ ਸਾਲ ਹੋਰ ਦਿਓ, ਰਿੰਕੂ ਨੂੰ ਜਿਤਾਓ, ਸਾਡਾ ਹੌਂਸਲਾ ਵਧਾਓ, ਅਸੀਂ ਹੋਰ ਮਿਹਨਤ ਨਾਲ ਵਿਕਾਸ ਕਰਾਂਗੇ'। ਸੀ.ਐਮ ਦੇ ਇਹਨਾਂ ਬਿਆਨਾਂ ਵਿੱਚ ਵਿਸ਼ਵਾਸ ਘੱਟ ਦਿਖਾਈ ਦੇ ਰਿਹਾ ਹੈ। ਚੋਣ ਜ਼ਾਬਤਾ ਲਾਗੂ ਹੋਣ ਤੋਂ ਬਾਅਦ 'ਆਪ' ਸਰਕਾਰ ਦੇ ਕਈ ਆਗੂ ਜਲੰਧਰ 'ਚ ਹਨ ਅਤੇ ਰੋਜ਼ਾਨਾ 'ਆਪ' ਦੇ ਮੰਤਰੀ ਅਤੇ ਵਿਧਾਇਕ ਜਲੰਧਰ ਦੇ ਲੋਕ ਸਭਾ ਹਲਕਾ 'ਚ ਲਗਾਤਾਰ ਚੋਣ ਪ੍ਰਚਾਰ ਕਰ ਰਹੇ ਹਨ। ਸੀਐਮ ਮਾਨ ਖੁਦ ਹਰ ਰੋਜ਼ ਜਲੰਧਰ ਵਿੱਚ ਰੋਡ ਸ਼ੋਅ ਕਰ ਰਹੇ ਹਨ। ਸਿੱਧੇ ਸ਼ਬਦਾਂ 'ਚ ਕਹੀਏ ਤਾਂ 'ਆਪ' ਸਰਕਾਰ ਦਾ ਪੂਰਾ ਧਿਆਨ ਚੋਣਾਂ 'ਤੇ ਹੈ।

**ਕਾਂਗਰਸ ਨੂੰ ਜਿੱਤ ਦੀ ਉਮੀਦ**

ਕਾਂਗਰਸ ਪਾਰਟੀ ਚੋਣਾਂ ਵੱਲ ਬਹੁਤਾ ਧਿਆਨ ਨਹੀਂ ਦੇ ਰਹੀ ਹੈ। ਕਾਂਗਰਸ ਨੂੰ ਲੱਗ ਰਿਹਾ ਹੈ ਕਿ ਵੋਟਰਾਂ ਦੀ ਚੌਧਰੀ

**ਭਾਜਪਾ ਦੀ ਨਜ਼ਰ 2024 ਦੀਆਂ ਚੋਣਾਂ 'ਤੇ**

ਜਲੰਧਰ ਲੋਕ ਸਭਾ ਜ਼ਿਮਨੀ ਚੋਣ ਵਿਚ ਭਾਜਪਾ ਹਾਈਕਮਾਂਡ ਨੂੰ ਪਤਾ ਹੈ ਕਿ ਉਹ ਆਪਣੇ ਦਮ 'ਤੇ ਚੋਣਾਂ ਨਹੀਂ ਜਿੱਤ ਸਕਦੇ, ਪਰ ਕੇਂਦਰੀ ਰਣਨੀਤੀਕਾਰ ਇਸ ਚੋਣ ਵਿਚ ਵੋਟਰਾਂ ਵਿਚ ਭਾਜਪਾ ਪੰਜਾਬ ਦੇ ਆਗੂਆਂ ਦੇ 'ਵਿਜ਼ਨ' ਦੀ ਜਾਂਚ ਕਰ ਰਹੇ ਹਨ। ਭਾਜਪਾ ਹਾਈਕਮਾਂਡ ਦੀ ਨਜ਼ਰ ਸਿੱਧੇ ਤੌਰ 'ਤੇ 2024 ਦੀਆਂ ਚੋਣਾਂ 'ਤੇ ਹੈ।

ਇਨ੍ਹਾਂ ਚੋਣ ਨਤੀਜਿਆਂ ਦੇ ਆਧਾਰ 'ਤੇ ਅਤੇ 2024 ਦੀਆਂ ਚੋਣਾਂ ਤੋਂ ਪਹਿਲਾਂ ਖੁਦ ਭਾਜਪਾ ਆਗੂ ਵੀ ਭਾਜਪਾ 'ਚ ਵੱਡੇ ਫੇਰਬਦਲ ਦੀਆਂ ਸੰਭਾਵਨਾਵਾਂ ਤੋਂ ਇਨਕਾਰ ਨਹੀਂ ਕਰ ਰਹੇ ਹਨ।

**ਅਕਾਲੀ–ਬਸਪਾ ਕਰ ਸਕਦੀ ਵੱਡਾ ਫੇਰਬਦਲ**

ਲੋਕ ਸਭਾ ਜ਼ਿਮਨੀ ਚੋਣ ਸ਼੍ਰੋਮਣੀ ਅਕਾਲੀ ਦਲ–ਬਹੁਜਨ ਸਮਾਜ ਪਾਰਟੀ ਗਠਜੋੜ ਨਾਲ ਲੜ ਰਹੀ ਹੈ। ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਬੇਸ਼ੱਕ ਹਾਰ ਦਾ ਮੂੰਹ ਦੇਖਣਾ ਪਿਆ ਹੈ ਪਰ 'ਆਪ' ਦੇ ਇੱਕ ਸਾਲ ਵਿੱਚ ਕੀਤੇ ਕੰਮਾਂ ਅਤੇ ਚਰਚਾ ਕਾਰਨ ਹੁਣ ਬਿਖਰਾ ਹੋਇਆ ਵੋਟ ਬੈਂਕ ਮੁੜ ਇੱਕਜੁੱਟ ਹੁੰਦਾ ਨਜ਼ਰ ਆ ਰਿਹਾ ਹੈ। ਵੋਟਾਂ ਤੋਂ ਠੀਕ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਦੀ ਮੌਤ ਹੋ ਜਾਣ ਕਾਰਨ ਅਕਾਲੀ ਦਲ ਅਤੇ ਅਕਾਲੀ ਦਲ ਨਾਲ ਜੁੜੇ ਪਰਿਵਾਰਾਂ ਵਿੱਚ ਸੋਗ ਦੀ ਲਹਿਰ ਹੈ। ਜਲੰਧਰ ਲੋਕ ਸਭਾ ਹਲਕੇ ਵਿੱਚ ਦਲਿਤ ਭਾਈਚਾਰੇ ਦੀ ਇੱਕ ਤਿਹਾਈ ਤੋਂ ਵੱਧ ਵੋਟ ਹੈ। ਸਿਆਸੀ ਮਾਹਿਰਾਂ ਅਨੁਸਾਰ ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਇਕੱਲੇ ਚੋਣ ਲੜਨ ਵਾਲੇ ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਨੂੰ 2 ਲੱਖ ਤੋਂ ਵੱਧ ਵੋਟਾਂ ਮਿਲੀਆਂ ਸਨ। ਜਦਕਿ ਅਕਾਲੀ–ਭਾਜਪਾ ਉਮੀਦਵਾਰ ਨੂੰ ਕਰੀਬ 3.66 ਲੱਖ ਵੋਟਾਂ ਮਿਲੀਆਂ ਸਨ।

ਜਲੰਧਰ ਲੋਕ ਸਭਾ ਸੀਟ ਰਾਖਵੀਂ ਸੀਟ ਹੈ। ਇਸ ਸੀਟ 'ਤੇ ਕੁੱਲ ਵੋਟਰਾਂ ਦੀ ਗਿਣਤੀ 16,18,512 ਹੈ। ਇਨ੍ਹਾਂ ਵਿੱਚ ਐਨਆਰਆਈ ਵੋਟਰਾਂ ਦੀ ਗਿਣਤੀ 73, ਪੁਰਸ਼ ਵੋਟਰ 8,43,299, ਮਹਿਲਾ ਵੋਟਰ 7,75,173, ਟਰਾਂਸਜੈਂਡਰ ਵੋਟਰ 40, ਰੁਜ਼ਗਾਰ ਪ੍ਰਾਪਤ ਵੋਟਰ 1,851, ਅਪੰਗ ਵੋਟਰ 1,0526 ਅਤੇ 80 ਸਾਲ ਤੋਂ ਵੱਧ ਉਮਰ ਦੇ ਵੋਟਰ 38,313 ਵੋਟਰ ਸ਼ਾਮਲ ਹਨ।

# ਇਨਕਲਾਬੀ ਕੇਂਦਰ ਪੰਜਾਬ ਅਤੇ ਜਨਤਕ ਜਥੇਬੰਦੀਆਂ ਜੰਤਰ ਮੰਤਰ ਦਿੱਲੀ ਧਰਨੇ 'ਤੇ ਬੈਠੇ ਪਹਿਲਵਾਨਾਂ ਦੇ ਹੱਕ ਵਿੱਚ ਨਿੱਤਰੀਆਂ

**ਜਗਰਾਓਂ, (ਦਲਜੀਤ ਕੌਰ)–** ਇਨਕਲਾਬੀ ਕੇਂਦਰ ਪੰਜਾਬ ਅਤੇ ਇਲਾਕੇ ਦੀਆਂ ਦਰਜਨ ਦੇ ਕਰੀਬ ਜਨਤਕ ਜਮਹੂਰੀ ਜਥੇਬੰਦੀਆਂ ਦੇ ਸੱਦੇ 'ਤੇ ਜੰਤਰ ਮੰਤਰ ਦਿੱਲੀ ਧਰਨੇ 'ਤੇ ਬੈਠੇ ਪਹਿਲਵਾਨਾਂ ਦੇ ਸਮਰਥਨ ਵਿੱਚ ਇੱਕ ਭਾਵਪੂਰਤ ਰੈਲੀ ਅਤੇ ਰੋਹ–ਭਰਪੂਰ ਮੁਜ਼ਾਹਰਾ ਕੀਤਾ।

ਇਸ ਮੌਕੇ ਸਥਾਨਕ ਕਮੇਟੀ ਪਾਰਕ ਵਿਖੇ ਹੋਏ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਇਨਕਲਾਬੀ ਕੇਂਦਰ ਪੰਜਾਬ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਕਿਹਾ ਕਿ ਲਗਾਤਾਰ ਪੰਦਰਾਂ ਦਿਨ ਤੋਂ ਦੇਸ਼ ਲਈ ਤਮਗੇ ਜਿੱਤਣ ਵਾਲੇ, ਦੇਸ਼ ਦਾ ਨਾਮ ਸੰਸਾਰ ਭਰ ਚ ਰੌਸ਼ਨ ਕਰਨ ਵਾਲੇ ਪਹਿਲਵਾਨ ਜੰਤਰ ਮੰਤਰ ਦਿੱਲੀ ਧਰਨੇ 'ਤੇ ਬੈਠੇ ਹਨ। ਉਹ ਖਿਡਾਰੀਆਂ ਦਾ ਜਿਨਸੀ ਸ਼ੋਸ਼ਣ ਕਰਨ ਵਾਲੇ ਕੁਸ਼ਤੀ ਸੰਘ ਦੇ ਮੁਖੀ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੀ ਗ੍ਰਿਫਤਾਰੀ ਤੇ ਬਰਖਾਸਤਗੀ ਦੀ ਮੰਗ ਕਰ ਰਹੇ ਪਰ ਕੇਂਦਰ ਸਰਕਾਰ ਦੀ ਕੰਨ 'ਤੇ ਜੂੰ ਨਹੀਂ ਸਰਕੀ।



ਪੈਂਡੂ ਮਜਦੂਰ ਯੂਨੀਅਨ ਦੇ ਆਗੂ ਅਵਤਾਰ ਸਿੰਘ ਰਸੂਲਪੁਰ ਨੇ ਕਿਹਾ ਕਿ ਸੁਪਰੀਮ ਕੋਰਟ ਦੀ ਦਿਸ਼ਾ–ਨਿਰਦੇਸ਼ਾਂ ਅਨੁਸਾਰ ਜਿਨਸੀ ਸ਼ੋਸ਼ਣ ਦੀ ਸ਼ਿਕਾਇਤ ਮਿਲਣ 'ਤੇ ਤੁਰੰਤ ਐੱਫਆਈਆਰ ਦਰਜ਼ ਹੋਣੀ ਚਾਹੀਦੀ ਸੀ, ਪਰ ਇਸ ਕੇਸ ਵਿੱਚ ਦਿੱਲੀ ਪੁਲਿਸ ਨੇ ਇੱਕ ਨਾਬਾਲਗ ਲੜਕੀ ਵੱਲੋਂ ਜਿਨਸੀ ਸ਼ੋਸ਼ਣ ਦੀ ਸ਼ਿਕਾਇਤ ਦਰਜ਼ ਕਰਵਾਏ ਜਾਣ ਦੇ ਬਾਵਜੂਦ ਐੱਫਆਈਆਰ ਦਰਜ਼ ਨਹੀਂ ਕੀਤੀ। ਆਖੀਰ ਸੁਪਰੀਮ ਕੋਰਟ ਦੇ ਸਿੱਧੇ ਦਖਲ ਤੋਂ ਬਾਅਦ ਹੀ ਐੱਫ ਆਈ ਆਰ ਦਰਜ਼ ਹੋ ਸਕੀ। ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਆਗੂ ਇੰਦਰਜੀਤ ਸਿੰਘ ਧਾਲੀਵਾਲ ਅਤੇ ਗੁਰਮੇਲ ਸਿੰਘ ਭਰੋਵਾਲ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਕੇਂਦਰ ਦੀ ਭਗਵਾਂ ਸਰਕਾਰ ਹਮੇਸ਼ਾ ਆਪਣੇ ਬਲਾਤਕਾਰੀ ਨੇਤਾਵਾਂ ਦੀ ਪਿੱਠ 'ਤੇ ਆਣ ਖੜਦੀ ਹੈ।ਬਿਲਕਿਸ ਬਾਨੋ ਦੇ ਬਲਾਤਕਾਰੀਆਂ, ਕਾਤਲਾਂ ਨੂੰ ਨਾ ਸਿਰਫ ਸਮੇਂ ਤੋਂ ਪਹਿਲਾਂ ਰਿਹਾਅ ਕੀਤਾ ਗਿਆ ਬਲਕਿ ਜੇਲ੍ਹੋਂ ਬਾਹਰ ਆਉਣ 'ਤੇ ਢੋਲ ਢਕੱਮਿਆਂ ਨਾਲ ਉਨ੍ਹਾਂ ਦਾ ਸਨਮਾਨ ਵੀ ਕੀਤਾ ਗਿਆ।

ਰੈਲੀ ਨੂੰ ਸੰਬੋਧਨ ਕਰਦਿਆਂ ਗੁਰਮੇਲ ਸਿੰਘ ਭਰੋਵਾਲ, ਤਾਰਾ ਸਿੰਘ ਅੱਚਰਵਾਲ ਆਦਿ ਆਗੂਆਂ ਨੇ ਕਿਹਾ ਕਿ ਖੇਡ ਫੈਡਰੇਸ਼ਨਾਂ ਭ੍ਰਿਸ਼ਟਾਚਾਰ ਤੇ ਜਿਨਸੀ ਸ਼ੋਸ਼ਣ ਦਾ ਅੱਡਾ ਬਣ ਗਈਆਂ ਹਨ। ਕੇਂਦਰੀ ਗ੍ਰਹਿ ਮੰਤਰੀ ਦੇ ਲੜਕੇ ਨੇ ਕਦੇ ਕ੍ਰਿਕਟ ਦਾ ਬੈਟ ਨਹੀਂ ਫੜ ਕੇ ਦੇਖਿਆ ਪਰ ਉਸ ਨੂੰ ਅਰਬਾਂ ਰੁਪਏ ਦੇ ਬਜਟ ਵਾਲੇ ਕ੍ਰਿਕਟ ਬੋਰਡਾਂ ਦਾ ਮੁਖੀ ਬਣਾ ਰੱਖਿਆ ਹੈ। ਰੈਲੀ ਤੋਂ ਬਾਅਦ ਸ਼ਹਿਰ ਵਿੱਚੋਂ ਦੀ ਰੋਹ ਭਰਪੂਰ ਮੁਜ਼ਾਹਰਾ ਕੀਤਾ ਗਿਆ। ਆਕਾਸ਼ ਗੁੰਜਾਊ ਨਾਹਰਿਆਂ ਨਾਲ ਕੁਸ਼ਤੀ ਸੰਘ ਦੇ ਮੁਖੀ ਦੀ ਗ੍ਰਿਫਤਾਰੀ ਅਤੇ ਬਰਖਾਸਤਗੀ ਦੀ ਮੰਗ ਕੀਤੀ ਗਈ। ਰਾਣੀ ਝਾਂਸੀ ਚੌਂਕ ਵਿਖੇ ਕੁਸ਼ਤੀ ਸੰਘ ਦੇ ਮੁਖੀ ਬੀ ਜੇ ਪੀ ਦੇ ਐਮ ਪੀ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੀ ਅਰਥੀ ਫੂਕੀ ਗਈ। ਬੁਲਾਰਿਆਂ ਨੇ ਧੀਆਂ ਦੀਆਂ ਇੱਜਤਾਂ ਦੀ ਰਾਖੀ ਦੀ ਇਸ ਲੜਾਈ ਨੂੰ ਹੋਰ ਵਿਸ਼ਾਲ ਤੇ ਵਿਆਪਕ ਬਣਾਉਣ ਦਾ ਅਹਿਦ ਲਿਆ।

ਇਸ ਮੌਕੇ ਤਰਸੇਮ ਸਿੰਘ ਬੱਸੂਵਾਲ ਗੱਲਾ, ਠਾਣਾ ਸਿੰਘ ਸੁਜਾਪੁਰ, ਮਜ਼ਦੂਰ ਯੂਨੀਅਨ ਦੇ ਆਗੂ ਰਾਜਪਾਲ ਬਾਬਾ, ਪੈਂਡੂ ਮਜ਼ਦੂਰ ਯੂਨੀਅਨ ਮਸ਼ਾਲ ਦੇ ਮਦਨ ਸਿੰਘ, ਜਸਵਿੰਦਰ ਸਿੰਘ ਭਮਾਲ, ਸਾਹਿਤਕਾਰ ਹਰਬੰਸ ਸਿੰਘ ਅਖਾੜਾ, ਪਰਮਿੰਦਰ ਸਿੰਘ ਪਿੱਕਾ, ਤਰਕਸ਼ੀਲ ਚਿੰਤਕ ਸੁਰਜੀਤ ਦੌਧਰ, ਕਰਤਾਰ ਸਿੰਘ ਵੀਰਾਨ, ਮਾਸਟਰ ਜਸਵੰਤ ਸਿੰਘ ਚੂਹੜਚੱਕ, ਦੇਵਿੰਦਰ ਸਿੰਘ ਕਾਓਂਕੇ, ਜਗਦੀਸ਼ ਸਿੰਘ ਕਾਉਂਕੇ, ਕਰਨੈਲ ਸਿੰਘ ਭੋਲਾ, ਕਮਲ ਬੱਸੀਆਂ, ਟਹਿਲ ਸਿੰਘ ਅਖਾੜਾ, ਸੁਖਦੇਵ ਸਿੰਘ ਮਾਣੂਕੇ ਆਦਿ ਹਾਜਰ ਸਨ।

# ਸੋਸ਼ਲ ਮੀਡੀਆ, ਵੈੱਬ ਚੈਨਲਾਂ 'ਤੇ ਬੇਬੁਨਿਆਦ ਅਫਵਾਹਾਂ ਫੈਲਾਉਣ ਵਾਲਿਆਂ ਖਿਲਾਫ਼ ਹੋਵੇਗੀ ਸਖ਼ਤ ਕਾਰਵਾਈ-ਡਿਪਟੀ ਕਮਿਸ਼ਨਰ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਸੋਸ਼ਲ ਮੀਡੀਆ, ਵੈੱਬ ਚੈਨਲਾਂ ਨੂੰ ਬੇਬੁਨਿਆਦ ਅਫਵਾਹਾਂ ਨੂੰ ਖ਼ਬਰਾਂ ਦੇ ਰੂਪ ਵਿੱਚ ਫੈਲਾਉਣ ਤੋਂ ਵਰਜ਼ਦਿਆਂ ਚਿਤਾਵਨੀ ਦਿੱਤੀ ਹੈ ਕਿ ਅਜਿਹਾ ਕਰਨ ਵਾਲਿਆਂ ਨਾਲ ਸਖ਼ਤੀ ਨਾਲ ਪੇਸ਼ ਆਇਆ ਜਾਵੇਗਾ ਅਤੇ ਉਨ੍ਹਾਂ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕਈ ਵਾਰ ਸੋਸ਼ਲ ਮੀਡੀਆ, ਵੈੱਬ ਚੈਨਲ ਬੇਬੁਨਿਆਦ ਅਫਵਾਹਾਂ ਨੂੰ ਖਬਰਾਂ ਦੇ ਰੂਪ ਵਿੱਚ ਫੈਲਾ ਦਿੰਦੇ ਹਨ ਅਤੇ ਫਰਜ਼ੀ ਖ਼ਬਰਾਂ ਦਾ ਸਮਰਥਨ ਵੀ ਕਰਦੇ ਹਨ। ਇਹ ਝੂਠੀਆਂ ਖਬਰਾਂ ਜ਼ਿਆਦਾਤਰ ਸਪੱਸ਼ਟ ਤੱਥਾਂ ਅਤੇ ਮੁੱਦੇ ਦੀ ਅਸਲ ਤਸਵੀਰ ਨੂੰ ਸਾਹਮਣੇ ਨਹੀਂ ਰੱਖ–ਦੀਆਂ, ਜਿਸ ਨਾਲ ਜ਼ਿਲ੍ਹਾ ਪ੍ਰਸ਼ਾਸਨ ਦੁਆਰਾ ਕੀਤੇ ਚੰਗੇ ਵਿਕਾਸ ਕਾਰਜਾਂ ਨੂੰ ਨਕਾਰਾਤਮਕ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ।

ਉਨ੍ਹਾਂ ਕਿਹਾ ਕਿ ਅਜਿਹੀਆਂ ਜਾਅਲੀ ਖ਼ਬਰਾਂ ਨੂੰ ਸਮੇਂ ਸਿਰ ਨੱਥ ਪਾਉਣ ਲਈ ਸਖ਼ਤ ਅਤੇ ਤੁਰੰਤ ਕਾਰਵਾਈ ਯਕੀਨੀ ਬਣਾਈ ਜਾਵੇਗੀ।

ਉਨ੍ਹਾਂ ਕਿਹਾ ਕਿ ਅਜਿਹੀਆਂ ਫਰਜ਼ੀ ਖਬਰਾਂ ਵਿਰੁੱਧ ਨਿਯਮਤ ਤੌਰ 'ਤੇ ਕਾਰਵਾਈ ਕੀਤੀ ਜਾਵੇਗੀ ਤਾਂ ਜੋ ਅਜਿਹੀਆਂ ਸੂਚਨਾਵਾਂ, ਨਿੱਜੀ ਹਿੱਤਾਂ ਵਾਲੀਆਂ ਸੰਸਥਾਵਾਂ ਨੂੰ ਰਾਜ ਸਰਕਾਰ ਦੇ ਚੱਲ ਰਹੇ ਵਿਕਾਸ ਦੇ ਏਜੰਡੇ ਵਿੱਚ ਵਿਘਨ ਪਾਉਣ ਤੋਂ ਰੋਕਿਆ ਜਾ ਸਕੇ।

ਡਿਪਟੀ ਕਮਿਸ਼ਨਰ ਨੇ ਮੁੱਖ ਧਾਰਾ ਦੇ ਅਖਬਾਰਾਂ, ਚੈਨਲਾਂ ਅਤੇ ਹੋਰ ਮੀਡੀਆ ਮਾਧਿਅਮ ਨਾਲ ਜੁੜੇ ਪੱਤਰਕਾਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਬੇਬੁਨਿਆਦ ਅਫਵਾਹਾਂ ਫੈਲਾਉਣ ਵਾਲੇ ਅਜਿਹੇ ਸੋਸ਼ਲ ਮੀਡੀਆ ਵੈੱਬ ਚੈਨਲਾਂ ਨੂੰ ਨੱਥ ਪਾਉਣ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਦਾ ਸਹਿਯੋਗ ਕਰਨ।

### ਜਲੰਧਰ ਜਿਮਨੀ ਚੋਣ ਬਨਾਮ ਪੰਜਾਬ ਸਿਆਸਤ

# ਆਮ ਆਦਮੀ ਪਾਰਟੀ ਲਈ ਦੂਜੀ ਅਗਨੀ-ਪ੍ਰੀਖਿਆ, ਵੋਟਰ ਬਾਦਸ਼ਾਹ ਕਰੇਗਾ ਫੈਸਲਾ

ਸਭ ਆਮ ਤੇ ਖਾਸ ਨੂੰ ਜਾਣਕਾਰੀ ਹੈ ਕਿ ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰੀ ਦੇਸ਼ ਹੈ। ਦੇਸ਼ ਵਿੱਚ 543 ਮੈਂਬਰ ਸਿੱਧੇ ਲੋਕ ਚੁਣ ਕੇ ਆਪਣਾ ਸੰਸਦ ਮੈਂਬਰ ਚੁਣਦੇ ਹਨ ਤੇ ਬਹੁਮੱਤ ਵਾਲੀ ਪਾਰਟੀ ਆਪਣੀ ਸਰਕਾਰ ਭਾਵ ਆਪਣਾ ਪ੍ਰਧਾਨ ਮੰਤਰੀ ਤੇ ਸਮੁੱਚੀ ਕੈਬਨਿਟ ਦੀ ਚੋਣ ਹੁੰਦੀ ਹੈ, ਜੋ ਦੇਸ਼ ਦਾ ਰਾਜਭਾਗ ਚਲਾਉਂਦੀ ਹੈ।

ਪੰਜਾਬ ਸੂਬੇ ਵਿੱਚ ਇਸ ਵਕਤ ਜਲੰਧਰ ਦੀ ਜਿਮਨੀ ਚੋਣ ਪੰਜਾਬ ਦੀ ਸਿਆਸਤ ਦਾ ਧੁਰਾ ਮੰਨੀ ਜਾ ਰਹੀ ਹੈ। ਕਾਂਗਰਸ ਦੇ ਸੀਨੀਅਰ ਤੇ ਯੁਵਾ ਆਗੂ ਰਾਹੁਲ ਗਾਂਧੀ ਵਲੋ "ਭਾਰਤ ਜੋੜੋ" ਯਾਤਰਾ ਦਰਮਿਆਨ ਸੰਸਦ ਚੌਧਰੀ ਸੰਤੋਖ ਸਿੰਘ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ ਸੀ, ਜਿਥੇ ਹੁਣ ਚੋਣ ਕਮਿਸ਼ਨ ਵਲੋਂ 10 ਮਈ ਨੂੰ ਮੁੜ ਵੋਟਾਂ ਪਵਾਈਆਂ ਜਾ ਰਹੀਆਂ ਹਨ।

ਇਸ ਵਕਤ ਮੌਜੂਦਾ ਰਾਜਭਾਗ ਸੰਭਾਲ ਚੁੱਕੀ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਨੂੰ ਚੋਣ ਮੈਦਾਨ ਵਿੱਚ ਉਤਾਰ ਕੇ ਇਕ ਤਰ੍ਹਾਂ ਨਾਲ ਕਾਂਗਰਸ ਨੂੰ ਠਿੱਬੀ ਮਾਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਉਥੇ ਮੁੱਖ ਵਿਰੋਧੀ ਕਾਂਗਰਸ ਪਾਰਟੀ ਵਲੋਂ ਸਵਰਗੀ ਸੰਸਦ ਚੌਧਰੀ ਸੰਤੋਖ ਸਿੰਘ ਦੀ ਧਰਮਪਤਨੀ ਕਰਮਜੀਤ ਕੌਰ ਨੂੰ ਉਮੀਦਵਾਰ ਬਣਾਇਆ ਗਿਆ ਹੈ। ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਤੇ ਰਾਸ਼ਟਰੀ ਪਾਰਟੀ ਬਹੁਜਨ ਸਮਾਜ ਪਾਰਟੀ ਵਲੋਂ ਸਾਂਝੇ ਉਮੀਦਵਾਰ ਜੋ ਮੌਜੂਦਾ ਬੰਗਾ ਵਿਧਾਨ ਸਭਾ ਤੋਂ ਐਮ ਐਲ ਏ ਵੀ ਹਨ ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਚੋਣ ਨਿਸ਼ਾਨ ਤੱਕੜੀ ਤੇ ਚੋਣ ਸਾਂਝੇ ਗਠਜੋੜ ਵਲੋਂ ਲੜਾਈ ਜਾ ਰਹੀ ਹੈ। ਤੀਜਾ ਉਮੀਦਵਾਰ ਸਭ ਤੋਂ ਵੱਡੀ ਕੌਮੀ ਪਾਰਟੀ ਭਾਰਤੀ ਜਨਤਾ ਪਾਰਟੀ ਵਲੋਂ ਸਾਬਕਾ ਅਕਾਲੀ ਵਿਧਾਇਕ ਇੰਦਰ ਇਕਬਾਲ ਸਿੰਘ ਅਟਵਾਲ ਨੂੰ ਟਿਕਟ ਦਿੱਤੀ ਗਈ ਹੈ। ਜਿਸ ਦੀ ਹਮਾਇਤ ਸਰਦਾਰ ਸੁਖਦੇਵ ਸਿੰਘ ਢੀਂਡਸਾ ਦੇ ਦਲ ਵੱਲੋਂ ਕੀਤੀ ਜਾ ਰਹੀ ਹੈ। ਭਾਵੇਂ ਇਸ ਜਿਮਨੀ ਚੋਣ ਨਾਲ ਭਾਰਤ ਸਰਕਾਰ ਜਾਂ ਪੰਜਾਬ ਸਰਕਾਰ ਨੂੰ ਕੋਈ ਫਰਕ ਪੈਣ ਵਾਲਾ ਨਹੀਂ ਹੈ ਪਰ ਸਿਆਸਤ, ਸਿਆਸਤਦਾਨ ਤੇ ਪੰਜਾਬ 'ਚ ਭਵਿੱਖ ਦੀ ਰਾਜਨੀਤੀ ਲਈ ਇਕ ਸੰਕੇਤ ਜਰੂਰ ਹੋਵੇਗੀ ਕਿ ਕਿਹੜੀ ਪਾਰਟੀ ਕਿੰਨਾ ਕੁ ਦਮ ਰੱਖਦੀ ਹੈ। ਮੌਜੂਦਾ ਚੋਣ ਮੁੱਖ ਮੰਤਰੀ ਭਗਵੰਤ ਮਾਨ ਲਈ ਕਿਸੇ ਅਗਨੀ ਪ੍ਰੀਖਿਆ ਤੋਂ ਘੱਟ ਨਹੀਂ ਹੈ। ਕਿਉਂਕਿ ਇਕ ਸਾਲ ਪਹਿਲਾਂ ਪੰਜਾਬ ਦੇ ਲੋਕਾਂ ਨੇ 92 ਉਮੀਦਵਾਰ ਇਕ ਹੀ ਪਾਰਟੀ ਦੇ ਜਿਤਾ ਕੇ ਪੂਰਨ ਬਹੁਮਤ ਵਾਲੀ ਸਰਕਾਰ ਬਣਾ ਦਿੱਤੀ ਸੀ। ਉਥੇ ਪਿਛਲੇ ਹੀ ਸਾਲ ਵਿੱਚ ਸਰਦਾਰ ਸਿਮਰਨਜੀਤ ਸਿੰਘ ਮਾਨ ਜਿਮਨੀ ਚੋਣ ਜਿੱਤ ਗਏ ਸਨ। ਜਦੋਂ ਕਿ ਇਸ ਸੰਗਰੂਰ ਵਾਲੀ ਸੀਟ ਤੋਂ ਮੌਜੂਦਾ ਮੁੱਖ ਮੰਤਰੀ ਦੋ ਵਾਰੀ ਲੋਕ ਸਭਾ ਦੀ ਚੋਣ ਜਿੱਤ ਚੁੱਕੇ ਸਨ। ਇਹ ਚੋਣ ਹੁਕਮਰਾਨ ਧਿਰ ਵਲੋਂ ਹਾਰਨਾ, ਵੱਡੇ ਸਿਆਸੀ ਸੰਕੇਤ ਹਨ। ਹੁਣ ਕਾਂਗਰਸ ਦੇ ਸਾਬਕਾ ਵਿਧਾਇਕ ਨੂੰ ਆਮ ਆਦਮੀ ਪਾਰਟੀ ਵਿਚ ਸ਼ਾਮਿਲ ਕਰਵਾ ਕੇ ਟਿਕਟ ਦੇਣਾ, ਕਈ ਸਵਾਲਾਂ ਨੂੰ ਜਨਮ ਦਿੰਦਾ ਹੈ। ਦੂਜੇ ਪਾਸੇ ਕਾਂਗਰਸ ਵਲੋਂ ਕਰਮਜੀਤ ਕੌਰ ਨਿਰਵਿਰੋਧ ਉ-ਮੀਦਵਾਰ ਹਨ। ਤੀਜਾ ਵੱਡਾ ਉਮੀਦਵਾਰ ਸ਼੍ਰੋਮਣੀ ਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ ਵਲੋਂ ਸਾਂਝੇ ਗਠਜੋੜ ਤਹਿਤ ਬੰਗਾ ਹਲਕੇ ਤੋਂ ਦੋ ਵਾਰ ਵਿਧਾਇਕ ਬਣੇ ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਨੂੰ ਟਿਕਟ ਦੇ ਕੇ ਨਵਾਂ, ਨਿਵੇਕਲਾ ਸਿਆਸੀ ਖੇਲ ਖੇਲਿਆ ਗਿਆ ਹੈ। ਹੁਣ ਤੱਕ ਦੋਵਾਂ ਪਾਰਟੀਆਂ ਦਾ ਸੁਰ ਤੇ ਤਾਲ ਇਕੋ ਜਿਹਾ ਨਜਰ ਆਉਂਦਾ ਹੈ। ਉਂਝ ਡਾਕਟਰ ਸੁੱਖੀ ਦਾ ਮੁੱਦਿਆਂ ਨੂੰ ਉਠਾਉਣ ਵਾਲਾ ਤੇ ਬਿਨ੍ਹਾ ਵਾਦ-ਵਿਵਾਦ ਦੇ ਕਾਰਜ ਚੱਲ ਰਿਹਾ ਹੈ। ਕੰਨਸੋਆ ਇਹ ਵੀ ਹਨ ਕਿ ਅਗਰ ਡਾਕਟਰ ਸੁੱਖੀ ਸੰਸਦ ਮੈਂਬਰ ਬਣਦੇ ਹਨ ਤਾਂ ਬੰਗਾ ਰਿਜਰਵ ਹਲਕੇ ਤੋਂ ਬਸਪਾ ਚੋਣ ਲੜੇਗੀ। ਤੀਜਾ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਭਾਜਪਾ ਵਲੋਂ ਚੋਣ ਲੜ ਰਹੇ ਹਨ। ਭਾਜਪਾ ਦਾ ਸ਼ਹਿਰੀ ਖੇਤਰਾਂ ਵਿੱਚ ਚੰਗਾ ਪ੍ਰਭਾਵ ਹੈ, ਪਰ ਪੇਂਡੂ ਖੇਤਰਾਂ ਵਿਚ ਪੱਛੜੀ ਨਜਰ ਆਉਂਦੀ ਹੈ। ਜੇਕਰ ਡੂੰਘਾ ਅਧਿਐਨ ਕੀਤਾ ਜਾਵੇ ਤਾਂ ਮੌਜੂਦਾ ਉਮੀਦਵਾਰ ਦੇ ਪਿਤਾ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰੋੜ ਨੇਤਾ ਹਨ। ਉਹ ਇਸ ਵੇਲੇ ਅਕਾਲੀ ਦਲ ਨੂੰ ਅਲਵਿਦਾ ਆਖ ਚੁੱਕੇ ਹਨ। ਉਹਨਾਂ ਨੂੰ ਅਕਾਲੀ ਦਲ ਵਲੋਂ ਜਲੰਧਰ ਲੋਕ ਸਭਾ ਤੋਂ ਵੀ ਚੋਣ ਲੜਾਈ ਜਾ ਚੁੱਕੀ ਹੈ। ਉਹ ਮੌਜੂਦਾ ਸਮੇਂ ਵਿੱਚ ਆਪਣੇ ਭਾਜਪਾ ਵਲੋਂ ਲੜ ਰਹੇ ਬੇਟੇ ਨੂੰ ਕਿੰਨਾ ਫਾਇਦਾ ਤੇ ਅਕਾਲੀ ਦਲ ਦੇ ਸਾਂਝੇ ਗਠਜੋੜ ਉਮੀਦਵਾਰ ਨੂੰ ਕਿੰਨਾ ਨੁਕਸਾਨ ਪਹੁੰਚਾਉਂਦੇ ਹਨ। ਇਹ ਸਭ ਭਵਿੱਖ ਦੀ ਸਿਆਸਤ ਦੇ ਗਰਭ ਵਿੱਚ ਪਿਆ ਅਣਸੁਲਝਿਆ ਸਵਾਲ ਹੈ। ਚੌਥਾ ਉਮੀਦਵਾਰ ਅਕਾਲੀ ਦਲ ਅਮ੍ਰਿਤਸਰ ਦਾ ਗੁਰਜੰਟ ਸਿੰਘ ਕੱਟੂ ਦੇ ਪਾਰਟੀ ਪ੍ਰਧਾਨ ਪਹਿਲਾਂ ਹੀ ਜਿਮਨੀ ਚੋਣ ਜਿੱਤ ਚੁੱਕੇ ਹਨ। ਪਰ ਜਲੰਧਰ ਦੇ ਸਿਆਸੀ ਹਾਲਾਤ ਉਹਨਾਂ ਦੇ ਕਿੰਨੇ ਅਨੁਕੂਲ ਹਨ, ਇਹ ਕਹਿਣਾ ਅਜੇ ਜਲਦਬਾਜੀ ਹੋਵੇਗੀ।

ਜਲੰਧਰ ਜਿਮਨੀ ਚੋਣ ਵਿੱਚ ਭਾਵੇਂ ਕੋਈ ਵੀ ਜਿੱਤੇ ਪਰ ਪੰਜਾਬ ਦੀ ਸਿਆਸਤ ਇਸ ਚੋਣ 'ਚ ਪਰਖੀ ਜਾਵੇਗੀ। ਇਸ ਚੋਣ ਦੀ ਜੇਕਰ ਚੀਰਫਾੜ ਕੀਤੀ ਜਾਵੇਂ ਤਾਂ ਹੁਕਮਰਾਨ ਪਾਰਟੀ ਦੀ ਅਗਨੀ ਪ੍ਰੀਖਿਆ ਤੇ ਬਾਕੀ ਪਾਰਟੀਆਂ ਲਈ ਜਿੱਤਣ ਵੱਲ ਵੱਧਣਾ ਤੇ ਆਪਣੀ ਜਮੀਨ ਨੂੰ ਬਣਾਈ ਰੱਖਣ ਵਾਲੀ ਹੈ। ਕੌਣ ਕਿੰਨੇ ਪਾਣੀ 'ਚ ਹੈ ਇਹ ਆਉਣ ਵਾਲੇ ਦਿਨਾਂ 'ਚ ਪਤਾ ਚੱਲੇਗਾ ਤੇ ਗਿਣਤੀਆਂ-ਮਿਣਤੀਆਂ ਲੱਗਣਗੀਆਂ। ਦੁਆਬੇ 'ਚ ਹੋ ਰਹੀ ਚੋਣ 'ਚ ਸਾਰੀਆਂ ਪਾਰਟੀਆਂ ਦੇ ਕੱਦਾਵਰ ਨੇਤਾ ਵੀ ਚੋਣਾਂ ਨੂੰ ਹਲੂਣਾ ਦੇਣ ਲਈ ਪਹੁੰਚ ਰਹੇ ਹਨ। ਦੇਖੋ, ਵਿਚਾਰੋ, ਸੋਚੋ ਤੇ ਉਮੀਦ ਰੱਖੋ ਕਿ ਸਭ ਕੁੱਝ ਅਮਨ-ਅਮਾਨ ਨਾਲ ਸ਼ਾਂਤੀਪੂਰਨ ਹੋ ਜਾਵੇ। ਭਾਈਚਾਰਾ ਬਣਿਆ ਰਹੇ, ਚੋਣਾਂ ਆਉਂਦੀਆਂ ਰਹਿਣਗੀਆਂ ਪਰ ਪੰਜਾਬ ਹਮੇਸ਼ਾ ਤਰੱਕੀ ਦੀਆਂ ਮੰਜ਼ਿਲਾਂ ਨੂੰ ਛੂਹੇ, ਲੋਕਾਂ ਦੇ ਮਸਲੇ ਜਮੀਨੀ ਪੱਧਰ ਤੇ ਹੀ ਹੱਲ ਹੋਣੇ ਚਾਹੀਦੇ ਹਨ। ਲੋਕ ਚਾਹੁੰਦੇ ਨੇ ਕਿ ਉਹਨਾਂ ਦਾ ਸੰਸਦ ਉਹਨਾਂ ਦੇ ਮਸਲੇ ਹੱਲ ਕਰੇ, ਹਲਕੇ ਨੂੰ ਵਿਕਸਤ ਤੇ ਖੁਸ਼ਹਾਲ ਬਣਾਏ ਤੇ ਸਭ ਤੋਂ ਵੱਡੀ ਗੱਲ ਲੋਕਾਂ ਦੀ ਆਵਾਜ ਬਣ ਕੇ ਸੰਸਦ ਵਿੱਚ ਗੂੰਜੇ। ਇਹ ਚੋਣ ਰਾਖਵੀ ਸੀਟ ਤੇ ਹੋ ਰਹੀ ਹੈ ਤੇ ਦਲਿਤ ਮੁੱਦੇ ਉੱਭਰ ਕੇ ਸਾਹਮਣੇ ਆ ਰਹੇ ਹਨ। ਕੌਣ ਭਵਿੱਖ ਦਾ ਵਾਰਸ ਬਣੇਗਾ। ਜੋ ਜੀਤਾ ਵੋਹੀ ਸਿਕੰਦਰ, ਕੌਣ-ਕੌਣ ਵੋਟਾਂ ਦੀ ਪ੍ਰਤੀਸ਼ਤ ਗਿਣੇਗਾ, ਕੌਣ ਆਤਮ ਚਿੰਤਨ ਕਰੇਗਾ। ਇਹ ਸਭ ਵੋਟਰ ਬਾਦਸ਼ਾਹ ਦੇ ਹੱਕ ਵਿੱਚ ਸੰਵਿਧਾਨ ਰਚੇਤਿਆਂ ਦੁਆਰਾ ਦਿੱਤੇ ਹੱਕ ਹਨ, ਕੌਣ ਕੀਹਦੇ ਹੱਕ ਵਿੱਚ ਭੁਗਤਦਾ ਹੈ, ਉਡੀਕ ਸਵੇਰ 13 ਮਈ 2023।

# ਜਲੰਧਰ ਦੇ ਵੋਟਰ ਭਾਜਪਾ ਨੂੰ ਜਿਤਾਉਣ ਕੈਪਟਨ ਅਮਰਿੰਦਰ ਸਿੰਘ ਮੈਦਾਨ ਵਿਚ ਉਤਰੇ








**ਚੰਡੀਗੜ੍ਹ, 6 ਮਈ–** ਭਾਰਤੀ ਜਨਤਾ ਪਾਰਟੀ ਵਲੋਂ ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਅਗਵਾਈ ਹੇਠ ਕਢੇ ਗਏ ਵਿਸ਼ਾਲ ਰੋਡ ਸ਼ੋਅ ਵਿਚ ਸ਼ਹਿਰ ਦੇ ਲੋਕ ਦਾ ਜਨ ਸੈਲਾਬ ਜਿਸ ਤਰੀਕੇ ਨਾਲ ਸ਼ਾਮਿਲ ਹੋਇਆ, ਉਸ ਨੇ ਨਾ ਸਿਰਫ ਭਾਜਪਾ ਵਰਕਰਾਂ ਦਾ ਮਨੋਬਲ ਉੱਚਾ ਕੀਤਾ ਹੈ ਬਾਲਕੀ ਵਿਰੋਧੀ ਪਾਰਟੀਆਂ ਦੇ ਹੋਸ਼ ਅਤੇ ਨੀਂਦ ਦੋਵੇਂ ਹੀ ਉਡਾ ਦਿੱਤੇ ਹਨ। ਇਸ ਸ਼ਾਨਦਾਰ ਰੋਡ ਸ਼ੋਅ ਵਿੱਚ ਜਿੱਥੇ ਭਾਰਤੀ ਜਨਤਾ ਪਾਰਟੀ ਵੱਲੋਂ ਸ਼ਾਮਿਲ ਕੀਤੇ ਗਏ ਢੋਲ-ਤਾਸ਼ਿਆਂ ਨਾਲ ਹਰ ਪਾਸੇ ਰੋਡ ਸ਼ੋਅ ਦੀ ਗੂੰਜ ਰਹੀ, ਉੱਥੇ ਰੋਡ ਸ਼ੋਅ ਵਿੱਚ ਸ਼ਾਮਿਲ ਰੱਥ ਇੱਕ ਵੱਖਰੀ ਹੀ ਖਿੱਚ ਪੈਦਾ ਕਰ ਰਹੇ ਸਨ। ਗਿੱਧਾ ਭੰਗੜਾ ਲੋਕਾਂ ਵਿੱਚ ਵਿਸ਼ੇਸ਼ ਜੋਸ਼ ਭਰ ਰਿਹਾ ਸੀ ਤਾਂ ਮਹਿਲਾ ਮੋਰਚੇ ਦੀਆਂ ਮੈਂਬਰਾਂ ਦੇ ਸਿਰਾਂ 'ਤੇ ਸਜੀਆਂ ਪੱਗਾਂ ਦੇ ਭਗਵੇਂ ਰੰਗ ਨਾਲ ਪੂਰਾ ਸ਼ਹਿਰ ਭਗਵਾਮਈ ਹੋ ਗਿਆ। ਇਸ ਰੋਡ ਸ਼ੋਅ ਰਾਹੀਂ ਭਾਜਪਾ ਨੇ ਇਕ ਤਰ੍ਹਾਂ ਨਾਲ ਆਪਣਾ ਸ਼ਕਤੀ ਪ੍ਰਦਰਸ਼ਨ ਕੀਤਾ। ਰੋਡ ਸ਼ੋਅ ਦੇ ਰੂਟ ਵਿੱਚ ਵੱਖ-ਵੱਖ ਥਾਵਾਂ 'ਤੇ ਸਟੇਜਾਂ ਲਗਾਈਆਂ ਗਈਆਂ ਸਨ, ਜਿੱਥੇ ਭਾਜਪਾ ਆਗੂਆਂ ਅਤੇ ਰੋਡ ਸ਼ੋਅ 'ਚ ਸ਼ਾਮਲ ਲੋਕਾਂ ਦਾ ਨਿੱਘਾ ਸਵਾਗਤ ਅਤੇ ਸਨਮਾਨ ਕੀਤਾ ਗਿਆ। ਇਹ ਰੋਡ ਸ਼ੋਅ ਸ਼੍ਰੀ ਰਾਮ ਚੌਕ (ਕੰਪਨੀ ਬਾਗ) ਤੋਂ ਸ਼ੁਰੂ ਹੋ ਕੇ ਮਹਾਰਿਸ਼ੀ ਵਾਲਮੀਕਿ ਚੌਕ, ਅਲੀ ਮੁਹੱਲਾ, ਪਟੇਲ ਚੌਕ, ਸਾਈਂ ਦਾਸ ਸਕੂਲ, ਮਹਾਰਿਸ਼ੀ ਵਾਲਮੀਕੀ ਗੇਟ, ਮਾਈ ਹੀਰਾਂ ਗੇਟ, ਅੱਡਾ ਟਾਂਡਾ ਚੌਕ, ਅੱਡਾ ਹੁਸ਼ਿਆਰਪੁਰ ਚੌਕ, ਖਿੰਗੜਾ ਗੇਟ ਤੋਂ ਹੁੰਦਾ ਹੋਇਆ ਸ਼ਹੀਦ ਭਗਤ ਸਿੰਘ ਚੌਕ ਵਿਖੇ ਪੁੱਜ ਕੇ ਸਮਾਪਤ ਹੋਇਆ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਮੋਕੇ ਤੇ ਪਬਲਿਕ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਬਿਨਾਂ ਕਿਸੇ ਭੇਦ-ਭਾਵ ਦੇ ਦੇਸ਼ ਦਾ ਵਿਕਾਸ ਕਰਦੀ ਹੈ ਤੇ ਕੇਂਦਰ ਦੀਆਂ ਲਾਭਕਾਰੀ ਯੋਜਨਾਵਾਂ ਨੂੰ ਲਾਗੂ ਕਰਦੀ ਹੈ ਉਹਨਾਂ ਕਿਹਾ ਕਿ ਜਲੰਧਰ ਦੇ ਵੋਟਰ ਭਾਜਪਾ ਨੂੰ ਵੱਡੀ ਲੀਂਡ ਨਾਲ ਜਿਤਾਉਣ ਅਤੇ ਅਸੀਂ ਹਲਕੇ ਦਾ ਸਰਬਪੱਖੀ ਵਿਕਾਸ ਕਰਾਂਗੇ।

ਪੰਜਾਬ ਭਾਜਪਾ ਦੇ ਇਨਚਾਰਜ ਸਾਬਕਾ ਮੁੱਖ ਮੰਤਰੀ ਗੁਜਰਾਤ ਵਿਜੇ ਰੁਪਾਣੀ ਨੇ ਕਿਹਾ ਕਿ ਭਾਜਪਾ ਦੇ ਰੋਡ ਸ਼ੋ ਵਿੱਚ ਉਮੜਿਆ ਜਨ ਸੈਲਾਬ ਦੇਖ ਕੇ ਭਾਜਪਾ ਸਮੇਤ ਆਮ ਲੋਕਾਂ ਦਾ ਵੀ ਹੌਂਸਲਾ ਵਧ ਗਿਆ ਹੈ। ਇਸ ਰੋਡ ਸ਼ੋ ਨੇ ਵਿਰੋਧੀ ਪਾਰਟੀਆਂ ਦੀ ਨੀਂਦ ਹਰਾਮ ਕਰ ਦਿੱਤੀ ਹੈਂ ਉਹਨਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੀ ਜਿੱਤ ਪੱਕੀ ਹੈ, ਬਸ ਸਿਰਫ ਐਲਾਨ ਹੋਣਾ ਹੀ ਬਾਕੀ ਹੈ।

ਕੇਂਦਰੀ ਮੰਤਰੀ ਅਨੁਰਾਗ ਸਿੰਘ ਠਾਕੁਰ ਨੇ ਰੋਡ ਸ਼ੋ ਦੀ ਸ਼ਫਲਤਾ 'ਚ ਉਮੜੀ ਜਨਤਾ ਦੀ ਭੀੜ ਦੇਖ ਕੇ ਕਿਹਾ ਕਿ ਇਸ ਰੋਡ ਸ਼ੋ ਨੇ ਭਾਜਪਾ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਦੀ ਜਿੱਤ ਯਕੀਨੀ ਬਣਾ ਦਿੱਤੀ ਹੈ ਤੇ ਹੁਣ ਲੋੜ ਹੈ ਕਿ ਅਸੀਂ ਵਿਰੋਧੀ ਪਾਰਟੀਆਂ ਦੇ ਉਮੀਦਵਾਰਾਂ ਦੀਆਂ ਜ਼ਮਾਨਤਾਂ ਜਬਤ ਕਰਾਕੇ ਜਿੱਤ ਪ੍ਰਾਪਤ ਕਰੀਏ।

ਪੰਜਾਬ ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਇਸ ਮੋਕੇ ਤੇ ਬੋਲਦਿਆਂ ਕਿਹਾ ਕਿ ਰੋਡ ਸ਼ੋ ਨੂੰ ਜਲੰਧਰ ਦੇ ਲੋਕਾਂ ਵੱਲੋਂ ਦਿੱਤੇ ਗਏ ਭਰਵੇਂ ਹੁੰਗਾਰੇ ਤੋ ਅਸੀਂ ਬਾਗੋਂ ਬਾਗ ਹਾਂ ਤੇ ਲੋਕਾਂ ਨੇ ਦੱਸ ਦਿੱਤਾ ਹੈ ਕਿ ਉਹ ਜਲੰਧਰ ਲੋਕ ਸਭਾ ਹਲਕੇ ਤੋ ਭਾਜਪਾ ਉਮੀਦਵਾਰ ਨੂੰ ਵੱਡੀ ਲੀਡ ਨਾਲ ਜਿੱਤਾ ਕੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹੱਥ ਮਜ਼ਬੂਤ ਕਰਨਗੇ। ਉਹਨਾਂ ਰੋਡ ਸ਼ੋ ਲਈ ਦਿੱਤੇ ਭਰਵੇਂ ਹੁੰਗਾਰੇ ਲਈ ਰੋਡ ਸ਼ੋ ਸ਼ਾਮਿਲ ਲੋਕਾਂ ਅਤੇ ਵਰਕਰਾਂ ਦਾ ਕੋਟਿ ਕੋਟਿ ਧੰਨਵਾਦ ਕੀਤਾ।

ਭਾਜਪਾ ਉਮੀਦਵਾਰ ਇੰਦਰਾ ਇਕਬਾਲ ਸਿੰਘ ਅਟਵਾਲ ਨੇ ਇਸ ਮੌਕੇ ਜਲੰਧਰ ਦੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਉਹ ਲੋਕਾਂ ਦੀ ਸੇਵਾ ਲਈ ਹਮੇਸ਼ਾ ਵਚਨਬੱਧ ਹਨ। ਇਸ ਮੌਕੇ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ, ਸ਼ਿਰੋਮਣੀ ਅਕਾਲੀ ਦਲ ਯੂਨਾਇਟਿਡ ਦੇ ਪਰਮਿੰਦਰ ਸਿੰਘ ਢੀਂਡਸਾ, ਕੇਂਦਰੀ ਮੰਤਰੀ ਸੋਮ ਪ੍ਰਕਾਸ਼, ਭਾਜਪਾ ਦੇ ਕੌਮੀ ਮੀਤ ਪ੍ਰਧਾਨ ਸੌਦਾਨ ਸਿੰਘ, ਕੌਮੀ ਸਕੱਤਰ ਤੇ ਸਹਿ ਇੰਚਾਰਜ ਪੰਜਾਬ ਨਰਿੰਦਰ ਡਾ। ਸਿੰਘ ਰੈਨਾ, ਲੋਕ ਸਭਾ ਉਪ ਚੋਣ ਇੰਚਾਰਜ ਡਾ: ਮਹਿੰਦਰ ਸਿੰਘ, ਲੋਕ ਇਨਸਾਫ਼ ਪਾਰਟੀ ਦੇ ਸਿਮਰਜੀਤ ਸਿੰਘ ਬੈਂਸ, ਸਾਬਕਾ ਲੋਕਸਭਾ ਡਿਪਟੀ ਸਪੀਕਰ ਚਰਨਜੀਤ ਸਿੰਘ ਅਟਵਾਲ, ਕੌਮੀ ਘੱਟ ਗਿਣਤੀ ਕਮਿਸ਼ਨ ਦੇ ਕੌਮੀ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ, ਸੀਨੀਅਰ ਨੇਤਾ ਸੁਨੀਲ ਜਾਖੜ, ਬੀਬੀ ਜੈਇੰਦਰ ਕੌਰ, ਰਾਣਾ ਗੁਰਮੀਤ ਸਿੰਘ ਸੋਢੀ, ਮਨੋਰੰਜਨ ਕਾਲੀਆ, ਅਵਿਨਾਸ਼ ਰਾਏ ਖੰਨਾ, ਜੰਗੀ ਲਾਲ ਮਹਾਜਨ, ਕੇਡੀ ਭੰਡਾਰੀ, ਸੁਸ਼ੀਲ ਸ਼ਰਮਾ, ਰਣਜੀਤ ਸਿੰਘ ਪਵਾਰ, ਪੰਕਜ ਢੀਂਗਰਾ, ਸੰਗਠਨ ਮਹਾਮੰਤਰੀ ਸ਼੍ਰੀਮੰਥਰੀ ਸ਼੍ਰੀਨਿਵਾਸੁਲੂ, ਸੂਬਾ ਜਨਰਲ ਸਕੱਤਰ ਬਿਕਰਮਜੀਤ ਸਿੰਘ ਚੀਮਾ, ਜੀਵਨ ਗੁਪਤਾ, ਰਾਜੇਸ਼ ਬਾਘਾ, ਮੋਨਾ ਜੈਸਵਾਲ, ਡਾ ਰਾਜ ਕੁਮਾਰ ਵੇਰਕਾ, ਫਤਿਹ ਜੰਗ ਸਿੰਘ ਬਾਜਵਾ, ਆਰਪੀ ਸਿੰਘ, ਸੂਬਾ ਭਾਜਪਾ ਮੀਤ ਪ੍ਰਧਾਨ ਰਾਕੇਸ਼ ਰਾਠੌਰ, ਅਜੇਵੀਰ ਸ਼ੇਰਗਿਲ, ਅਸ਼ੋਕ ਸਰੀਨ ਹਿੱਕੀ ਆਦਿ ਨੇ ਲੋਕਾਂ ਨੂੰ ਲੋਕ ਸਭਾ ਜਿਮਣੀ ਚੋਣ ਵਿੱਚ ਭਾਜਪਾ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਦੇ ਹੱਕ ਵਿੱਚ ਵੋਟਾਂ ਪਾਉਣ ਦੀ ਅਪੀਲ ਕੀਤੀ।

ਭਾਜਪਾ ਆਗੂਆਂ ਨੇ ਕਿਹਾ ਕਿ ਪੰਜਾਬ ਵਿੱਚ ਜਿਸ ਤਰ੍ਹਾਂ ਦੇ ਹਾਲਾਤ ਚੱਲ ਰਹੇ ਹਨ, ਅਮਨ-ਕਾਨੂੰਨ ਦੀ ਸਥਿਤੀ ਢਹਿ ਢੇਰੀ ਹੋ ਚੁੱਕੀ ਹੈ, ਲੋਕਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਹੋਏ, ਕਾਂਗਰਸ ਦੇ ਸਾਂਸਦ ਦੇ ਕਾਰਜਕਾਲ ਦੌਰਾਨ ਅਤੇ ਹੁਣ ਆਪ ਪਾਰਟੀ ਦੇ ਇੱਕ ਸਾਲ ਦੇ ਕਾਰਜਕਾਲ ਦੌਰਾਨ ਵਿਕਾਸ ਰੁਕ ਗਿਆ ਹੈ। ਇਸ ਸਭ ਤੋਂ ਛੁਟਕਾਰਾ ਪਾਉਣ ਲਈ ਜਲੰਧਰ ਤੋਂ ਭਾਜਪਾ ਦੇ ਸੰਸਦ ਮੈਂਬਰ ਨੂੰ ਜੇਤੂ ਬਣਾਉ ਅਤੇ ਆਉਣ ਵਾਲੀਆਂ 2024 ਦੀਆਂ ਲੋਕ ਸਭਾ ਚੋਣਾਂ ਅਤੇ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਭਾਰੀ ਬਹੁਮਤ ਨਾਲ ਜਿੱਤ ਕੇ ਪੰਜਾਬ ਵਿਚ ਭਾਜਪਾ ਦੀ ਸਰਕਾਰ ਬਣਾਓ, ਤਾਂ ਜੋ ਪੰਜਾਬ ਵਿਚ ਸ਼ਾਂਤੀ ਸਥਾਪਿਤ ਹੋ ਸਕੇ ਅਤੇ ਪੰਜਾਬ ਵੀ ਭਾਜਪਾ ਸ਼ਾਸਤ ਰਾਜਾਂ ਵਾਂਗ ਤਰੱਕੀ ਕਰ ਸਕਦਾ ਹੈ। ਇੱਥੇ ਉਦਯੋਗਾਂ ਨੂੰ ਮਜ਼ਬੂਤ ਕੀਤਾ ਜਾ ਸਕਦਾ ਹੈ, ਰੁਜ਼ਗਾਰ ਵਿੱਚ ਵਾਧਾ ਹੋ ਸਕਦਾ ਹੈ ਅਤੇ ਪੰਜਾਬ ਇੱਕ ਵਾਰ ਫਿਰ ਦੇਸ਼ ਦੇ ਚੋਟੀ ਦੇ ਰਾਜਾਂ ਵਿੱਚ ਸ਼ਾਮਲ ਹੋ ਸਕਦਾ ਹੈ।

ਭਾਜਪਾ ਆਗੂਆਂ ਨੇ ਕਿਹਾ ਕਿ ਜਲੰਧਰ ਅਤੇ ਪੰਜਾਬ ਦੇ ਲੋਕਾਂ ਨੇ ਕਾਂਗਰਸ, ਅਕਾਲੀ ਦਲ, ਆਮ ਆਦਮੀ ਪਾਰਟੀ ਦਾ ਕਾਰਜਕਾਲ ਦੇਖ ਲਿਆ ਹੈ ਅਤੇ ਲੋਕ ਹੁਣ ਸਮਝ ਚੁੱਕੇ ਹਨ ਕਿ ਪੰਜਾਬ ਦਾ ਭਵਿੱਖ ਅਤੇ ਤਰੱਕੀ ਭਾਰਤੀ ਜਨਤਾ ਪਾਰਟੀ ਦੇ ਹੱਥਾਂ ਵਿੱਚ ਹੈ। ਇਸ ਲਈ ਲੋਕ ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਅਤੇ ਯੋਜਨਾਵਾਂ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਅਤੇ ਯਕੀਨਨ ਹੋ ਚੁੱਕੇ ਹਨ ਅਤੇ ਪ੍ਰਧਾਨ ਮੰਤਰੀ ਦੇ ਹੱਥ ਮਜ਼ਬੂਤ ਕਰਨ ਲਈ ਤਿਆਰ ਹਨ। ਇਸ ਲਈ ਲੋਕ ਭਾਜਪਾ ਦੇ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਨੂੰ ਜ਼ਰੂਰ ਜਿਤਾਉਣਗੇ, ਤਾਂ ਜੋ ਜਲੰਧਰ ਸ਼ਹਿਰ ਦੀ ਨੁਹਾਰ ਮੁੜ ਲੀਹ 'ਤੇ ਆ ਸਕੇ ਅਤੇ ਆਉਣ ਵਾਲੇ ਸਮੇਂ 'ਚ ਪੰਜਾਬ ਵੀ ਤਰੱਕੀ ਦੀ ਰਾਹ 'ਤੇ ਤੁਰ ਸਕੇ। ਇਸ ਮੋਕੇ ਤੇ ਬੋਲਦਿਆਂ ਭਾਜਪਾ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਨੇ ਕਿਹਾ ਕਿ ਉਹ ਦਿਨ ਰਾਤ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਰਹਿਣਗੇ।

# ਬੀਬੀ ਕਰਮਜੀਤ ਕੌਰ ਚੌਧਰੀ ਦੇ ਹੱਕ 'ਚ ਸ ਵਿਕਰਮਜੀਤ ਸਿੰਘ ਚੌਧਰੀ, ਤ੍ਰਿਲੋਚਨ ਸਿੰਘ ਸੂੰਢ ਤੇ ਅੰਗਦ ਸਿੰਘ ਨੇ ਅੱਪਰਾ ਇਲਾਕੇ ਵਿੱਚ ਕੀਤਾ ਚੋਣ ਪ੍ਰਚਾਰ

**ਜਲੰਧਰ/ਨਕੋਦਰ/ਅੱਪਰਾ–** ਲੋਕ ਸਭਾ ਹਲਕਾ ਜਲੰਧਰ ਦੀ 10 ਮਈ ਨੂੰ ਹੋ ਰਹੀ ਜਿਮਨੀ ਚੋਣ ਲਈ ਕਾਂਗਰਸ ਪਾਰਟੀ ਦੇ ਉਮੀਦਵਾਰ ਬੀਬੀ ਕਰਮਜੀਤ ਕੌਰ ਚੌਧਰੀ ਦੇਹੱਕ 'ਚ ਉਨਾਂ ਦੇ ਸਪੁੱਤਰ ਸ ਵਿਕਰਮਜੀਤ ਸਿੰਘ ਚੌਧਰੀ ਹਲਕਾ ਵਿਧਾਇਕ ਫਿਲੌਰ, ਸ। ਤ੍ਰਿਲੋਚਨ ਸਿੰਘ ਸੂੰਢ ਸਾਬਕਾ ਵਿਧਾਇਕਲ ਹਲਕਾ ਬੰਗਾ ਤੇ ਸ ਅੰਗਦ ਸਿੰਘ ਸਾਬਕਾ ਵਿਧਾਇਕ ਨਵਾਂਸ਼ਹਿਰ ਨੇ ਡੱਟ ਕੇ ਚੋਣ ਪ੍ਰਚਾਰ ਕੀਤਾ । ਇਸ ਮੌਕੇ ਬੋਲਦਿਆਂ ਤਿੰਨਾਂ ਹੀ ਆਗੂਆਂ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਤੇ ਸ਼ਰਾਬ ਘੁਲਾਟੇ 'ਚ ਫਸੀ ਆਮ ਆਦਮੀ ਪਾਰਟੀ ਦੀ ਦਸ਼ਾ ਦੇ ਦਿਸ਼ਾ ਦਾ ਸੱਭ ਨੂੰ ਪਤਾ ਹੀ ਹੈ । ਉਨਾਂ ਕਿਹਾ ਕਿ ਇਹ ਸੱਭ ਪਾਰਟੀਆਂ



ਦੇਸ਼ ਨੂੰ ਲੁੱਟਣ ਲਈ ਅੰਦਰੋਂ ਇੱਕਜੁੱਟ ਹੋ ਚੁੱਕੀਆਂ ਹਨ, ਜਿਨਾਂ ਨੂੰ ਹਰਾਉਣਾ ਸਮੇਂ ਦੀ ਮੁੱਖ ਲੋੜ ਹੈ । ਸੋਮ ਦੱਤ ਸੋਮੀ ਕੋ ਚੇਅਰਮੈਨ ਐਸੀ ਸੀ ਡਿਪਾਰਟਮੈਂਟ ਜਲੰਧਰ ਨੇ ਹਲਕਾ ਫਿਲੌਰ ਦੇ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਕਾਂਗਰਸ ਪਾਰਟੀ ਦੀ ਉਮੀਦਵਾਰ ਬੀਬੀ ਕਰਮਜੀਤ ਕੌਰ ਚੌਧਰੀ ਨੂੰ ਭਾਰੀ ਵੋਟਾਂ ਦੇ ਨਾਲ ਜਿਤਾ ਕੇ ਦਿੱਲੀ ਭੇਜਣ । ਉਨਾਂ ਦੱਸਿਆ ਕਿ ਅੱਜ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਚਰਨਜੀਤ ਸਿੰਘ ਚੰਨੀ ਸਾਬਕਾ ਮੁੱਖ ਮੰਤਰੀ ਪੰਜਾਬ, ਮੁਨੀਸ਼ ਤਿਵਾੜੀ ਮੈਂਬਰ ਪਾਰਲੀਮੈਂਟ ਤੇ ਲੋਕ ਸਭਾ ਜਲੰਧਰ ਤੋਂ ਉਮੀਦਵਾਰ ਬੀਬੀ ਕਰਮਜੀਤ ਕੌਰ ਚੌਧਰੀ ਇਲਾਕੇ ਵਿੱਚ ਡੋਰ ਟੂ ਡੋਰ ਚੋਣ ਪ੍ਰਚਾਰ ਕਰਨਗੇ।ਇਸ ਮੌਕੇ ਸੋਮ ਦੱਤ ਸੋਮੀ ਕੋ ਚੇਅਰਮੈਨ ਐਸੀ ਸੀ ਡਿਪਾਰਟਮੈਂਟ ਜਲੰਧਰ ਸਰਪੰਚ ਗਿਆਨ ਸਿੰਘ, ਬੀਬੀ ਗੁਰਪ੍ਰੀਤ ਕੌਰ ਸਹੋਤਾ ਸਿਕੰਦਰ ਗਿੱਲ ਤੇ ਹੋਰ ਕਾਂਗਰਸੀ ਆਗੂ ਤੇ ਵਰਕਰ ਹਾਜ਼ਰ ਸਨ।

# ਅਮਰੀਕਾ ਵਿਚ ਗਰਭ 'ਚ ਪਲ ਰਹੇ ਭਰੂਣ 'ਤੇ ਦਿਮਾਗ ਦੀ ਸਰਜਰੀ

ਦੁਨੀਆ ਵਿਚ ਪਹਿਲੀ ਵਾਰ ਅਮਰੀਕਾ ਵਿੱਚ ਗਰਭ ਵਿਚ ਪਲ ਰਹੇ ਭਰੂਣ 'ਤੇ ਦਿਮਾਗ ਦੀ ਸਰਜਰੀ ਕੀਤੀ। ਡਾਕਟਰਾਂ ਨੇ 'ਵੈਨ ਆਫ ਗੈਲੇਨ ਮੈਲਫਾਰਮੇਸ਼ਨ' ਨਾਂ ਦੀ ਦੁਰਲੱਭ ਹਾਲਤ ਦੇ ਇਲਾਜ ਲਈ ਬੱਚੇ ਦੇ ਜਨਮ ਤੋਂ ਪਹਿਲਾਂ ਉਸ ਦੇ ਦਿਮਾਗ ਦੀ ਸਰਜਰੀ ਕੀਤੀ।

ਸੀਐਨਐਨ ਦੀ ਰਿਪੋਟ ਅਨੁਸਾਰ ਸੱਤ ਹਫ਼ਤਿਆਂ ਦੀ ਉਮਰ ਦੀ ਡੇਨਵਰ ਕੋਲਮੈਨ ਨੂੰ ਅਜੇ ਤੱਕ ਕੋਈ ਪਤਾ ਨਹੀਂ ਹੈ ਕਿ ਉਹ ਕਿੰਨੇ ਵਡੇ ਚਮਤਕਾਰ ਕਾਰਨ ਦੁਨੀਆ 'ਤੇ ਆ ਸਕੀ। ਜਦੋਂ ਇਹ ਬੱਚਾ ਮਾਂ ਦੀ ਕੁੱਖ ਵਿੱਚ ਸੀ, ਉਸੇ ਸਮੇਂ ਉਸਦੇ ਦਿਮਾਗ ਦੀ ਸਰਜਰੀ ਕੀਤੀ ਗਈ ਸੀ। ਬੋਸਟਨ ਨੇੜੇ ਰਹਿਣ ਵਾਲੀ ਇਸ ਬੱਚੀ ਨੇ ਇਸ ਪ੍ਰਯੋਗਾਤਮਕ ਸਰਜਰੀ ਵਿੱਚ ਸ਼ਾਮਲ ਹੋ ਕੇ ਇਤਿਹਾਸ ਰਚ ਦਿੱਤਾ ਹੈ।

ਬੋਸਟਨ ਚਿਲਡਰਨ ਹਸਪਤਾਲ ਦੇ ਮਾਹਰ ਡਾਕਟਰ ਡੈਰੇਨ ਓਰਬੈਕ ਨੇ ਦੱਸਿਆ ਕਿ ਬੱਚੇ ਦੇ ਦਿਮਾਗ ਵਿੱਚ ਖੂਨ ਦੀਆਂ ਨਾੜੀਆਂ ਦੀ ਅਸਧਾਰਨਤਾ (ਨਾੜੀਆਂ ਵਿੱਚ ਖੂਨ ਦੇ ਥੱਕੇ ਬਣਨ ਦੀ ਸਮੱਸਿਕ) ਸੀ। ਡਾਕਟਰੀ ਵਿਗਿਆਨ ਵਿੱਚ ਇਸਨੂੰ ਵੈਨ ਆਫ ਜੈਲੇਨ ਮਾਲਫਾਰਮੇਸ਼ਨ ਕਿਹਾ ਜਾਂਦਾ ਹੈ। ਇਸ ਸਥਿਤੀ ਵਿੱਚ, ਦਿਮਾਗ ਤੋਂ ਦਿਲ ਤੱਕ ਖੂਨ ਪਹੁੰਚਾਉਣ ਵਾਲੀਆਂ ਨਾੜੀਆਂ ਦਾ ਸਹੀ ਢੰਗ ਨਾਲ ਵਿਕਾਸ ਨਹੀਂ ਹੁੰਦਾ। ਇਸ ਨਾਲ ਦਿਲ 'ਤੇ ਤਣਾਅ ਰਹਿੰਦਾ ਹੈ।

ਡਾਕਟਰ ਓਰਬੈਕ ਦੱਸਦੇ ਹਨ ਕਿ 'ਡੇਨਵਰ ਦੇ ਦਿਮਾਗ ਵਿੱਚ 14 ਮਿਲੀਮੀਟਰ ਚੌੜੇ ਪੈਕੇਜ ਵਿੱਚ ਖੂਨ ਇਕੱਠਾ ਹੋਣਾ ਸ਼ੁਰੂ ਹੋ ਗਿਆ। ਇਹ ਅਕਸਰ



ਬੱਚਿਆਂ ਦੇ ਦਿਲ ਜਾਂ ਦਿਮਾਗ ਨੂੰ ਨੁਕਸਾਨ ਪਹੁੰਚਾਉਂਦਾ ਹੈ। ਅਜਿਹੀ ਹਾਲਤ ਵਿੱਚ ਉਹ ਬੱਚਾ ਜ਼ਿਆਦਾ ਦੇਰ ਤੱਕ ਜੀਉਂਦਾ ਨਹੀਂ ਰਹਿੰਦਾ।' ਡਾ. ਓਰਬੈਕ ਦੇ ਮੁਤਾਬਕ ਕੇਨਯਾਟਾ ਕੋਲਮੈਨ ਦੀ ਗਰਭ ਅਵਸਥਾ ਦੇ 30ਵੇਂ ਹਫ਼ਤੇ ਵਿੱਚ, ਸਾਨੂੰ ਰੁਟੀਨ ਅਲਟਰਾਸਾਊਂਡ ਰਾਹੀਂ ਸਮੱਸਿਆ ਬਾਰੇ ਪਤਾ ਲੱਗਾ।

ਡਾਕਟਰ ਨੇ ਦੱਸਿਆ ਕਿ 15 ਮਾਰਚ ਨੂੰ, ਗਰਭ ਅਵਸਥਾ ਦੇ 34 ਹਫ਼ਤਿਆਂ 'ਤੇ, ਅਸੀਂ ਇਸ ਮਹੱਤਵਪੂਰਨ ਕਲੀਨਿਕਲ ਟਰਾਇਲ ਲਈ ਸਰਜਰੀ ਦੀ ਯੋਜਨਾ ਬਣਾਈ। ਮਾਂ ਨੂੰ ਜਾਗਦੇ ਰਹਿਣ ਲਈ ਸਪਾਈਨਲ ਬੇਹੋਸ਼ੀ ਦੀ ਦਵਾਈ ਦਿੱਤੀ ਗਈ। ਉਹ ਸਾਰਾ ਸਮਾਂ ਹੈਡਫੋਨ 'ਤੇ ਸੰਗੀਤ ਸੁਣ ਰਹੀ ਸੀ।

10 ਡਾਕਟਰਾਂ ਦੀ ਇੱਕ ਟੀਮ ਨੇ ਭਰੂਣ ਤੱਕ ਪਹੁੰਚਣ ਵਾਲੀ ਲੰਬੀ ਸੂਈ ਨੂੰ ਰਾਹ ਦਿਖਾਉਣ ਲਈ ਅਲਟਰਾਸਾਊਂਡ ਦੀ ਮਦਦ ਲਈ ਗਈ। ਦੱਸਿਆ ਜਾ ਰਿਹਾ ਹੈ ਕਿ ਨਾੜੀ ਪੂਰੀ ਤਰ੍ਹਾਂ ਵਿਕਸਿਤ ਨਹੀਂ ਹੋਈ ਸੀ, ਇਸ ਲਈ ਖੂਨ ਦਾ ਵਹਾਅ ਜ਼ਿਆਦਾ ਸੀ। ਟੀਮ ਦੇ ਮੈਂਬਰਾਂ ਨੇ ਸੂਈ ਰਾਹੀਂ ਇਸ ਦੇ ਆਲੇ-ਦੁਆਲੇ ਕੈਥੀਟਰ ਲੰਘਾਇਆ ਤਾਂ ਕਿ ਖੂਨ ਨਾਲ ਭਰੀ ਜਗ੍ਹਾ ਵਿੱਚ ਛੋਟੀਆਂ ਪਲੈਟੀਨਮ ਕੋਇਲਾਂ ਪਾਈਆਂ ਜਾ ਸਕਣ।

ਦਾਖਲ ਹੋਣ 'ਤੇ ਹਰੇਕ ਕੋਇਲ ਦਾ ਵਿਸਤਾਰ ਹੋਇਆ। ਇਸ ਨੇ ਧਮਣੀ ਅਤੇ ਨਾੜੀ ਦੇ ਜੰਕਸ਼ਨ ਨੂੰ ਬਲਾਕ ਕਰਨ ਵਿੱਚ ਮਦਦ ਕੀਤੀ। ਇਸ ਦੌਰਾਨ ਟੀਮ ਦੇ ਕੁਝ ਮੈਂਬਰਾਂ ਨੇ ਬੱਚੇ ਦੇ ਦਿਮਾਗ ਵਿੱਚ ਖੂਨ ਦੇ ਪ੍ਰਵਾਹ ਦੀ ਨਿਗਰਾਨੀ ਕੀਤੀ। ਜਦੋਂ ਇਹ ਯਕੀਨੀ ਹੋ ਗਿਆ ਕਿ ਬੀਪੀ ਆਮ ਪੱਧਰ 'ਤੇ ਆ ਗਿਆ ਹੈ, ਤਾਂ ਕੋਇਲ ਨੂੰ ਟੀਕਾ ਲਗਾਉਣਾ ਬੰਦ ਕਰ ਦਿੱਤਾ ਅਤੇ ਧਿਆਨ ਨਾਲ ਸੂਈ ਨੂੰ ਬਾਹਰ ਕੱਢ ਲਿਆ ਗਿਆ। ਇਹ ਸਰਜਰੀ 20 ਮਿੰਟਾਂ ਵਿੱਚ ਕੀਤੀ ਗਈ ਸੀ। ਇਸ ਸਾਰੀ ਪ੍ਰਕਿਰਿਆ ਵਿਚ ਦੋ ਘੰਟੇ ਲੱਗ ਗਏ। ਖੁਸੀ ਗੱਲ ਵਾਲੀ ਗੱਲ ਸੀ ਕਿ ਸਰਜਰੀ ਸਫਲ ਰਹੀ। ਡੇਨਵਰ ਦੋ ਦਿਨਾਂ ਬਾਅਦ ਦੁਨੀਆ ਵਿੱਚ ਆਈ।

ਇਹ ਸਰਜਰੀ ਅਮਰੀਕਾ ਦੇ ਬੋਸਟਨ ਚਿਲਡਰਨ ਹਸਪਤਾਲ ਅਤੇ ਬ੍ਰਿਘਮ ਅਤੇ ਮਹਿਲਾ ਹਸਪਤਾਲ ਦੇ ਸਰਜਨਾਂ ਵੱਲੋਂ ਕੀਤੀ ਗਈ ਸੀ। ਸਰਜਰੀ ਲਈ ਐਂਬੋਲਾਈਜ਼ੇਸ਼ਨ ਨਾਮਕ ਇੱਕ ਸਰਜੀਕਲ ਤਕਨੀਕ ਦੀ ਵਰਤੋਂ ਕੀਤੀ ਗਈ ਸੀ। ਸਰਜਰੀ ਨਾਲ ਸਬੰਧਤ ਵੇਰਵੇ ਸਟ੍ਰੋਕ ਮੈਗਜ਼ੀਨ ਵਿੱਚ ਪ੍ਰਕਾਸ਼ਿਤ ਕੀਤੇ ਗਏ ਹਨ। ਇਸ ਵਿਚ ਕਿਹਾ ਗਿਆ ਹੈ ਕਿ ਸਰਜਰੀ ਸਫਲ ਰਹੀ।

ਸਾਇੰਸ ਅਲਰਟ ਦੀ ਰਿਪੋਰਟ ਮੁਤਾਬਕ ਬੱਚੇ ਦਾ ਜਨਮ ਸਰਜਰੀ ਤੋਂ ਬਾਅਦ ਹੋਇਆ ਹੈ। ਉਸਦਾ ਵਿਕਾਸ ਚੰਗੀ ਤਰ੍ਹਾਂ ਹੋ ਰਿਹਾ ਹੈ ਅਤੇ ਉਸਨੂੰ ਦਵਾਈ ਦੀ ਵੀ ਲੋੜ ਨਹੀਂ। ਉਸਦੀ ਖੁਰਾਕ ਆਮ ਹੈ ਅਤੇ ਭਾਰ ਵੀ ਵੱਧ ਰਿਹਾ ਹੈ। ਬੱਚਾ ਘਰ ਆ ਗਿਆ ਹੈ। ਉਸ ਦੇ ਦਿਮਾਗ 'ਤੇ ਸਰਜਰੀ ਦੇ ਕੋਈ ਨਕਾਰਾਤਮਕ ਸੰਕੇਤ ਨਹੀਂ ਹਨ।

'ਵੈਨ ਆਫ਼ ਗੈਲੇਨ ਮੈਲਫਾਰਮੇਸ਼ਨ' ਨਾਮਕ ਦੁਰਲਭ ਹਾਲਤ 60,000 ਵਿੱਚੋਂ ਇੱਕ ਨੂੰ ਪ੍ਰਭਾਵਿਤ ਕਰਦੀ ਹੈ। ਖੂਨ ਦਾ ਵਹਾਅ ਅਸਧਾਰਨ ਹੋ ਜਾਂਦਾ ਹੈ, ਜਦੋਂ ਦਿਮਾਗ ਦੀਆਂ ਧਮਨੀਆਂ ਸੈੱਲਾਂ ਦੀ ਬਜਾਏ ਨਸਾਂ ਨਾਲ ਸਿੱਧਾ ਜੁੜਦੀਆਂ ਹਨ। ਇਸ ਕਾਰਨ ਬੱਚੇ ਦੇ ਜਨਮ ਤੋਂ ਬਾਅਦ ਇਸ ਵਿਚ ਕਈ ਨੁਕਸਾਨਦੇਹ ਪ੍ਰਭਾਵ ਦੇਖਣ ਨੂੰ ਮਿਲਦੇ ਹਨ। ਡਾਕਟਰਾਂ ਦਾ ਮੰਨਣਾ ਹੈ ਕਿ ਇਸ ਸਥਿਤੀ ਤੋਂ ਪ੍ਰਭਾਵਿਤ 50 ਤੋਂ 60 ਫੀਸਦੀ ਬੱਚੇ ਜਨਮ ਤੋਂ ਬਾਅਦ ਹੀ ਬੀਮਾਰ ਹੋ ਜਾਂਦੇ ਹਨ। ਇਸ 'ਚ ਮੌਤ ਦਰ ਵੀ 40 ਫੀਸਦੀ ਹੈ। ਇਹ ਸਰਜਰੀ ਉਦੋਂ ਕੀਤੀ ਗਈ ਸੀ ਜਦੋਂ ਭਰੂਣ ਦੀ ਉਮਰ 34 ਹਫ਼ਤਿਆਂ ਤੋਂ ਥੋੜ੍ਹੀ ਵੱਧ ਸੀ। ਡਾਕਟਰਾਂ ਵੱਲੋਂ ਵਰਤੀ ਜਾਂਦੀ ਇਬੋਲਾਈਜ਼ੇਸ਼ਨ ਨਾਮਕ ਤਕਨੀਕ ਵਿੱਚ, ਨਾੜੀ ਵਿੱਚ ਵਿਸ਼ੇਸ਼ ਸਮੱਗਰੀ ਪਾਈ ਜਾਂਦੀ ਹੈ। ਇਹ ਖੂਨ ਨੂੰ ਜਮ੍ਹਾ ਕਰਨ ਵਿੱਚ ਮਦਦ ਕਰਦੀ ਹੈ ਅਤੇ ਇਸਨੂੰ ਵਹਿਣ ਤੋਂ ਰੋਕਦਾ ਹੈ। ਸਰਜਰੀ ਕਾਰਨ ਬੱਚੇ ਦਾ ਜਨਮ ਸਮੇਂ ਤੋਂ ਪਹਿਲਾਂ ਹੋਇਆ ਸੀ। ਜਨਮ ਤੋਂ ਬਾਅਦ ਉਸ ਦਾ ਦਿਮਾਗ ਅਤੇ ਦਿਲ ਠੀਕ ਤਰ੍ਹਾਂ ਕੰਮ ਕਰਨ ਲੱਗਾ। ਬੱਚੇ ਦਾ ਜਨਮ ਸਮੇਂ ਤੋਂ ਪਹਿਲਾਂ ਹੋਇਆ ਸੀ, ਇਸ ਲਈ ਉਸ ਨੂੰ ਕੁਝ ਹਫ਼ਤਿਆਂ ਲਈ ਐਨਆਈਸੀਯੂ ਵਿੱਚ ਰੱਖਿਆ ਗਿਆ ਸੀ। ਡਾ. ਓਰਬੈਕ ਕਹਿੰਦੇ ਹਨ, "ਸਕੈਨਿੰਗ ਦੌਰਾਨ, ਮੁੱਖ ਖੇਤਰਾਂ ਵਿੱਚ ਬੀਪੀ ਆਮ ਦਿਖਾਈ ਦਿੰਦਾ ਹੈ। ਜਨਮ ਵੇਲੇ ਭਾਰ 1।9 ਕਿਲੋ ਸੀ। ਕੋਈ ਜਮਾਂਦਰੂ ਨੁਕਸ ਨਹੀਂ ਸੀ। ਮਾਂ ਅਤੇ ਧੀ ਪੂਰੀ ਤਰ੍ਹਾਂ ਤੰਦਰੁਸਤ ਹਨ। ਮਾਂ ਕੇਨਯਾਟਾ ਕਹਿੰਦੀ ਹੈ, 'ਜਦੋਂ ਉਸ ਨੇ ਉਸ ਦੇ ਰੋਣ ਦੀ ਆਵਾਜ਼ ਸੁਣੀ, ਤਾਂ ਉਹ ਭਾਵਨਾ ਨੂੰ ਬਿਆਨ ਨਹੀਂ ਕਰ ਸਕੀ।

# ਸ਼੍ਰੀਲੰਕਾ ਜੇਲ੍ਹ 'ਚ ਬੰਦ ਨੇ ਆਨਲਾਈਨ ਧੋਖਾਦੇਹੀ ਕਰਨ ਵਾਲੇ 30 ਚੀਨੀ

ਜਲੰਧਰ- ਇਕ ਮੀਡੀਆ ਰਿਪੋਰਟ ਮੁਤਾਬਕ ਸ਼੍ਰੀਲੰਕਾ ਨੇ ਚੀਨੀ ਨਾਗਰਿਕਾਂ ਦੇ ਇਕ ਵੱਡੇ ਨੈੱਟਵਰਕ ਦਾ ਭਾਂਡਾ ਭੰਨ੍ਹਿਆ ਹੈ, ਜੋ ਆਨਲਾਈਨ ਧੋਖਾਦੇਹੀ ਵਿਚ ਸ਼ਾਮਲ ਸੀ। ਉਨ੍ਹਾਂ 'ਤੇ ਇਸ ਤਰ੍ਹਾਂ ਦੀ ਪਹਿਲੀ ਕਾਰਵਾਈ ਵਿਚ ਲੱਖਾਂ ਠੱਗਣ ਦਾ ਦੋਸ਼ ਲਗਾਇਆ ਗਿਆ ਸੀ। ਇੰਟਰਪੋਲ ਦੇ ਅਲਰਟ ਦੇ ਆਧਾਰ 'ਤੇ ਪਿਛਲੇ ਮਹੀਨੇ ਸ਼੍ਰੀਲੰਕਾਈ ਅਧਿਕਾਰੀਆਂ ਨੇ ਆਨਲਾਈਨ ਧੋਖਾਦੇਹੀ ਵਿਚ ਸ਼ਾਮਲ 30 ਤੋਂ ਜ਼ਿਆਦਾ ਚੀਨੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ ਸੀ।



### 300 ਲੱਖ ਰੁਪਏ ਦੀ ਠੱਗੀ ਦਾ ਦੋਸ਼

ਦੋਸ਼ੀ ਦੋ ਮਹੀਨਿਆਂ ਤੋਂ ਜ਼ਿਆਦਾ ਸਮੇਂ ਤੱਕ ਲੋਕਾਂ ਨੂੰ ਠੱਗਣ ਤੋਂ ਬਾਅਦ ਸੈਰ-ਸਪਾਟਾ ਵੀਜ਼ੇ 'ਤੇ ਸ਼੍ਰੀਲੰਕਾ ਪਹੁੰਚੇ ਸਨ। ਗ੍ਰਿਫ਼ਤਾਰੀਆਂ ਲੰਕਾ ਦੇ ਪੱਛਮੀ ਸੂਬੇ ਤੋਂ ਕੀਤੀਆਂ ਗਈਆਂ ਹਨ। ਇਸ ਸਮੂਹ 'ਤੇ ਦੁਨੀਆ ਭਰ ਤੋਂ 300 ਲੱਖ ਰੁਪਏ ਦੀ ਠੱਗੀ ਦਾ ਦੋਸ਼ ਹੈ। ਸਥਾਨਕ ਅਧਿਕਾਰੀਆਂ ਮੁਤਾਬਕ ਸਮੂਹ ਤੋਂ ਕਈ ਲੈਪਟਾਪ ਅਤੇ ਸੈੱਲ ਫੋਨ ਬਰਾਮਦ ਕੀਤੇ ਗਏ ਹਨ। ਅੱਗੇ ਦੀ ਜਾਂਚ ਜਾਰੀ ਹੈ ਅਤੇ ਇਕ ਅਦਾਲਤ ਜੂਨ ਵਿਚ ਮਾਮਲੇ ਦੀ ਸੁਣਵਾਈ ਕਰੇਗੀ।

ਸ਼੍ਰੀਲੰਕਾ ਹਿੰਦ ਮਹਾਸਾਗਰ ਖੇਤਰ ਵਿਚ ਚੀਨ ਦੀ ਇੱਛਾਵਾਂ ਲਈ ਅਹਿਮ ਹੈ ਅਤੇ ਆਈਲੈਂਡ ਰਾਸ਼ਟਰ ਵਿਚ ਚੀਨੀ ਸਰਗਰਮੀਆਂ ਵਿਚ ਕਿਸੇ ਵੀ ਵਾਧੇ 'ਤੇ ਭਾਰਤ ਵਲੋਂ ਬਰੀਕੀ ਨਾਲ ਨਜ਼ਰ ਰੱਖੀ ਜਾਂਦੀ ਹੈ। ਜਦਕਿ ਇਹ ਚੀਨੀ ਨੈੱਟਵਰਕ ਸ਼੍ਰੀਲੰਕਾ ਵਿਚ ਭਾਰਤੀ ਸੰਸਥਾਨ ਲਈ ਸਿਰਦਰਦ ਪੈਦਾ ਕਰਨ ਵਾਲਾ ਹੈ। ਅਜਿਹੇ ਨੈੱਟਵਰਕ ਨੇਪਾਲ ਅਤੇ ਮਿਆਂਮਾਰ ਅਤੇ ਕੰਬੋਡੀਆ ਸਮੇਤ ਦੱਖਣੀ ਪੂਰਬ ਏਸ਼ੀਆ ਦੇ ਕੁਝ ਹਿੱਸਿਆਂ ਵਿਚ ਮੌਜੂਦ ਹਨ। ਪਿਛਲੇ ਤਿੰਨ ਸਾਲਾਂ ਵਿਚ ਚੀਨੀਆਂ ਵੱਲੋਂ ਚਲਾਏ ਜਾ ਰਹੇ ਸ਼ੱਕੀ ਵਪਾਰ ਮਾਡਲ ਅਤੇ ਐਪਸ ਨੂੰ ਭਾਰਤ ਵਿਚ ਕਾਰਵਾਈ ਦਾ ਸਾਹਮਣਾ ਕਰਨਾ ਪਿਆ ਹੈ।

### ਕੋਵਿਡ-19 ਮਹਾਮਾਰੀ ਕਾਰਨ ਵਧਿਆ ਅਪਰਾਧ

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਦੱਖਣੀ ਪੂਰਬੀ ਏਸ਼ੀਆਈ ਦੇਸ਼ਾਂ ਵਿਚ ਵਪਾਰ ਦੀ ਆੜ ਵਿਚ ਚੀਨ ਅਪਰਾਧਿਕ ਸਿੰਡੀਕੇਟ ਸਥਾਨਕ ਇਨਫੋਰਮੈਂਟ ਲਾਅ ਏਜੰਸੀਆਂ ਲਈ ਸਿਰਦਰਦ ਪੈਦਾ ਕਰਦੇ ਹੋਏ ਸਰਹੱਦਾਂ ਦੇ ਪਾਰ ਵਧ ਰਹੇ ਹਨ। ਕਈ ਚੀਨੀ ਸਿੰਡੀਕੇਟ ਕੰਬੋਡੀਆ ਅਤੇ ਥਾਈਲੈਂਡ ਵਿਚਾਲੇ ਸਰਹੱਦ 'ਤੇ ਕੰਮ ਕਰਦੇ ਹਨ। ਸਿੰਡੀਕੇਟ ਨੇ ਕੋਵਿਡ-19 ਮਹਾਮਾਰੀ ਕਾਰਨ ਇਹ ਨੈੱਟਵਰਕ ਤਿਆਰ ਕੀਤਾ ਹੈ, ਜਿਸਨੇ ਕਈ ਨੌਜਵਾਨਾਂ ਨੂੰ ਬੇਰੋਜ਼ਗਾਰ ਕਰ ਦਿੱਤਾ ਹੈ। ਕੋਲੰਬੋ ਦੇ ਸੀਨੀਅਰ ਸੂਤਰਾਂ ਦਾ ਕਹਿਣਾ ਹੈ ਕਿ ਇਸ ਨਾਲ ਆਈਲੈਂਡ ਰਾਸ਼ਟਰ ਵਿਚ ਚੀਨੀ ਨਾਗਰਿਕਾਂ ਦੀ ਆਮਦ ਹੋ ਸਕਦੀ ਹੈ ਅਤੇ ਚੀਨੀ ਨਾਗਰਿਕਾਂ ਨਾਲ ਧੋਖਾਦੇਹੀ ਦੀ ਸੰਭਾਵਨਾ ਵਧ ਸਕਦੀ ਹੈ।

# ਨਿਊਜ਼ੀਲੈਂਡ-ਆਸਟਰੇਲੀਆ ਦੀ ਬਾਗਬਾਨੀ ਕੰਪਨੀ ਦੇ ਬੀਜਾਂ 'ਚ ਪੰਜਾਬੀ ਤੇ ਭਾਰਤੀ ਨਾਵਾਂ ਦੀ ਲੜੀ

**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਅਤੇ ਆਸਟਰੇਲੀਆ ਦੇ ਵਿਚ ਬਾਗਬਾਨੀ ਬੀਜਾਂ, ਫਰਟੀਲਾਈਜ਼ਰ, ਨਦੀਨ ਨਿਯੰਤਰਣ, ਘਾਹ ਸੁੰਦਰੀਕਰਣ ਅਤੇ ਹੋਰ ਸਬੰਧਿਤ ਬਾਗਬਾਨੀ ਦੇ ਲਈ ਇਕ ਵੱਡੀ ਕੰਪਨੀ 'ਯੇਟਸ' ਕੰਮ ਕਰਦੀ ਹੈ। ਇਸ ਕੰਪਨੀ ਨੇ ਆਪਣੇ ਕੁਝ ਬੀਜਾਂ ਦੇ ਨਾਂਅ ਪੰਜਾਬੀ ਅਤੇ ਭਾਰਤੀ ਬੀਜਾਂ ਦੇ ਨਾਂਅ ਉਤੇ ਰੱਖੇ ਹੋਏ ਹਨ। ਇਨ੍ਹਾਂ ਮੁਲਕਾਂ ਦੇ ਵਿਚ ਪੰਜਾਬੀ ਆਪਣੀਆਂ ਗੱਡੀਆਂ, ਬਿਜਨਸਾਂ ਅਤੇ ਫਾਰਮਾਂ ਦਾ ਨਾਂਅ ਪੰਜਾਬੀ ਜਾਂ ਭਾਰਤੀ ਰੱਖਦੇ ਹਨ ਅਤੇ ਵਿਦੇਸ਼ੀ ਕੰਪਨੀਆਂ ਸਾਡੇ ਬੀਜ਼ਾਂ ਦਾ ਨਾਂਅ ਰੱਖ ਕੇ ਕਾਰੋਬਾਰ ਵਿਚ ਵਾਧਾ ਵੀ ਕਰਦੇ ਹਨ ਅਤੇ ਇਸ ਦੇਸ਼ ਵਿਚ ਆਪਣੀ ਅਪਣੱਤ ਵੀ ਪੈਦਾ ਕਰਦੇ ਹਨ। ਪੰਜਾਬੀ ਵੀਰ ਲਖਬੀਰ ਸਿੰਘ ਕਾਲੇਕੇ ਆਪਣੇ ਫਾਰਮ ਵਿਚ ਸ਼ੁੱਧ ਪੰਜਾਬੀ ਸਬਜ਼ੀਆਂ ਜਿਵੇਂ ਸਰੋਂ ਸਾਗ, ਮੇਥੇ, ਮੂਲੀਆਂ ਅਤੇ ਹੋਰ ਫਸਲਾਂ ਉਗਾਉਂਦੇ ਹਨ, ਜੋ ਕਿ ਵੱਖਰਾ ਸੁਆਦ ਪੈਦਾ ਕਰਦੀਆਂ ਹਨ। ਇਕ ਹੋਰ ਪੰਜਾਬੀ ਵੀਰ ਕੁਲਵਿੰਦਰ ਸਿੰਘ ਝੱਮਟ ਹੋਰਾਂ ਵੀ ਯੇਟਸ ਕੰਪਨੀ ਦੇ ਮੂਲੀ ਵਾਲੇ ਬੀਜ਼ ਦੀ ਤਰੀਫ ਕੀਤੀ ਸੀ। ਇਸ ਸਬੰਧੀ ਇਸ ਪੱਤਰਕਾਰ ਨੇ ਕੰਪਨੀ ਅਧਿਕਾਰੀਆਂ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਬਹੁਤ ਖੁਸ਼ੀ ਪ੍ਰਗਟ ਕੀਤੀ ਹੈ। 'ਯੇਟਸ' ਕੰਪਨੀ ਤੋਂ ਈਮੇਲ ਰਾਹੀਂ ਮਿਲੇ ਉਤਰ ਦੀ ਪੰਜਾਬੀ ਭਾਵ-ਅਰਥ ਪੇਸ਼ ਕਰ ਰਿਹਾਂ ਹਾਂ, ਚੰਗਾ ਲੱਗੇ ਤਾਂ ਲਾਈਕ ਅਤੇ ਕੁਮੈਂਟ ਕਰਨਾ ਜੀ।




" ਹੈਲੋ ਹਰਜਿੰਦਰ,

ਤੁਹਾਡੀ ਦਿਲਚਸਪੀ ਲਈ ਧੰਨਵਾਦ, ਸਾਨੂੰ ਇਹ ਸੁਣ ਕੇ ਖੁਸ਼ੀ ਹੋਈ ਹੈ ਕਿ ਪੰਜਾਬੀ ਨਾਮ ਦੀ ਵਰਤੋਂ ਕਰਨ ਨਾਲ ਬੀਜਾਂ ਨੂੰ ਪਛਾਣਨਾ ਆਸਾਨ ਹੋ ਜਾਂਦਾ ਹੈ।

ਸਾਡੇ ਕੋਲ ਵਿਰਾਸਤੀ ਬੀਜਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਹੈ, ਅਜਿਹੀਆਂ ਕਿਸਮਾਂ ਜੋ ਪੀੜ੍ਹੀਆਂ ਤੋਂ ਪ੍ਰਸਿੱਧ ਹਨ। ਸਾਨੂੰ ਪਸੰਦ ਹੈ ਕਿ ਹਰ ਵਿਰਾਸਤੀ ਸ਼ਾਕਾਹਾਰੀ ਦੀ ਇੱਕ ਕਹਾਣੀ, ਉਪਜ ਅਤੇ ਇਤਿਹਾਸ ਹੈ। ਅਸੀਂ ਸੋਚਦੇ ਹਾਂ ਕਿ ਇਹ ਇੱਕ ਕੁਦਰਤੀ ਫਿੱਟ ਹੈ ਕਿ ਵਿਰਾਸਤੀ ਭੋਜਨ ਅਤੇ ਪਕਵਾਨਾਂ ਵਿੱਚ ਇਤਿਹਾਸ ਅਤੇ ਪਰੰਪਰਾ ਵੀ ਜੁੜੀ ਹੋਈ ਹੈ। ਕਿਉਂਕਿ ਯੇਟਸ ਕਾਰੋਬਾਰ ਵਿੱਚ ਹਰ ਕੋਈ ਚੰਗੀ ਤਰ੍ਹਾਂ ਖਾਣ ਦਾ ਅਨੰਦ ਲੈਂਦਾ ਹੈ, ਅਸੀਂ ਹਰੇਕ ਦੇ ਵਿਰਾਸਤੀ ਪਕਵਾਨਾਂ ਲਈ ਸਮੱਗਰੀ ਨੂੰ ਉਗਾਉਣ ਲਈ ਬੀਜਾਂ ਵਿੱਚ ਬਹੁਤ ਦਿਲਚਸਪੀ ਰੱਖਦੇ ਹਾਂ ਅਤੇ ਇੱਕ ਕਾਰੋਬਾਰ ਦੇ ਰੂਪ ਵਿੱਚ, ਅਸੀਂ ਉਹ ਪੇਸ਼ਕਸ਼ ਕਰਨਾ ਚਾਹੁੰਦੇ ਹਾਂ ਜਿਸ ਵੱਲ ਸਾਡੇ ਗਾਹਕ ਵਧਣਾ ਚਾਹੁੰਦੇ ਹਨ।

ਸਾਡੀ ਨਾਮਕਰਨ ਨੀਤੀ ਅਸਲ ਵਿੱਚ ਅਧਿਕਾਰਤ ਨਹੀਂ ਹੈ, ਪਰ ਅਸੀਂ ਉਹਨਾਂ ਨਾਵਾਂ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕਰਦੇ ਹਾਂ ਜੋ ਨਿਊਜ਼ੀਲੈਂਡ ਵਿੱਚ ਸਭ ਤੋਂ ਵੱਧ ਮਾਨਤਾ ਰੱਖਦੇ ਹਨ। ਆਮ ਤੌਰ 'ਤੇ ਇਹ ਮਾਨਤਾ ਪ੍ਰਾਪਤ ਨਾਮ ਦਰਸਾਉਂਦੇ ਹਨ ਜਦੋਂ ਸਬਜ਼ੀਆਂ ਇੱਥੇ ਪਹਿਲੀ ਵਾਰ ਸਥਾਪਿਤ ਕੀਤੀਆਂ ਗਈਆਂ ਸਨ। ਮੂਲੀ ਅਤੇ ਕਰੇਲੇ ਦੇ ਮਾਮਲੇ ਵਿੱਚ, ਸਬਜ਼ੀਆਂ ਨੂੰ ਸਾਡੇ ਪੰਜਾਬੀ ਅਤੇ ਗੁਜਰਾਤੀ ਭਾਈਚਾਰਿਆਂ ਦੁਆਰਾ ਕਈ ਸਾਲ ਪਹਿਲਾਂ ਨਿਊਜ਼ੀਲੈਂਡ ਵਿੱਚ ਪੇਸ਼ ਕੀਤਾ ਗਿਆ ਸੀ। ਮੇਰੇ ਨਿੱਜੀ ਤਜ਼ਰਬੇ ਵਿੱਚ, ਮੇਰੇ ਕੋਲ ਬਜ਼ੁਰਗ ਔਰਤਾਂ ਦੇ ਬਚਪਨ ਦੀਆਂ ਯਾਦਾਂ ਹਨ ਜੋ ਉਨ੍ਹਾਂ ਬੀਜਾਂ ਦੀ ਪੈਦਾਵਰ ਲਈ ਭਾਰਤ ਤੋਂ ਕਰੇਲੇ ਦੇ ਬੀਜ ਆਦਿ ਲਿਆਂਦੀਆਂ ਸਨ ਅਤੇ ਸਾਡੇ ਪੌਦਿਆਂ ਦੇ ਪਰਿਵਾਰ ਦੀ ਨਰਸਰੀ ਵਿਚ ਸ਼ਾਮਿਲ ਕਰਦੀਆਂ ਸਨ।

ਸਾਡੇ ਕੋਲ ਸਾਡੀ ਰੇਂਜ ਵਿੱਚ ਪ੍ਰਸਿੱਧ ਚੀਨੀ ਸਬਜ਼ੀਆਂ ਦੇ ਬੀਜ ਵੀ ਹਨ: ਅਸੀਂ ਉਹਨਾਂ ਨੂੰ ਉਹਨਾਂ ਦੇ ਕੈਂਟੋਨੀਜ਼ ਨਾਮਾਂ ਨਾਲ ਬੁਲਾਉਂਦੇ ਹਾਂ ਕਿਉਂਕਿ ਇਹ ਉਹਨਾਂ ਦੇ ਨਾਵਾਂ ਦਾ ਸਤਿਕਾਰ ਕਰਦਾ ਹੈ ਜਦੋਂ ਉਹਨਾਂ ਨੂੰ ਇੱਥੇ ਪਹਿਲੀ ਵਾਰ ਪੇਸ਼ ਕੀਤਾ ਗਿਆ ਸੀ।

ਅਸੀਂ ਪੰਜਾਬੀ ਪਕਵਾਨਾਂ ਲਈ ਦਿਲਚਸਪੀ ਦੇ ਕਈ ਬੀਜ ਪੇਸ਼ ਕਰਦੇ ਹਾਂ: ਤਿੱਖੀ ਕਿਸਮ ਦਾ ਕਰੇਲਾ, ਇੱਕ ਬਹੁਤ ਹੀ ਸਵਾਦ ਵਾਲਾ ਛੋਟਾ ਬੈਂਗਨ (ਹਾਲਾਂਕਿ ਅਸੀਂ ਇਸਨੂੰ ਬੈਂਗਣ ਦਾ ਨਾਮ ਦਿੱਤਾ ਹੈ ਇਸ ਲਈ ਹਰ ਕੋਈ ਸਮਝਦਾ ਹੈ), ਇੱਕ ਸੁਆਦੀ ਹਰੀ ਮਿਰਚ ਜਿਸ ਨੂੰ ਅਸੀਂ 'ਜਵਾਲਾ' ਕਹਿੰਦੇ ਹਾਂ ਅਤੇ ਸਾਡੇ ਕੋਲ ਤੋਰੀ ਹੈ, ਅਸੀਂ ਇਸਨੂੰ UM Luffa ਵੀ ਕਹਿੰਦੇ ਹਾਂ ਤਾਂ ਕਿ ਹਰ ਕੋਈ ਜਾਣ ਜਾਵੇ ਕਿ ਇਹ ਕੀ ਹੈ। ਇਹ ਸਾਰੇ ਬੀਜ ਭਾਰਤ ਵਿੱਚ ਸਾਡੇ ਮਸ਼ਹੂਰ ਸਪਲਾਇਰਾਂ ਤੋਂ ਪ੍ਰਾਪਤ ਕੀਤੇ ਜਾਂਦੇ ਹਨ।

ਪੰਜਾਬੀ ਪਕਾਉਣ ਲਈ ਹੋਰ ਪ੍ਰਸਿੱਧ ਸਬਜ਼ੀਆਂ ਲਈ (ਜਿਵੇਂ ਗਾਜਰ, ਭਿੰਡੀ, ਮਟਰ, ਖੀਰਾ, ਪਿਆਜ਼, ਪੱਤਾ ਗੋਭੀ ਆਦਿ) ਸਾਡੇ ਕੋਲ ਇਨ੍ਹਾਂ ਦੇ ਅੰਗਰੇਜ਼ੀ ਨਾਂਅ ਹਨ। ਇਸ ਲਈ ਪੈਕੇਟ 'ਤੇ ਤਸਵੀਰਾਂ ਨੂੰ ਵਿਖਾਇਆ ਜਾਂਦਾ ਹੈ।

ਮੈਨੂੰ ਉਮੀਦ ਹੈ ਕਿ ਇਹ ਤੁਹਾਡੀ ਲਿਖਣ ਲਈ ਮਦਦ ਕਰੇਗਾ! ਭੋਜਨ ਬਾਰੇ ਇਹ ਸਾਰੀ ਲਿਖਤ ਮੈਨੂੰ ਬਹੁਤ ਭੁੱਖ ਲੱਗੀ ਵਾਲਾ ਮਹਿਸੂਸ ਕਰਵਾ ਰਹੀ ਹੈ।

ਉੱਤਮ ਸਨਮਾਨ,<br>
ਗੈਰੀ (7aryy)<br>
ਯੇਟਸ ਬਾਗਬਾਨੀ ਵਿਗਿਆਨੀ-<br>
Yates 8orticulturist"

# "ਵਿਸ਼ਵ ਰੈਡ ਕਰਾਸ ਦਿਵਸ" ਮੌਕੇ "ਵਿਸ਼ਵ ਥੈਲੇਸੀਮੀਆ ਦਿਵਸ" ਦਾ ਆਯੋਜਨ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਇਸ ਸਾਲ "ਵਿਸ਼ਵ ਰੈਡ ਕਰਾਸ ਦਿਵਸ" ਨੂੰ "ਵਿਸ਼ਵ ਥੈਲੇਸੀਮੀਆ ਦਿਵਸ" ਦੇ ਤੌਰ ਤੇ ਮਨਾਉਣ ਦੇ ਸੱਦੇ ਨੂੰ ਖੂਨਦਾਨ ਕੈਂਪ ਰਾਹੀਂ ਭਰਪੂਰ ਹੁੰਗਾਰਾ ਮਿਲਿਆ। ਸਥਾਨਕ ਬੀ ਡੀ ਸੀ ਬਲੱਡ ਸੈਂਟਰ ਰਾਹੋਂ ਰੋਡ ਨਵਾਂਸ਼ਹਿਰ ਵਿਖੇ ਸਮਰਪਿਤ ਖੂਨਦਾਨ ਕੈਂਪ ਵਿੱਚ 101 ਖੂਨਦਾਨੀਆਂ ਨੇ ਖੂਨਦਾਨ ਕੀਤਾ। ਇਸ ਕੈਂਪ ਦੇ ਸਫਲ ਆਯੋਜਨ ਦਾ ਸਿਹਰਾ ਸੰਸਥਾ ਦੇ ਮੋਟੀਵੇਟਰਜ ਅਤੇ ਸਟਾਫ ਮੈਂਬਰ ਰਾਜੀਵ ਕੁਮਾਰ, ਅਨਿਲ ਅਸ਼ੋਕ, ਮੁਕੇਸ਼ ਕੁਮਾਰ, ਮਲਕੀਤ ਸਿੰਘ, ਦੀਪਕ ਸ਼ਰਮਾ, ਨਵਦੀਪ ਸਿੰਘ ਬੰਗਾ ਅਤੇ ਸਮੂਹ ਸਟਾਫ ਨੂੰ ਜਾਂਦਾ ਹੈ। ਖੂਨਦਾਨ ਕੈਂਪ ਦੀ ਸ਼ੁਰੂਆਤ ਬੀ ਡੀ ਸੀ ਸਟਾਫ ਮੈਂਬਰਾਂ ਵਲੋਂ ਖੂਨਦਾਨ ਕਰਕੇ ਕੀਤੀ ਗਈ। ਇਸ ਕੈਂਪ ਦਾ ਉਦਘਾਟਨ ਥੈਲੇਸੀਮੀਆ ਕਾਰਨ ਖੂਨ ਦੇ ਲਗਾਤਾਰ ਲੋੜਵੰਦ ਬੱਚਿਆਂ ਨੇ ਆਪਣੇ ਕਰ ਕਮਲਾ ਨਾਲ ਕੀਤਾ। ਇਸ ਮੌਕੇ ਬਲੱਡ ਡੋਨਰਜ਼ ਕੌਂਸਲ ਦੇ ਪ੍ਰਧਾਨ ਐਸ ਕੇ ਸ਼ਰੀਨ ਐਡਵੋਕੇਟ, ਪ੍ਰਵੇਸ਼ ਕੁਮਾਰ



ਖਜਾਨਚੀ, ਪੀ ਆਰ ਕਾਲੀਆ ਡਾਇਰੈਕਟਰ ਵਲੋਂ ਥੈਲੇਸੀਮੀਆ ਦੇ ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇਹ ਸੰਸਥਾ ਹਮੇਸ਼ਾਂ ਤੁਹਾਡੇ ਨਾਲ ਜੁੜੀ ਰਹੇਗੀ ਉਹਨਾਂ ਨੂੰ ਬੀ ਡੀ ਸੀ ਤੋਂ ਖੂਨ ਦੀਆਂ ਸੇਵਾਵਾਂ ਲਈ ਕੋਈ ਮੁਸ਼ਕਿਲ ਨਹੀਂ ਆਵੇਗੀ, ਅਤੇ ਚੰਗੀ ਸਿਹਤਯਾਬੀ ਲਈ ਅਰਦਾਸ ਕੀਤੀ। ਕੈਂਪ ਦੀ ਤਕਨੀਕੀ ਦੇਖ-ਰੇਖ ਡਾਕਟਰ ਅਜੇ ਬੱਗਾ ਬੀ ਟੀ ਓ ਅਤੇ ਡਾਕਟਰ ਦਿਆਲ ਸਰੂਪ ਵਲੋਂ ਕੀਤੀ ਗਈ ਅਤੇ ਉਹਨਾਂ ਦੱਸਿਆ ਕਿ "ਵਿਸ਼ਵ ਰੈਡ ਕਰਾਸ ਦਿਵਸ" ਨੂੰ "ਵਿਸ਼ਵ ਥੈਲੇਸੀਮੀਆ ਦਿਵਸ" ਦੇ ਤੌਰ ਤੇ ਮਨਾਉਣ ਦੇ ਸੱਦੇ ਤੇ ਖੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ ਹੈ। ਉਹਨਾ ਕਿਹਾ ਕਿ ਹਰ ਮਨੁੱਖ ਨੂੰ ਰੈਡ ਕਰਾਸ ਦੀ ਮੂਲ ਭਾਵਨਾ "ਸੇਵਾ" ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣਾ ਚਾਹੀਦਾ ਹੈ। ਸ਼੍ਰੀਮਤੀ ਤਾਨੀਆ ਵਰਮਾ (ਸਟਾਫ ਮੈਂਬਰ) ਵਲੋਂ ਵਿਸੇਸ਼ ਸਨਮਾਨ ਗਿਫਟ "ਮੱਗ" ਤਿਆਰ ਕਰਵਾ ਕੇ ਥੈਲੇਸੀਮੀਆ ਦੇ ਬੱਚਿਆਂ ਨੂੰ ਭੇਟ ਕੀਤੇ ਗਏ।

# ਬੁੱਧ ਨੇ ਮਨੁੱਖਤਾ ਨੂੰ ਜਿਉਣ ਦਾ ਸੁਖੀ ਮਾਰਗ ਦੱਸਿਆ



ਐਸ ਐਲ ਵਿਰਦੀ ਐਡਵੋਕੇਟ
91-98145 17499

ਸਿਧਾਰਥ ਗੌਤਮ ਦਾ ਜਨਮ, ਕਪਲਵਸਤੂ ਦੇ ਰਾਜਾ ਸ਼ੁਧੋਦਨ ਦੇ ਘਰ, ਰਾਣੀ ਮਹਾਮਾਯਾ ਦੀ ਕੁੱਖੋਂ, 563 ਈਸਾ ਪੂਰਵ, ਵਿਸਾਖ ਦੀ ਪੂਰਨਮਾਸ਼ੀ ਨੂੰ ਹੋਇਆ। ਸਿਧਾਰਥ ਅਜੇ 7 ਦਿਨ ਦਾ ਹੀ ਹੋਇਆ ਸੀ ਕਿ ਉਸ ਦੀ ਮਾਤਾ ਦਾ ਦੇਹਾਂਤ ਹੋ ਗਿਆ। ਰਾਜਾ ਸ਼ੁਧੋਦਨ ਨੇ ਮਹਾਂਮਾਯਾ ਦੀ ਛੋਟੀ ਭੈਣ ਨਾਲ ਵਿਆਹ ਕਰ ਲਿਆ। ਇਸ ਉਪਰਾਂਤ ਸਿਧਾਰਥ ਨੂੰ ਮਾਂ ਦਾ ਪਿਆਰ ਆਪਣੀ ਮਾਸੀ ਮਹਾਂ ਪਰਜਾਪਤੀ ਗੋਮਤੀ ਤੋਂ ਪ੍ਰਾਪਤ ਹੋਇਆ।

ਸਿਧਾਰਥ ਨੇ ਬਚਪਨ ਵਿਚ ਹੀ ਕਈ ਤਰ੍ਹਾਂ ਦੀ ਸਿਖਿਆ ਹਾਸਲ ਕਰਕੇ ਆਪਣੀ ਤਿੱਖੀ ਬੁੱਧੀ ਦਾ ਸਬੂਤ ਦਿੱਤਾ। ਉਹਨਾਂ ਵੇਦ, ਵੇਦਾਂਤ ਦਾ ਗੰਭੀਰ ਅਧਿਅਨ ਕੀਤਾ। ਉਸ ਨੂੰ ਸੁਯੋਗ ਸੈਨਿਕ ਸਿੱਖਿਆ ਵੀ ਦਿੱਤੀ ਗਈ। ਉਸ ਦਾ ਸੁਭਾਅ ਬਚਪਨ ਤੋਂ ਹੀ ਕੋਮਲ, ਦਿਆਲੂ ਤੇ ਮੇਹਨਤੀ ਸੀ। ਉਹ ਨਹੀਂ ਸੀ ਚਾਹੁੰਦਾ ਕਿ ਆਦਮੀ, ਆਦਮੀ ਦੀ ਅਤੇ ਪ੍ਰਾਣੀ ਦੀ ਲੁੱਟ ਖਸੁੱਟ ਕਰੇ। ਇਸੇ ਕਰਕੇ ਉਹ ਸ਼ਿਕਾਰ ਨੂੰ ਨਾ ਜਾਂਦਾ। ਮਨੁੱਖ ਨੂੰ ਦੁਖੀ ਦੇਖ ਕੇ ਸਿਥਾਰਥ ਗੌਤਮ ਹਮੇਸ਼ਾ ਚਿੰਤਤ ਰਹਿੰਦੇ।

ਡਾ. ਅੰਬੇਡਕਰ ਆਪਣੇ ਗ੍ਰੰਥ 'ਬੁੱਧਾ ਐਂਡ ਹਿਜ ਧੱਮਾ' ਵਿੱਚ ਸਿਧਾਰਥ ਦੇ ਗ੍ਰਹਿ ਤਿਆਗ ਦੇ ਕਾਰਨਾਂ ਪ੍ਰਤੀ ਲਿੱਖਦੇ, " ਸ਼ਾਕਯ ਜਨਤਾ ਦੀ ਇਕ ਜਮਾਤ ਸ਼ਾਕਯ ਸੰਘ ਸੀ। ਉਸ ਸਮੇਂ ਪ੍ਰਚੱਲਤ ਪ੍ਰਥਾ ਅਨੁਸਾਰ 20 ਸਾਲ ਦੀ ਉਮਰ ਵਿਚ ਸਿਧਾਰਥ ਸ਼ਾਕਯ ਸੰਘ ਦਾ ਮੈਂਬਰ ਬਣ ਗਿਆ। ਮੈਂਬਰ ਬਣੇ ਨੂੰ ਅਜੇ ਅੱਠ ਸਾਲ ਹੀ ਬੀਤੇ ਸਨ ਕਿ ਇਕ ਦੁਖਾਂਤ ਵਾਪਰਿਆ ਜਿਸ ਨੇ ਸਿਧਾਰਥ ਦੇ ਜੀਵਨ ਨੂੰ ਹੀ ਬਦਲ ਕੇ ਰੱਖ ਦਿੱਤਾ।

ਸ਼ਾਕਯ ਰਾਜ ਦੇ ਨਾਲ ਹੀ ਕੋਲੀਆ ਵੰਸ਼ ਦਾ ਰਾਜ ਲਗਦਾ ਸੀ। ਰੋਹਿਣੀ ਨਾਂ ਦੀ ਨਦੀ, ਦੋਹਾਂ ਰਾਜਾਂ ਦੇ ਵਿਚਕਾਰ ਦੀ ਵਹਿੰਦੀ ਸੀ। ਨਦੀ ਦੀ ਵੰਡ ਬਾਰੇ ਦੋਹਾਂ ਰਾਜਾਂ ਦਾ ਝਗੜਾ ਹਰ ਫਸਲ ਤੇ ਹੁੰਦਾ ਸੀ ਕਿ ਪਾਣੀ ਦਾ ਪਹਿਲਾਂ ਕੌਣ ਤੇ ਕਿੰਨਾ ਇਸਤੇਮਾਲ ਕਰੇਗਾ। ਇਸ ਵਾਰ ਦਾ ਇਹ ਝਗੜਾ ਗੰਭੀਰ ਹੱਦ ਤੱਕ ਵਧ ਗਿਆ। ਦੋਹਾਂ ਰਾਜਾਂ ਨੇ ਇਹ ਫੈਸਲਾ ਕਰ ਲਿਆ ਕਿ ਹਰ ਸਾਲ ਦਾ ਇਹ ਝਗੜਾ ਕਿਉਂ ਨਾ ਯੁੱਧ ਰਾਹੀਂ ਸਦਾ ਵਾਸਤੇ ਹੱਲ ਕਰ ਦਿੱਤਾ ਜਾਵੇ।

ਸ਼ਾਕਯ ਦੇ ਸੈਨਾਪਤੀ ਨੇ ਕੋਲੀਆਂ ਦੇ ਖਿਲਾਫ ਯੁੱਧ ਛੇੜਨ ਦਾ ਮਤਾ ਪਾਸ ਕਰਨ ਲਈ, ਸ਼ਾਕਯ ਸੰਘ (ਪਾਰਲੀਮੈਂ) ਦੀ ਇਕ ਮੀਟਿੰਗ ਬੁਲਾਈ। ਸੈਨਾਪਤੀ ਨੇ ਯੁੱਧ ਛੇੜਨ ਦੀ ਗੱਲ ਤੋਰੀ। ਸਿਧਾਰਥ ਨੇ ਵਿਰੋਧ ਕੀਤਾ ਅਤੇ ਮਾਮਲਾ ਦੋਹਾਂ ਧਿਰਾਂ ਦੁਆਰਾ ਸਲਾਹ ਮਸ਼ਵਰੇ ਰਾਹੀਂ ਹੱਲ ਕਰਨ ਤੇ ਜ਼ੋਰ ਦਿੱਤਾ। ਸੈਨਾਪਤੀ ਨੇ ਕਿਹਾ ਕਿ ਕਸ਼ੱਤਰੀ ਦਾ ਧਰਮ, ਯੁੱਧ ਕਰਨਾ ਹੈ, ਇਹ ਸ਼ਾਸ਼ਤਰਾਂ ਦੀ ਆਗਿਆ ਹੈ। ਪਰ ਸਿਧਾਰਥ ਦਾ ਕਹਿਣਾ ਸੀ ਕਿ ਧਰਮ ਤਾਂ ਸਗੋਂ ਇਹ ਗੱਲ ਵਿੱਚ ਹੈ ਕਿ ਵੈਰ, ਕਦੇ ਵੈਰ ਨਾਲ ਖਤਮ ਨਹੀਂ ਹੁੰਦਾ, ਇਹ ਤਾਂ ਮਿਤ੍ਰਤਾ ਨਾਲ ਹੀ ਖਤਮ ਹੁੰਦਾ ਹੈ।


ਸਿਧਾਰਥ ਗੌਤਮ ਨੇ ਸੁਝਾਅ ਦਿੱਤਾ ਕਿ ਇਕ ਪੰਜ ਮੈਂਬਰੀ ਪੰਚਾਇਤ ਬਣਾ ਕੇ ਕੋਲੀਆਂ ਨਾਲ ਪਾਣੀ ਦੇ ਝਗੜੇ ਦਾ ਨਿਪਟਾਰਾ ਕਰ ਲਿਆ ਜਾਵੇ ਕਿਉਕਿ ਸ਼ਾਕਯ ਤੇ ਕੋਲੀਆਂ ਆਪਸ ਵਿਚ ਨਜ਼ਦੀਕੀ ਰਿਸ਼ਤੇਦਾਰ ਹਨ। ਇਸੀ ਲਈ ਯੁੱਧ ਕਰਕੇ ਖੂਨ ਖਰਾਬਾ ਕਰਨਾ ਕੋਈ ਅਕਲਮੰਦੀ ਨਹੀਂ ਹੈ। ਸੈਨਾਪਤੀ ਨੇ ਡਟ ਕੇ ਸਿਧਾਰਥ ਦਾ ਵਿਰੋਧ ਕੀਤਾ ਅਤੇ ਕਿਹਾ ਯੁੱਧ ਵਿਚ ਕਸ਼ੱਤਰੀਆਂ ਲਈ ਕੋਈ ਆਪਣਾ ਪਰਾਇਆ ਨਹੀਂ। ਆਪਣੇ ਹੱਕ ਲਈ ਲੜਨਾ ਹੀ ਕਸ਼ੱਤਰੀਆਂ ਦਾ ਕੰਮ ਹੈ। ਇਸ ਲਈ ਯੁੱਧ ਕਰਨਾ ਹੀ ਕਸ਼ੱਤਰੀਆਂ ਦਾ ਧਰਮ ਹੈ।

ਮਤੇ ਦੇ ਪੱਖ ਅਤੇ ਵਿਰੋਧ ਵਿਚ ਵੋਟਾਂ ਪਈਆਂ। ਬਹੁ-ਗਿਣਤੀ, ਯੁੱਧ ਛੇੜਨ ਦੇ ਹੱਕ ਵਿਚ ਗਈ, ਪਰ ਸਿਧਾਰਥ, ਯੁੱਧ ਵਿਰੋਧੀ ਦਲੀਲ ਤੇ ਅੜੇ ਸਨ। ਸੰਘ ਦੇ ਨੇਮਾਂ ਦਾ ਉਲੰਘਣ ਕਰਨ ਦੇ ਦੋਸ਼ ਵਿਚ, ਸਿਧਾਰਥ ਨੂੰ ਸਜ਼ਾ ਦੇਣ ਦਾ ਸਵਾਲ ਉੱਠਿਆ। ਸੈਨਾਪਤੀ ਨੇ ਸਿਧਾਰਥ ਨੂੰ ਹੇਠ ਲਿਖੀਆਂ ਤਿੰਨ ਸਜਾਵਾਂ ਵਿਚੋਂ ਕੋਈ ਇਕ ਕਬੂਲ ਕਰਨ ਲਈ ਕਿਹਾ -

1. ਸਿਧਾਰਥ ਯੁੱਧ ਵਿਚ ਹਿੱਸਾ ਲੈ ਸਕਦਾ ਹੈ।
2. ਆਪਣੇ ਪਰਿਵਾਰ ਦੇ ਮੈਂਬਰਾਂ ਦਾ ਸਮਾਜਿਕ ਬਾਈਕਾਟ ਅਤੇ ਜਾਇਦਾਦ ਜਬਤ ਕਰਾਉਣ ਲਈ ਮੰਨ ਸਕਦਾ ਹੈ।
3. ਉਹ ਫਾਂਸੀ ਤੇ ਲਟਕਣਾ ਜਾਂ ਦੇਸ਼ ਨਿਕਾਲਾ ਕਬੂਲ ਕਰ ਸਕਦਾ ਹੈ।

ਪ੍ਰਵਾਰਿਕ ਸਬੰਧੀਆਂ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਉਹਨਾਂ ਦੇਸ਼ ਤੋਂ ਬਾਹਰ ਜਾਣਾ ਕਬੂਲ ਕਰ ਲਿਆ ਕਿਉਂਕਿ ਉਹ ਨਹੀਂ ਚਾਹੁੰਦੇ ਸਨ ਕਿ ਉਹਨਾਂ ਦੀ ਖਾਤਰ ਉਹਨਾਂ ਦੇ ਪਰਿਵਾਰ ਦਾ ਬਾਈਕਾਟ ਹੋਵੇ, ਜਾਂ ਉਹਨਾਂ ਦੇ ਪਰਿਵਾਰ ਦੇ ਖੇਤ ਜਬਤ ਹੋਣ ਤੇ ਪਰਿਵਾਰ ਰੋਜ਼ੀ ਰੋਟੀ ਤੋਂ ਜਾਂਦਾ ਰਹੇ। ਯੁੱਧ ਕਰਨ ਤੋਂ ਉਹ ਪਹਿਲਾਂ ਹੀ ਇਨਕਾਰ ਕਰ ਚੁੱਕੇ ਸਨ। ਮਰ ਗਏ ਤਾਂ ਪਰਲੋ! ਇਸ ਲਈ ਸਜ਼ਾ ਵਜੋਂ, ਸਿਧਾਰਥ ਨੇ ਦੇਸ਼ ਛੱਡ ਕੇ ਜਾਣ ਨੂੰ ਸਵਿਕਾਰ ਕਰ ਲਿਆ।

ਕਪਿਲਵਸਤੂ ਨੂੰ ਅਲਵਿਦਾ ਕਹਿ ਸਿਧਾਰਥ ਨੇ ਸੱਚ ਦੀ ਖੋਜ ਵਿੱਚ ਘੋਰ ਤਪੱਸਿਆ ਕੀਤੀ। ਸੈਂਕੜੇ ਸਾਧੂ, ਸੰਤਾਂ ਨਾਲ ਉਹਨਾਂ ਦਾ ਵਿਚਾਰ ਵਟਾਂਦਰਾ ਹੋਇਆ। ਇਹ ਸਿਲਸਿਲਾ ਲਗਾਤਾਰ 6 ਸਾਲ ਤੱਕ ਚਲਦਾ ਰਿਹਾ। ਸੁੱਕ ਕੇ ਤੀਲਾ ਹੋ ਗਏ ਸਿਧਾਰਥ ਨੂੰ ਲੱਗਿਆ ਕਿ ਉਸ ਦੇ ਪੱਲੇ ਕੁੱਝ ਵੀ ਨਹੀਂ ਹੈ। ਪਿੱਪਲ ਦੇ ਦਰਖਤ ਥੱਲੇ ਸਿਧਾਰਥ ਅਜੇ ਇਹਨਾਂ ਵਿਚਾਰਾਂ ਵਿਚ ਮਗਨ ਸੀ ਕਿ ਸੁਜਾਤਾ ਨਾਂ ਦੀ ਇਸਤ੍ਰੀ ਖੀਰ ਦਾ ਥਾਲ ਲੈ ਕੇ ਉਸ ਦਰਖਤ ਵਲ ਆਈ ਜਿਥੇ ਸਿਧਾਰਥ ਬੈਠਾ ਸੀ। ਉਸਨੇ ਖੀਰ ਸਿਧਾਰਥ ਦੇ ਮੂੰਹ ਵਿਚ ਪਾਈ। ਸਿਧਾਰਥ ਨੇ ਉਹ ਭੋਜਨ ਗ੍ਰਹਿਣ ਕੀਤਾ। ਭੋਜਨ ਪਾਉਣ ਤੋਂ ਬਾਅਦ ਸਿਧਾਰਥ ਪੂਰੇ ਹੋਸ਼



ਹਵਾਸ ਵਿੱਚ ਆ ਗਏ। ਉਸ ਨੂੰ ਸਪਸ਼ਟ ਹੋਇਆ ਕਿ ਹੁਣ ਤੱਕ ਦੀ ਉਸ ਦੀ ਸਾਧਨਾ ਦਾ ਕੋਈ ਲਾਭ ਨਹੀਂ ਹੋਇਆ। ਸੁਜਾਤਾ ਉਸ ਦੇ ਮੂੰਹ ਵਿੱਚ ਖੁਰਾਕ ਨਾ ਪਾਉਂਦੀ ਸੀ, ਉਸ ਮਰ ਜਾਣਾ ਸੀ ਤੇ ਆਪ ਮਰੇ ਜਗ ਪਰਲੋ ਹੋ ਜਾਣਾ ਸੀ। ਉਹਨਾਂ ਮਹਿਸੂਸ ਕੀਤਾ ਕਿ ਜਿਸ ਦੇ ਸ਼ਰੀਰ ਵਿੱਚੋਂ ਬਲ ਜਾਂਦਾ ਰਿਹਾ, ਜੋ ਭੁੱਖ ਪਿਆਸ ਨਾਲ ਪਰੇਸ਼ਾਨ ਹੈ, ਜਿਸ ਦਾ ਮਨ ਥਕਾਵਟ ਕਰਕੇ ਇਕਾਗ੍ਰ ਅਤੇ ਸ਼ਾਂਤ ਨਹੀਂ ਹੈ, ਐਸੇ ਆਦਮੀ ਨੂੰ ਕਦੇ ਵੀ ਨਵਾਂ ਗਿਆਨ ਪ੍ਰਾਪਤ ਨਹੀਂ ਹੋ ਸਕਦਾ। ਕਿਉਂਕਿ ਸ਼ਰੀਰ ਨੇ ਤਾਂ ਮਨ ਦੀ ਇੱਛਾ ਅਨੁਸਾਰ ਹੀ ਚਲਣਾ ਹੁੰਦਾ ਹੈ, ਇਸ ਲਈ ਮਨ ਹੀ ਮੁੱਖ ਹੈ। ਮਨ ਹੀ ਸਭ ਕਲਪ, ਵਿਕਲਪ, ਕਾਮਨਾ, ਇੱਛਾ, ਬਣਾਉਣ, ਢਾਉਣ ਦਾ ਕੇਂਦਰ ਬਿੰਦੂ ਹੈ ਤੇ ਇਹ ਸਭ ਕੁਝ ਮਨ ਵਿੱਚੋਂ ਹੀ ਉਪਜਦਾ ਹੈ, ਇਸ ਲਈ ਮਨ ਦੀ ਸਾਧਨਾ ਜ਼ਰੂਰੀ ਹੈ। ਬਿਨਾ ਮਨ ਤੇ ਕਾਬੂ ਦੇ, ਮਨੁੱਖ ਦੀ ਭਟਕਣਾ (ਇੱਛਾ) ਕਦੇ ਵੀ ਖਤਮ ਨਹੀਂ ਹੋ ਸਕਦੀ, ਭਟਕਣਾ ਹੀ ਦੁੱਖ ਹੈ। ਬੱਸ ਇਹੀ ਉਹਨਾਂ ਨੂੰ ਗਿਆਨ ਪ੍ਰਾਪਤ ਹੋਈਆ ਤੇ ਗੌਤਮ ਸਿਧਾਰਥ ਤੋਂ ਬੁੱਧ ਬਣ ਗਏ।

ਬੁੱਧ ਨੇ ਦੱਸਿਆ ਕਿ ਮਨੁੱਖ ਦੁਖੀ ਕਿਉ ਹੈ? ਮਨੁਖ ਦਾ ਦੁੱਖ ਕੀ ਹੈ? ਮਨੁੱਖ ਦੇ ਦੁੱਖਾਂ ਦਾ ਕਾਰਣ ਕੀ ਹੈ? ਕਾਰਣ ਨੂੰ ਹਟਾਇਆ ਜਾ ਸਕਦਾ ਹੈ। ਇਸ ਲਈ ਦੁੱਖ ਨੂੰ ਦੂਰ ਕਰਨ ਦਾ ਮਾਰਗ ਹੈ। ਮਾਰਗ ਹੀ ਮੰਜ਼ਿਲ ਹੈ। ਮੰਜ਼ਿਲ ਮਨ ਹੈ। ਮਨ ਜੀਤੇ ਜਗੁ ਜੀਤ। ਬੁੱਧ ਨੇ ਸਪਸ਼ਟ ਕਿਹਾ ਕਿ ਇਹ ਦੇਵ-ਆਤਮਾ, ਵਰਣ, ਵਰਗ, ਮਜ਼ਹਬ-ਧਰਮ, ਨਸਲ-ਵੰਸ਼ ਸਭ ਮਨੁੱਖ ਦੀ ਕਲਪਨਾ ਹਨ। ਕਲਪਨਾ ਨੂੰ ਕੀਲਿਆ ਜਾ ਸਕਦਾ ਹੈ। ਮਨੁੱਖ ਇਸੇ ਸੰਸਾਰ ਵਿੱਚ ਇੱਸੇ ਧਰਤੀ ਤੇ ਅਤੇ ਇਸੇ ਜਿੰਦਗੀ ਵਿੱਚ ਵੱਧ ਤੋਂ ਵੱਧ ਗਿਆਨ ਪ੍ਰਾਪਤ ਕਰ ਕੇ, ਆਪਣੇ ਆਪ ਨੂੰ ਜਾਣ ਕੇ, ਆਪ ਵੀ ਸੁਖੀ ਬਣ ਸਕਦਾ ਹੈ ਅਤੇ ਸਮਾਜ ਨੂੰ ਵੀ ਸੁੱਖੀ ਬਣਾ ਸਕਦਾ ਹੈ। ਗੱਲ ਕੀ, ਬੁੱਧ ਦਾ ਇੱਕ ਮਾਤਰ ਟੀਚਾ ਹੈ ਮਨੁੱਖੀ ਪ੍ਰਾਣੀਆਂ ਦਾ ਸੰਪੂਰਨ ਕਲਿਆਣ, ਯਾਨੀ, ਮਨੁੱਖ ਨੂੰ ਦੁੱਖ ਅਤੇ ਸ਼ੋਸ਼ਣ ਤੋਂ ਮੁਕਤ ਕਰਨਾ।

ਬੁੱਧ ਚੁੱਪ ਨਹੀਂ ਬੈਠੇ ਸਗੋਂ ਉਨ੍ਹਾਂ ਮਨੁੱਖ ਨੂੰ ਦੁੱਖਾਂ ਵਿੱਚੋ ਕੱਢਣ ਦੇ ਉਪਾਅ ਵੀ ਦੱਸੇ। ਉਨ੍ਹਾਂ ਕਿਹਾ, "ਮਨੁੱਖ ਦੇ ਸਾਹਮਣੇ ਦੋ ਸਮੱਸਿਆਵਾਂ ਹਨ। ਪਹਿਲਾ ਦੁੱਖ ਅਤੇ ਦੂਜਾ ਦੁੱਖ ਤੋਂ ਛੁਟਕਾਰਾ।'' ਉਨ੍ਹਾਂ ਦੱਸਿਆ ਕਿ ਜੀਵਨ ਵਿੱਚ ਦੁੱਖ ਹੀ ਦੁੱਖ ਹੈ ਅਤੇ ਸਾਰੇ ਪ੍ਰਣੀ ਕਿਸੇ ਨਾ ਕਿਸੇ ਤਰ੍ਹਾਂ ਦੁੱਖ ਨਾਲ ਪੀੜਿਤ ਹਨ। ਸੰਸਾਰ ਦਾ ਕੋਈ ਵੀ ਮਨੁੱਖ ਦੁੱਖਾਂ ਦੀ ਲਪੇਟ ਤੋਂ ਨਹੀਂ ਬਚ ਸਕਿਆ। ਜਨਮ ਤੋਂ ਲੈ ਕੇ ਮੌਤ ਤੱਕ ਮਨੁੱਖ ਦੁੱਖਾਂ ਨਾਲ ਪਰੁੰਨਿਆ ਪਿਆ ਹੈ। ਕਿਸੇ ਨੂੰ ਪਿਆਰੇ ਮਿੱਤਰ ਦੇ ਨਾ ਮਿਲਣ ਦਾ ਦੁੱਖ ਹੈ, ਕਿਸੇ ਨੂੰ ਦੁਖਿਆਰੇ, ਅਮਿੱਤਰ ਦੇ ਮਿਲ ਜਾਣ ਦਾ ਦੁੱਖ ਹੈ। ਕਿਸੇ ਨੂੰ ਇੱਛਾਵਾਂ ਪੂਰੀਆਂ ਨਾ ਹੋਣ ਦਾ ਦੁੱਖ ਹੈ ਅਤੇ ਕਿਸੇ ਨੂੰ ਅਣਸੋਚੀਆਂ ਘਟਨਾਵਾਂ ਦੇ ਵਾਪਰ ਜਾਣ ਦਾ ਦੁੱਖ ਹੈ। ਕਿਸੇ ਨੂੰ ਔਲਾਦ ਦਾ ਦੁੱਖ ਹੈ, ਕਿਸੇ ਨੂੰ ਬਾਪ ਦਾ ਦੁੱਖ ਹੈ, ਕਿਸੇ ਨੂੰ ਪਤੀ ਦਾ ਦੁੱਖ ਹੈ, ਕਿਸੇ ਨੂੰ ਪਤਨੀ ਦਾ ਦੁੱਖ ਹੈ, ਕਿਸੇ ਨੂੰ ਸਕੇ ਦਾ, ਕਿਸੇ ਨੂੰ ਸਬੰਧੀ ਦਾ। ਕਿਸੇ ਨੂੰ ਤਾਕਤ ਦਾ, ਕਿਸੇ ਨੂੰ ਦੌਲਤ ਦਾ। ਕਿਸੇ ਨੂੰ ਅਪਮਾਨ ਦਾ ਕਿਸੇ ਨੂੰ ਸਨਮਾਨ ਦਾ ਦੁੱਖ ਹੈ। ਮੁੱਕਦੀ ਗੱਲ, ਜਿਧਰ ਦੇਖੋ ਦੁੱਖ ਹੀ ਦੁੱਖ ਹੈ।

ਬੁੱਧ ਨੇ ਕਿਹਾ, ਦੁੱਖ ਦਾ ਮੂਲ ਕਾਰਨ ਅਗਿਆਨਤਾ ਤੇ ਇੱਛਾ ਹੈ। ਮਨੁੱਖ ਦੀ ਇੱਛਾ ਇਹ ਹੈ ਕਿ ਉਸ ਪਾਸ ਅਧਿਕ ਤੋਂ ਅਧਿਕ ਧੰਨ ਹੋਵੇ, ਕੋਠੀਆਂ, ਬੰਗਲੇ ਹੋਣ, ਬੱਚੇ ਹੋਣ, ਸਭ ਸੁੱਖ-ਸਹੂਲਤਾਂ ਹੋਣ, ਰਾਜ ਭਾਗ ਹੋਵੇ ਸਨਮਾਨ ਹੋਵੇ। ਗੱਲ ਕੀ, ਇੱਛਾ ਦਾ ਕੋਈ ਅੰਤ ਨਹੀਂ। ਯਾਨੀ ਅਨੇਕ ਭੌਤਿਕ ਵਸਤਾਂ ਮਿਲਣ ਤੇ ਵੀ ਇੱਛਾ ਛਾਂਤ ਨਹੀਂ ਹੁੰਦੀ। ਜਦ ਇੱਛਾ ਪੂਰੀ ਨਹੀਂ ਹੁੰਦੀ ਤਾਂ ਮਨੁੱਖ ਬੇਚੈਨ ਹੋ ਜਾਂਦਾ ਹੈ। ਉਸ ਦੀ ਮਾਨਸਿਕ ਦਸ਼ਾ ਡਾਵਾਂ ਡੋਲ ਹੋ ਜਾਂਦੀ ਹੈ। ਸਿੱਟੇ ਵਜੋਂ ਮਨੁੱਖ ਕਈ ਮਾੜੇ2 ਢੰਗ ਅਪਨਾ ਕੇ ਆਪਣੀ ਇੱਛਾ ਦੀ ਪੂਰਤੀ ਕਰਦਾ ਹੈ ਤਾਂ ਉਹ ਵਿਸ਼ੇ ਵਿਕਾਰਾਂ ਦਾ ਆਦਿ ਹੋ ਜਾਂਦਾ ਹੈ। ਵਿਸ਼ੇ ਵਿਕਾਰਾਂ ਦੀ ਆੜ ਵਿੱਚ ਉਹ ਅਨੈਤਿਕ ਕੰਮ ਕਰਦਾ ਹੈ, ਜਿਸ ਨਾਲ ਸਮਾਜ ਵਿੱਚ ਉਸ ਦੀ ਬਦਨਾਮੀ ਹੁੰਦੀ ਹੈ। ਸਿੱਟੇ ਵਜੋਂ ਮਨੁੱਖ ਆਪ ਵੀ ਦੁੱਖੀ ਹੁੰਦਾ ਹੈ ਅਤੇ ਸੰਸਾਰ ਨੂੰ ਵੀ ਦੁੱਖੀ ਕਰਦਾ ਹੈ। ਇਸ ਲਈ ਇੱਛਾ ਤੇ ਕੰਟਰੋਲ ਕਰਨਾ ਅਤਿ ਜਰੂਰੀ ਹੈ।

ਮਨੁੱਖ ਵਿੱਚ ਇੱਛਾ ਕਿਉ ਪਨਪਦੀ ਹੈ? ਬੁੱਧ ਕਹਿੰਦੇ, ਇਸ ਦਾ ਕਾਰਣ ਮਨ ਹੈ। ਮਨ ਤੇ ਜਿੱਤ ਦੁੱਖਾਂ ਤੋਂ ਛੁਟਕਾਰਾ ਹੈ। ਦੁੱਖਾਂ ਤੋਂ ਛੁਟਕਾਰਾ ਸੁੱਖ ਦੀ ਪ੍ਰਪਤੀ ਹੈ। ਇਸ ਵਾਸਤੇ ਉਨ੍ਹਾਂ ਕਾਰਨ-ਕਾਰਜ (ਪ੍ਰਤਿਤਸਮੁਤਵਾਦ) ਦਾ ਸਿਧਾਂਤ ਦਿੱਤਾ। ਇਸ ਸਿਧਾਂਤ ਅਨੁਸਾਰ ਅਸਲੀ ਬ੍ਰਹਿਮੰਡ ਵਿੱਚ ਜੋ ਕੁੱਝ ਵੀ ਵਾਪਰ ਰਿਹਾ ਹੈ। ਹਰ ਘਟਨਾ ਕਾਰਜ-ਕਾਰਨ ਦੇ ਸਿਧਾਂਤ ਤਹਿਤ ਘਟਦੀ ਹੈ। ਉਹੀ ਘਟਨਾਂ ਅੱਗੋਂ, ਅਗੇਰੀ ਘਟਨਾ ਦਾ ਕਾਰਣ ਬਣਦੀ ਹੈ। ਬਿਨਾ ਕਾਰਣ ਕੁੱਝ ਵੀ ਵਾਪਰ ਨਹੀਂ ਸਕਦਾ।

ਬੁੱਧ ਨੇ ਦੱਸਿਆ ਕਿ ਮਨੁੱਖ ਦੇ ਦੁੱਖੀ ਹੋਣ ਦੇ ਦੋ ਕਾਰਣ ਹਨ। ਪਹਿਲਾ ਮਨੁੱਖ ਦਾ ਆਪਣਾ ਮਾੜਾ ਵਿਹਾਰ ਹੈ ਅਤੇ ਦੂਜਾ ਇੱਕ ਮਨੁੱਖ ਦਾ ਦੂਜੇ ਮਨੁੱਖ ਪ੍ਰਤੀ ਨਾਬਰਾਬਰੀ ਦਾ ਵਤੀਰਾ, ਯਾਨੀ ਇੱਕ ਮਨੁੱਖ ਵਲੋਂ ਦੂਜੇ ਦਾ ਸ਼ੋਸ਼ਣ। ਮਨੁੱਖ, ਮਨੁੱਖ ਦਾ ਸ਼ੋਸ਼ਣ ਕਿਉ ਕਰਦਾ ਹੈ? ਇਸ ਮੂਲ ਪ੍ਰਸ਼ਨ ਦਾ ਉੱਤਰ ਇਹੀ ਹੈ ਕਿ ਮਨੁੱਖ ਨਿਜੀ ਜਾਇਦਾਦ ਇਕੱਠੀ ਕਰਨੀ ਚਾਹੁੰਦਾ ਹੈ। ਇਹ ਨਿਜੀ ਸੰਪੱਤੀ ਨੂੰ ਅਧਿਕ ਤੋਂ ਅਧਿਕ ਇਕੱਠੀ ਕਰਨ ਦੀ ਲਾਲਸਾ ਹੀ ਸੰਸਾਰ ਵਿੱਚ ਅਨੇਕਾ ਬੁਰਾਈਆ ਦੀ ਜੜ੍ਹ ਹੈ। ਇਸ ਲਈ ਮਨੁੱਖ ਦੇ ਦੁੱਖ ਨੂੰ ਦੂਰ ਕਰਨ ਲਈ ਨਿੱਜੀ ਜਾਇਦਾਦ ਦਾ ਖਾਤਮਾ ਜਰੂਰੀ ਹੈ।

ਬੁੱਧ ਨੇ ਇਸ ਦੀ ਸ਼ੁਰੂਆਤ ਖੁੱਦ ਤੋਂ ਕੀਤੀ। ਉਨ੍ਹਾਂ ਦੁਆਰਾ ਸਥਾਪਤ ਭਿਖਸ਼ੂ ਸੰਘ ਵਿੱਚ ਕਿਸੇ ਵੀ ਭਿਖਸ਼ੂ ਨੂੰ ਨਿਜੀ ਜਾਇਦਾਦ ਰੱਖਣ ਦਾ ਅਧਿਕਾਰ ਨਹੀਂ ਹੈ। ਕੋਈ ਵੀ ਭਿਖਸ਼ੂ ਸੰਘ ਵਿੱਚ ਨਿੱਜੀ ਜਾਇਦਾਦ ਨਹੀਂ ਰੱਖੇਗਾ। ਉਹ ਸਿਰਫ਼ ਆਪਣੇ ਕੋਲ ਸੱਤ ਚੀਜ਼ਾਂ ਹੀ ਰੱਖ ਸਕਦਾ ਹੈ। ਇਹ ਚੀਜ਼ਾਂ ਹਨ, ਤਿੰਨ ਚੀਵਰ (ਕੱਪੜੇ), ਇੱਕ ਪਾਣੀ ਲਈ ਬਰਤਨ, ਇੱਕ ਬਿਸਤਰਾ, ਇੱਕ ਉਸਤਰਾ, ਇੱਕ ਸੂਈ। ਇਹ ਦੌਲਤ ਵੀ ਸੰਘ ਦੀ ਹੁੰਦੀ ਹੈ ਕਿਉਕਿ ਭਿਖਸ਼ੂ ਦੀ ਮੌਤ ਤੋਂ ਬਾਹਦ ਇਹ ਚੀਜ਼ਾਂ ਸੰਘ ਦੀਆਂ ਹੋ ਜਾਂਦੀਆ ਹਨ। ਹਰ ਭਿਖਸ਼ੂ ਇਨ੍ਹਾਂ ਨਿਯਮਾਂ ਦੀ ਪਾਲਣਾ ਕਰਦਾ ਹੈ ਅਤੇ ਤੋੜਨ ਤੇ ਸਜ਼ਾ ਦਿੱਤੀ ਜਾਂਦੀ ਹੈ।

ਬੁੱਧ ਖੁਦ ਇਸ ਨਿਯਮ ਦੀ ਪਾਲਣਾ ਕਰਦੇ ਸਨ। ਬੁੱਧ ਨੇ ਇਸ ਨੂੰ ਨੈਤਿਕ ਆਦਰਸ਼ ਜਾਂ ਸਦਾਚਾਰ ਦਾ ਰੂਪ ਦਿੱਤਾ। ਉਨ੍ਹਾਂ ਕਿਹਾ ਕਿ ਸ਼ਰਧਾਲੂਆ ਨੂੰ ਲੋਭ, ਲਾਲਚ, ਇੱਛਾ ਤੋਂ ਦੂਰ ਰਹਿ ਕੇ ਸਹੀ ਕਮਾਈ ਦਾ ਰਸਤਾ ਅਪਨਾਉਣਾ ਚਾਹੀਦਾ ਹੈ। ਸੰਖੇਪ 'ਚ, ਨਿੱਜੀ ਸੰਪੱਤੀ ਦੇ ਕੰਟਰੋਲ ਬਾਰੇ ਬੁੱਧ ਨੇ ਕਾਨੂੰਨ ਦਾ ਨਹੀਂ ਸਗੋਂ ਨੈਤਿਕਤਾ, ਪ੍ਰੇਮ ਅਤੇ ਸਦਾਚਾਰ ਦਾ ਸਹਾਰਾ ਲਿਆ। ਮਨੁੱਖ ਸਦਾਚਾਰ ਤੇ ਚੱਲ ਕੇ ਆਪਣਾ ਜੀਵਨ ਵੀ ਸੁੱਖੀ ਬਣਾ ਸਕਦਾ ਹੈ ਅਤੇ ਸਮਾਜ ਨੂੰ ਵੀ ਸੁੱਖੀ ਬਣਾ ਸਕਦਾ ਹੈ।

ਬੁੱਧ ਕਹਿੰਦੇ, ਮਨੁੱਖੀ ਜੀਵਨ ਦੋ ਅਤਿ ਦੇ ਮਾਰਗਾਂ ਤੇ ਚੱਲਦਾ ਹੈ। ਇੱਕ ਅਤਿ ਨੇ ਮਨੁੱਖ ਨੂੰ ਪਦਾਰਥਾ ਦੇ ਪੈਰੋਕਾਰ ਬਣਾ ਦਿੱਤਾ ਹੈ ਅਤੇ ਦੂਜੇ ਅਤਿ ਨੇ ਮਨੁੱਖ ਨੂੰ ਅਧਿਆਤਮ ਦੇ ਪੈਰੋਕਾਰ ਬਣਾ ਦਿੱਤਾ ਹੈ। ਪਦਾਰਥਵਾਦੀ ਅਧਿਆਤਮ ਨੂੰ ਅਤੇ ਅਧਿਆਤਮਵਾਦੀ ਪਦਾਰਥ ਨੂੰ ਨਕਾਰਦੇ ਆ ਰਹੇ ਹਨ। ਦੋਹਾਂ ਨੇ ਦੋ ਵਿਰੋਧੀ ਕਿਨਾਰਿਆਂ ਨੂੰ ਸ਼ਕਲ ਦਿੱਤੀ ਹੋਈ ਹੈ। ਸਿੱਟੇ ਵਜੋਂ ਦੋ ਅਜਿਹੇ ਸਮਾਜ ਵਿਕਸਿਤ ਹੋ ਰਹੇ ਹਨ, ਜਿਨ੍ਹਾਂ ਵਿੱਚੋ ਇੱਕ ਵਿੱਚ ਮਨੁੱਖ ਨੂੰ ਹਮੇਸ਼ਾਂ ਪਦਾਰਥ ਤੱਕ ਹੀ ਸੀਮਿਤ ਰੱਖਣ ਦੀ ਕੋਸ਼ਿਸ਼ ਚੱਲ ਰਹੀ ਹੈ ਦੂਜੇ ਵਿੱਚ ਅਧਿਆਤਮ ਤੱਕ ਹੀ। ਦੋਵੇਂ ਦਵੈਤ ਤੇ ਖੜੇ ਹਨ, ਇਸ ਸਟੇਟਸ ਕੋ (ਖਲੋਤ) ਦੀ ਸਥਿਤੀ ਨੂੰ ਬਰਕਰਾਰ ਰੱਖਣਾ ਚਾਹੁੰਦੇ ਹਨ। ਇਸ ਕਾਰਣ ਹੀ ਇੱਕ ਸ਼ਾਂਤ ਅਤੇ ਸੁਖੀ ਸਮਾਜ ਵਜੋਂ ਤਰੱਕੀ ਰੁੱਕੀ ਹੋਈ ਹੈ।

ਇਹ ਦੋਵੇਂ ਅਤਿ ਜੋ ਵਿਰੋਧੀ ਦਿਖਾਈ ਦੇ ਰਹੇ ਹਨ, ਅਸਲ ਵਿੱਚ ਵਿਰੋਧੀ ਨਹੀਂ ਸਗੋਂ ਇੱਕ ਦੂਜੇ ਦੇ ਸਹਿਯੋਗੀ ਹਨ। ਜੇਕਰ ਪਦਾਰਥਵਾਦੀ, ਅਧਿਆਤਮ ਦੀ ਚੰਗਿਆਈ ਨੂੰ ਅਤੇ ਅਧਿਆਤਮਵਾਦੀ, ਪਦਾਰਥ ਦੀ ਚੰਗਿਆਈ ਨੂੰ ਅਪਣਾ ਲੈਣ ਜਾਂ ਆਪਸ ਵਿੱਚ ਸੁਮੇਲ ਮਾਰਗ ਵੱਲ ਵਧਣ ਤਾਂ ਕਮਾਲ ਦੀ ਤਰੱਕੀ ਰਾਹੀਂ ਇੱਕ ਅਜਿਹਾ ਸਮਾਜ ਸਥਾਪਿਤ ਹੋਵੇਗਾ ਜਿਸ ਵਿੱਚ ਮਨੁੱਖ ਗੁਲਾਮੀ ਦੀਆਂ ਜੰਜੀਰਾਂ ਤੋਂ ਆਜ਼ਾਦ ਹੋਵੇਗਾ। ਇਨ੍ਹਾਂ ਦੋ ਅੱਤਾਂ ਦੇ ਮੇਲ ਨੂੰ ਹੀ ਬੁੱਧ "ਸੁਮੇਲ ਮਾਰਗ'' ਜਾਂ "ਮਧਿਅਮ ਮਾਰਗ'' (ਵਿਚਲਾ ਰਾਹ) ਕਹਿੰਦੇ ਹਨ।

ਬੁੱਧ ਦਾ "ਮਧਿਅਮ ਮਾਰਗ'' ਕੋਈ ਈਸ਼ਵਰ ਅਤੇ ਮਨੁੱਖ ਦੇ ਵਿੱਚ ਕਿਸੇ ਪ੍ਰਕਾਰ ਦਾ ਸਬੰਧ ਸਧਾਪਿਤ ਕਰਨਾ ਨਹੀਂ ਸੀ, ਸਗੋਂ ਉਨ੍ਹਾਂ ਦਾ ਸਪਸ਼ਟ ਅਤੇ ਵਿਸ਼ੇਸ਼ ਟੀਚਾ ਮਨੁੱਖ-ਮਨੁੱਖ ਦੇ ਵਿੱਚ ਅਜਿਹੇ ਸਬੰਧਾਂ ਨੂੰ ਉਤਸ਼ਾਹ ਦੇਣਾ ਸੀ ਜਿਸ ਨਾਲ ਦੁੱਖ ਅਤੇ ਸ਼ੋਸ਼ਣ ਦਾ ਪੂਰਨ ਅੰਤ ਹੋ ਸਕੇ। ਬੁੱਧ ਨੇ ਆਪ ਆਪਣੇ ਜੀਵਨ ਦਾ ਬਹੁਤਾ ਹਿੱਸਾ ਦੁੱਖੀ ਅਤੇ ਗਰੀਬਾਂ ਦੀ ਸੇਵਾ ਵਿੱਚ ਬਿਤਾਇਆ।

ਮਾਨਵ ਸੁਭਾਅ ਪ੍ਰਤੀ ਸੱਚਾਈ ਪ੍ਰਗਟ ਕਰਦੇ ਹੋਏ ਬੁੱਧ ਨੇ ਜਾਤ-ਮਜ਼ਹਬ ਦੇ ਸਾਰੇ ਬੰਧਨਾ ਨੂੰ ਤੋੜ ਕੇ ਸਭ ਲੋਕਾਂ ਨੂੰ ਬਰਾਬਰੀ ਦਾ ਸੁਨੇਹਾ ਦਿੱਤਾ।

## ਰੁੱਖ ਲਗਾਉ ਜ਼ਿੰਦਗੀ ਬਚਾਉ

ਅੱਜਕਲ੍ਹ ਮਨੁੱਖ ਲਾਲਚ ਵੱਸ ਪੈ ਕੇ ਰੁੱਖਾਂ ਨੂੰ ਕੱਟਦਾ ਪਿਆ ਹੈ । ਰੁੱਖ ਸਾਨੂੰ ਠੰਡੜੀ ਛਾ ਦਿੰਦੇ ਹਨ। ਇਸ ਨਾਲ ਸਾਨੂੰ ਆਕਸੀਜਨ ਮਿਲ਼ਦੀ ਹੈ । ਜੋ ਸਾਨੂੰ ਜਿਉਂਦੇ ਰੱਖਦੀ ਹੈ। ਦਰੱਖਤਾਂ ਤੋਂ ਜੜੀ ਬੂਟੀਆਂ ਮਿਲਦੀਆਂ ਹਨ । ਜਿਸ ਦੀ ਵਰਤੋਂ ਅਸੀਂ ਆਪਣੀ ਜ਼ਿੰਦਗੀ ਵਿੱਚ ਸਿਹਤ ਨੂੰ ਠੀਕ ਰੱਖਣ ਲਈ ਵਰਤਦੇ ਹਾਂ। ਰੁੱਖ ਸਾਨੂੰ ਫੁੱਲ ਵੀ ਦਿੰਦੇ ਹਨ। ਜਿਸ ਨੂੰ ਅਸੀਂ ਘਰ ਦੀ ਸਾਜ - ਸਜਾਵਟ ਲਈ ਵਰਤਦੇ ਹਾਂ । ਤੇ ਪੂਜਾ ਕਰਨ ਲਈ ਮੰਦਰਾਂ ਵਿੱਚ ਵੀ ਚੜ੍ਹਾਉਂਦੇ ਹਾਂ। ਰੁੱਖਾਂ ਤੋਂ ਸਾਨੂੰ ਫਲ ਵੀ ਪ੍ਰਾਪਤ ਹੁੰਦੇ ਹਨ। ਜਿਸ ਨਾਲ ਸਾਡੀ ਸਰੀਰਕ ਤੰਦਰੁਸਤੀ ਨੂੰ ਬਣਾਈ ਰੱਖਣ ਲਈ ਸਹਾਇਕ ਹੁੰਦੇ ਹਨ। ਰੁੱਖ ਭੂ। ਖੋਰ , ਹਵਾ ਤੇ ਕੁਦਰਤੀ ਆਫ਼ਤਾਂ ਤੋਂ ਵੀ ਸਾਨੂੰ ਬਚਾਉਂਦਾ ਹੈ। ਰੁੱਖ ਸਾਡੇ ਵਾਤਾਵਰਣ ਨੂੰ ਸਾਫ ਸੁਥਰਾ ਬਣਾਈ ਰੱਖਣ ਵਿਚ ਵੀ ਸਹਾਇਕ ਹੁੰਦੇ ਹਨ। ਸਾਨੂੰ ਲਾਲਚ ਵੱਸ ਪੈਅ ਕੇ ਇਹਨਾਂ ਨੂੰ ਕੱਟਣਾ ਨਹੀਂ ਚਾਹੀਂਦਾ । ਸਗੋਂ ਆਉਣ ਵਾਲੀ ਵੀ ਇਹਨਾਂ ਦੀ ਠੰਢੜੀ ਛਾਂ ਲੈ ਸਕਣ । ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ। ਜੇਕਰ ਆਪਾਂ ਇੱਕ ਰੁੱਖ ਕੱਟਦੇ ਹਾਂ ਤਾਂ ਉਸਦੇ ਬਦਲੇ ਚਾਰ ਰੁੱਖ ਲਗਾਉਣੇ ਚਾਹੀਦੇ ਹਨ। ਆਉ ਸਭ ਰਲ ਕੇ ਹੀ ਰੁੱਖ ਲਗਾਉ ਰੁੱਖ ਬਚਾਉ ।

- ਗਗਨਪ੍ਰੀਤ ਸੱਪਲ ਸੰਗਰੂਰ ਪਿੰਡ ਘਾਬਦਾਂ
91-62801-57535





# ਓਲੰਪੀਅਨ ਪ੍ਰਿਥੀਪਾਲ ਹਾਕੀ ਫੈਸਟੀਵਲ ਜਰਖੜ ਸਟੇਡੀਅਮ ਵਿਖੇ ਧੂਮ-ਧੜੱਕੇ ਨਾਲ ਸ਼ੁਰੂ ਸੀਨੀਅਰ ਵਰਗ 'ਚ ਰਾਮਪੁਰ ਕਲੱਬ, ਘਵੱਦੀ ਅਤੇ ਜੂਨੀਅਰ ਵਰਗ 'ਚ ਜਰਖੜ ਅਕੈਡਮੀ ਨੇ ਕੀਤੀ ਜੇਤੂ ਸ਼ੁਰੂਆਤ






**ਲੁਧਿਆਣਾ-** ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਜਰਖੜ ਵਲੋਂ ਜਰਖੜ ਖੇਡਾਂ ਦੀ ਕੜੀ ਦਾ ਹਿੱਸਾ ਸਮਰ ਹਾਕੀ ਲੀਗ 13ਵਾਂ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਅੱਜ ਜਰਖੜ ਖੇਡ ਸਟੇਡੀਅਮ ਵਿਖੇ ਧੂਮ-ਧੜੱਕੇ ਨਾਲ ਸ਼ੁਰੂ ਹੋਇਆ। ਇਹ ਟੂਰਨਾਮੈਂਟ 28 ਮਈ ਤੱਕ ਚੱਲੇਗਾ।

ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਬਲ ਵਿੱਚ ਇਸ ਵਾਰ 20 ਟੀਮਾਂ ਹਿੱਸਾ ਲੈ ਰਹੀਆਂ ਹਨ। ਜਿਸ ਵਿਚ 12 ਟੀਮਾਂ ਜੂਨੀਅਰ ਵਰਗ ਵਿਚ ਅਤੇ 8 ਟੀਮਾਂ ਸੀਨੀਅਰ ਵਰਗ ਵਿੱਚ ਖੇਡਣਗੀਆ। ਅੱਜ ਇਸ ਫੈਸਟੀਵਲ ਦਾ ਉਦਘਾਟਨ ਹਲਕਾ ਵਿਧਾਇਕ ਜੀਵਨ ਸਿੰਘ ਸੰਗੋਵਾਲ ਦੀ ਤਰਫੋ ਰਾਜਸੀ ਸਕੱਤਰ ਜਸਵਿੰਦਰ ਸਿੰਘ ਜੱਸੀ, ਬੇਟਾ ਦੇਵਿੰਦਰ ਪਾਲ ਸਿੰਘ ਲਾਡੀ ਨੇ ਕੀਤਾ।

ਉਨ੍ਹਾਂ ਨੇ ਰਿਬਨ ਕਟਕੇ, ਗੁਬਾਰੇ ਉਡਾਉਣ ਦੀ ਰਸ਼ਮ ਨਾਲ ਟੂਰਨਾਮੈਂਟ ਦੀ ਸ਼ੁਰੂਆਤ ਕਰਦਿਆ ਉਦਘਾਟਨੀ ਮੈਚ ਦੀਆਂ ਟੀਮਾਂ ਨਾਲ ਜਾਣ ਪਹਿਚਾਣ ਕੀਤੀ। ਇਸ ਮੌਕੇ ਪ੍ਰਾਇਮਰੀ ਸਕੂਲ ਜਰਖੜ ਦੇ ਬੱਚਿਆਂ ਨੇ " ਚਕਦੇ ਇੰਡੀਆ" ਜਰਖੜ ਖੇਡਾਂ ਦੀ ਸਰਦਾਰੀ " ਗੀਤ ਤੇ ਕੋਰੀਓ ਗਰਾਫੀ ਕਰਕੇ ਦਰਸ਼ਕਾਂ ਦਾ ਮਨ ਮੋਹਿਆ। ਇਸ ਮੌਕੇ ਪ੍ਰਾਇਮਰੀ ਸਕੂਲ ਦੇ ਵਿਦਿਆਰਥੀਆਂ ਅਤੇ ਮੁੱਖ ਅਧਿਆਪਕ ਸੁਰਿੰਦਰ ਕੌਰ ਅਤੇ ਸਮੂਹ ਸਟਾਫ ਦਾ ਵਿਸੇਸ਼ ਸਨਮਾਨ ਕੀਤਾ ਗਿਆ।

ਇਸ ਮੌਕੇ ਜਰਖੜ ਖੇਡ ਟਰੱਸਟ ਦੇ ਹਰਦੀਪ ਸਿੰਘ ਸੈਣੀ ਰੇਲਵੇ, ਡਾਕਟਰ ਸਤੀਸ਼ ਮਲਹੋਤਰਾ ਅੰਮ੍ਰਿਤਸਰ, ਪ੍ਰਧਾਨ ਐਡਵੋਕੇਟ ਹਰਕਮਲ ਸਿੰਘ, ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਪ੍ਰੋ ਰਜਿੰਦਰ ਸਿੰਘ ਖਾਲਸਾ ਕਾਲਜ, ਪਰਮਜੀਤ ਸਿੰਘ ਨੀਟੂ, ਤੇਜਿੰਦਰ ਸਿੰਘ ਜਰਖੜ, ਸ਼ੇਰ ਸਿੰਘ ਅਮਨ ਸਵੀਟ, ਅਜੀਤ ਸਿੰਘ ਲਾਦੀਆਂ, ਸ਼ਿੰਗਾਰਾ ਸਿੰਘ ਜਰਖੜ, ਰਵੀ ਝਮੱਟ, ਸੋਨੂੰ ਗਿੱਲ, ਸਾਬੀ ਜਰਖੜ, ਹਰਮੇਲ ਸਿੰਘ ਕਾਲ਼ਾ, ਮਨਜਿੰਦਰ ਸਿੰਘ ਇਯਾਲੀ, ਅਮਨਦੀਪ ਸਿੰਘ ,ਬਿੱਲੂ ਝਾਂਡੇ, ਬਾਬਾ ਰੁਲਦਾ ਸਿੰਘ, ਗੁਰਸਤਿਦਰ ਸਿੰਘ ਪਰਗਟ, ਕੁਲਦੀਪ ਸਿੰਘ ਘਵੱਦੀ, ਸੰਦੀਪ ਸਿੰਘ ਪੰਧੇਰ, ਸੋਨੂੰ ਜਰਖੜ, ਮਨਦੀਪ ਸਿੰਘ ਜਰਖੜ, ਲਾਲਜੀਤ ਸਿੰਘ ਦਾਦ, ਕਰਮਜੀਤ ਸਿੰਘ ਮਲਕਪੁਰ, ਆਦਿ ਹੋਰ ਪ੍ਰਬੰਧਕ ਹਾਜ਼ਰ ਸਨ।

ਅੱਜ ਖੇਡੇ ਗਏ ਮੈਚਾਂ ਵਿੱਚ ਜੂਨੀਅਰ ਵਰਗ ਵਿੱਚ ਐਚ, ਟੀ ਸੀ ਸੈਂਟਰ ਰਾਮਪੁਰ ਨੇ ਏ ਬੀ ਸੀ ਅਕੈਡਮੀ ਭਵਾਨੀਗੜ੍ਹ ਨੂੰ 4-2 ਗੋਲਾ ਨਾਲ, ਜਰਖੜ ਅਕੈਡਮੀ ਨੇ ਹੇਰਾਂ ਅਕੈਡਮੀ ਨੂੰ 5-1 ਨਾਲ, ਸੀਨੀਅਰ ਵਰਗ ਵਿੱਚ ਨੀਟਾ ਕਲੱਬ ਰਾਮਪੁਰ ਨੇ ਯੰਗ ਕਲੱਬ ਉਟਾਲਾ ਨੂੰ 3-2 ਨਾਲ, ਗਿੱਲ ਕਲੱਬ ਘਵੱਦੀ ਨੇ ਕਿਲ੍ਹਾ ਰਾਇਪੁਰ ਨੂੰ 5-4 ਗੋਲਾਂ ਨਾਲ ਹਰਾਕੇ ਅਗਲੇ ਗੇੜ ਵਿੱਚ ਪ੍ਰਵੇਸ਼ ਪਾਇਆ।

ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ ਅਗਲੇ ਗੇੜ ਦੇ ਮੈਚ 13,14 ਮਈ ਅਤੇ ਫੇਰ 20,21 ਮਈ ਨੂੰ ਲੀਗ ਦੌਰ ਦੇ ਮੈਚ ਹੋਣਗੇ । 25 ਅਤੇ 26 ਮਈ ਨੂੰ ਕੁਆਟਰ ਫਾਈਨਲ ਮੁਕਾਬਲੇ, 27 ਮਈ ਨੂੰ ਸੇਮੀਫ਼ਾਈਨਲ ਮੁਕਾਬਲੇ,28 ਮਈ ਨੂੰ ਦੋਹਾਂ ਵਰਗਾਂ ਦੇ ਫਾਈਨਲ ਹੋਣਗੇ। ਮੈਚਾਂ ਦਾ ਸਮਾਂ ਸ਼ਾਮ 5 ਤੋਂ ਰਾਤ 9 ਵਜੇ ਤੱਕ ਹੋਵੇਗਾ

13 ਮਈ ਜਰਖੜ ਅਕੈਡਮੀ ਬਨਾਮ ਏਕ ਨੂਰ ਅਕੈਡਮੀ,6 ਵਜੇ, ਗਿੱਲ ਕਲੱਬ ਘਵੱਦੀ ਬਨਾਮ ਫਰੈਡਜ਼ ਕਲੱਬ ਰੂਮੀ ਸ਼ਾਮ 7 ਵਜੇ।

14 ਮਈ ਯੰਗ ਕਲੱਬ ਉਟਾਲਾ ਬਨਾਮ ਏਕ ਨੂਰ ਅਕੈਡਮੀ ਸ਼ਾਮ 6 ਵਜੇ, ਕਿਲ੍ਹਾ ਰਾਇਪੁਰ ਬਨਾਮ ਡੀ ਕੇ ਸੀ ਮੋਗਾ ਵਿੱਚਕਾਰ 7 ਵਜੇ ਸ਼ਾਮ।

***

# 13ਵਾਂ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਦਾ ਦੂਸਰਾ ਦਿਨ

## ਸੀਨੀਅਰ ਵਰਗ ਵਿਚ ਫਰੈਡਜ਼ ਕਲੱਬ ਰੂਮੀ, ਜਰਖੜ ਅਕੈਡਮੀ ਅਤੇ ਜੂਨੀਅਰ ਵਰਗ ਵਿੱਚ ਗੁਰੂ ਤੇਗ ਬਹਾਦਰ ਅਕੈਡਮੀ ਚਚਰਾਰੀ ਅਤੇ ਘਵੱਦੀ ਸਕੂਲ ਰਹੇ ਜੇਤੂ






**ਲੁਧਿਆਣਾ-** ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਜਰਖੜ ਵੱਲੋਂ ਕਰਵਾਏ ਜਾ ਰਹੇ ਓਲੰਪੀਅਨ 13ਵਾਂ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ ਦੂਜੇ ਦਿਨ ਸੀਨੀਅਰ ਵਰਗ ਵਿੱਚ ਫਰੈਡਜ਼ ਕਲੱਬ ਰੂਮੀ, ਜਰਖੜ ਅਕੈਡਮੀ ਜੂਨੀਅਰ ਵਰਗ ਵਿੱਚ ਗੁਰੂ ਤੇਗ ਬਹਾਦਰ ਅਕੈਡਮੀ ਚਚਰਾਰੀ ਅਤੇ ਘਵੱਦੀ ਸਕੂਲ ਨੇ ਆਪਣਾ ਜੇਤੂ ਖਾਤਾ ਖੋਲਿਆ।

ਸੀਨੀਅਰ ਵਰਗ ਚ ਫਰੈਡਜ਼ ਕਲੱਬ ਰੂਮੀ ਨੇ ਡਾ ਕੁਲਦੀਪ ਸਿੰਘ ਕਲੱਬ ਮੋਗਾ ਨੂੰ 8-5 ਗੋਲਾ ਨਾਲ ਹਰਾਇਆ। ਜਰਖੜ ਅਕੈਡਮੀ ਨੇ ਏਕ ਨੂਰ ਅਕੈਡਮੀ ਤੇਂਗ ਨੂੰ 5-3 ਗੋਲਾ ਨਾਲ ਹਰਾਇਆ। ਜਰਖੜ ਅਕੈਡਮੀ ਦਾ ਲਵਜੀਤ ਸਿੰਘ ਰੂਮੀ ਕਲੱਬ ਦਾ ਅਰਸ਼ਪ੍ਰੀਤ ਸਿੰਘ ਮੈਨ ਆਫ਼ ਦੀ ਮੈਚ ਬਣੇ । ਜੂਨੀਅਰ ਵਰਗ ਵਿੱਚ ਗੁਰੂ ਤੇਗ ਬਹਾਦਰ ਅਕੈਡਮੀ ਨੇ ਕਿਲ੍ਹਾ ਰਾਇਪੁਰ ਨੂੰ 3-0 ਨਾਲ, ਘਵੱਦੀ ਸਕੂਲ ਨੇ ਬੂਹੀ ਅਕੈਡਮੀ ਨੂੰ 1-1 ਦੀ ਬਰਾਬਰੀ ਤੋਂ ਬਾਅਦ ਪਨੈਲਟੀ ਸ਼ੂਟ ਵਿੱਚ 5-4 ਨਾਲ ਹਰਾਇਆ। ਅਰਸਪ੍ਰੀਤ ਸਿੰਘ ਅਤੇ ਹਰਮਨ ਪ੍ਰੀਤ ਕੌਰ ਨੇ ਮੈਨ ਆਫ ਦਾ ਮੈਚ ਬਣੇ।

ਅੱਜ ਦੇ ਮੈਚਾਂ ਦੌਰਾਨ ਕਾਰ ਸੇਵਾ ਵਾਲੇ ਬਾਬਾ ਜੀ ਬਾਬਾ ਭਿੰਦਾ ਜੀ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸੁਖਵਿੰਦਰ ਸਿੰਘ ਸ਼ਿੰਦਾ ਲਹਿਰਾ, ਬਿੱਕਰ ਸਿੰਘ ਨੱਤ, ਪਹਿ-ਲਵਾਨ ਹਰਮੇਲ ਸਿੰਘ ਨੇ ਮੁੱਖ ਮਹਿਮਾਨ ਵਜੋਂ ਟੀਮਾਂ ਦੇ ਨਾਲ ਜਾਣ-ਪਹਿਚਾਣ ਕੀਤੀ।

ਬਾਬਾ ਭਿੰਦਾ ਜੀ ਨੇ ਜਰਖੜ ਅਕੈਡਮੀ ਦੇ ਬੱਚਿਆਂ ਲਈ ਏ ਸੀ ਦੀ ਸੇਵਾ ਅਤੇ ਸਟੇਡੀਅਮ ਲਈ 51 ਥੇਲੇ ਸੀਮਿੰਟ ਦੇਣ ਦਾ ਐਲਾਨ ਕੀਤਾ ।ਜਗਰੂਪ ਸਿੰਘ ਜਰਖੜ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ ।ਇਸ ਮੌਕੇ ਤਜਿੰਦਰ ਸਿੰਘ ਜਰਖੜ, ਸੰਦੀਪ ਸਿੰਘ ਪੰਧੇਰ , ਸਾਹਿਬਜੀਤ ਸਿੰਘ ਜਰਖੜ , ਮਨਜਿੰਦਰ ਸਿੰਘ ਅਯਾਲੀ ਗੁਰ ਸਤਿੰਦਰ ਸਿੰਘ ਪਰਗਟ ,ਕੁਲਦੀਪ ਸਿੰਘ ਘਵੱਦੀ, ਬਾਬਾ ਰੁਲਦਾ ਸਿੰਘ, ਮਨਜੀਤ ਸਿੰਘ ਡੰਗੋਰਾ, ਗੁਰਵਿੰਦਰ ਸਿੰਘ ਕਿਲ੍ਹਾ ਰਾਏਪੁਰ, ਬੁਹਤ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜਰ ਸਨ। ਹੁਣ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ ਅਗਲੇ ਗੇੜ ਦੇ ਮੁਕਾਬਲੇ 13 ਮਈ ਨੂੰ ਖੇਡੇ ਜਾਣਗੇ।

# ਸੈਲਾ ਖੁਰਦ ਵਿਖੇ ਦਰਪਣ ਸਾਹਿਬ ਸਭਾ ਦੀ ਹੋਈ ਮਹੀਨਾਵਾਰ ਮੀਟਿੰਗ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਦਰਪਣ ਸਾਹਿਤ ਸਭਾ ਸੈਲਾ ਖੁਰਦ ਦੀ ਮਹੀਨਾਵਾਰ ਬੈਠਕ ਜਨਾਬ ਰੇਸ਼ਮ ਚਿੱਤਰਕਾਰ ਦੀ ਪ੍ਰਧਾਨਗੀ ਹੇਠ ਸੈਲਾ ਖੁਰਦ ਵਿਖੇ ਹੋਈ। ਇਹ ਬੈਠਕ ਪੰਜਾਬੀ ਦੇ ਪ੍ਰਸਿੱਧ ਕਵੀ ਸ਼ਿਵ ਕੁਮਾਰ ਬਟਾਲਵੀ ਦੀ 50ਵੀਂ ਬਰਸੀ ਨੂੰ ਸਪਰਪਿਤ ਕੀਤੀ ਗਈ । ਸ਼ਿਵ ਕੁਮਾਰ ਵੱਲੋਂ ਪੰਜਾਬੀ ਕਵਿਤਾ ਤੇ ਸਾਹਿਤ ਵਿਚ ਪਾਏ ਯੋਗਦਾਨ ਤੇ ਚਰਚਾ ਕਰਦਿਆਂ ਹਾਜ਼ਰ ਸਾਹਿਤਕਾਰਾਂ ਵਲੋਂ ਸ਼ਿਵ ਕੁਮਾਰ ਨੂੰ ਭਰਪੂਰ ਸ਼ਰਧਾਂਜਲੀਆਂ ਭੇਂਟ ਕੀਤੀਆਂ। ਰਚਨਾਵਾਂ ਦੇ ਦੌਰ ਦੀ ਸ਼ੁਰੂਆਤ ਕਹਾਣੀਕਾਰ ਸੋਹਣ ਸਿੰਘ ਸੂੰਨੀ ਵਲੋਂ ਕਹਾਣੀ ਦੁਸਹਿਰਾ ਸੁਣਾ ਕੇ ਕੀਤੀ ਗਈ ਜੋ ਕਿ ਮੱਥਿਆ ਵਿੱਚ ਕਈ ਪ੍ਰਸ਼ਨ ਚਿੰਨ੍ਹ ਛੱਡ ਗਈ। ਨੌਜਵਾਨ ਕਵੀ ਤਰਨਜੀਤ ਵਲੋਂ ਸ਼ਿਵ ਕੁਮਾਰ ਦੀ ਯਾਦ ਨੂੰ ਸਮਪਰਿਤ ਭਾਵੁਕ ਕਵਿਤਾ ਪੇਸ਼ ਕੀਤੀ ਗਈ। ਕਵੀ ਰਣਜੀਤ ਪੋਸੀ ਵਲੋਂ ਵੀ ਅਜੋਕੇ ਸਿਸਟਮ



ਤੇ ਚੋਟ ਕਰਦੀਆਂ ਭਾਵਪੂਰਣ ਨਜ਼ਮਾਂ ਤੇ ਗ਼ਜ਼ਲਾਂ ਸੁਣਾਈਆਂ। ਗਾਇਕ ਤੇ ਕਵੀ ਮਨਜੀਤ ਅਰਮਾਨ ਨੇ ਇਨਕਲਾਬੀ ਗੀਤ ਸੁਣਾ ਕੇ ਦਿਲਾਂ ਨੂੰ ਚੰਗਾ ਹਲੂਣਾ ਦਿੱਤਾ ਲ ਸ਼ਾਇਰ ਸ਼ਾਮ ਸੁੰਦਰ ਵਲੋਂ ਅਪਣੇ ਹੀ ਅੰਦਾਜ਼ ਵਿਚ ਗ਼ਜ਼ਲ ਪੇਸ਼ ਕੀਤੀ। ਗ਼ਜ਼ਲਗੋ ਜਨਾਬ ਬਹਾਦਰ ਕੰਵਲ ਵੱਲੋਂ ਰੂਹ ਨੂੰ ਟੁੰਬਦੀਆਂ ਗ਼ਜ਼ਲਾਂ ਸੁਣਾਈਆਂ। ਅੰਤ ਵਿਚ ਜਨਾਬ ਰੇਸ਼ਮ ਚਿੱਤਰਕਾਰ ਵਲੋਂ ਅਪਣਾ ਪੁਖ਼ਤਾ ਕਲਾਮ ਪੇਸ਼ ਕਰਕੇ ਖ਼ੂਬ ਰੰਗ ਬੰਨਿਆਂ। ਇਸ ਮੌਕੇ ਹਾਜ਼ਰ ਸਾਹਿਤਕਾਰਾਂ ਵਲੋਂ ਮਤਾ ਪਾਸ ਕਰਕੇ ਦਿੱਲੀ ਵਿਖੇ ਚੱਲ ਰਹੇ ਔਰਤ ਪਹਿਲਵਾਨਾਂ ਦੇ ਅੰਦੋਲਨ ਦਾ ਪੂਰਣ ਸਮਰਥਨ ਕੀਤਾ ਗਿਆ ਤੇ ਸਰਕਾਰ ਤੋਂ ਮੰਗ ਕੀਤੀ ਗਈ ਕਿ ਪੀੜਿਤ ਔਰਤ ਪਹਿਲਵਾਨਾਂ ਨੂੰ ਤੁਰੰਤ ਨਿਆਂ ਦਿੱਤਾ ਜਾਵੇ।

# ਸੰਸਕਾਰ ਵੈਲੀ ਸਮਾਰਟ ਸਕੂਲ ਦੇ ਬੱਚਿਆਂ ਨੇ ਡਾਕਖ਼ਾਨੇ ਦੇ ਦੌਰੇ ਦੌਰਾਨ ਡਾਕਖ਼ਾਨੇ ਦੇ ਕੰਮਕਾਜ ਬਾਰੇ ਹਾਸਲ ਕੀਤੀ ਜਾਣਕਾਰੀ

**ਭਵਾਨੀਗੜ੍ਹ, (ਦਲਜੀਤ ਕੌਰ)–** ਦਹਾਕਿਆਂ ਤੋਂ ਡਾਕ ਵਿਭਾਗ ਦੇਸ਼ ਵਿੱਚ ਹੀ ਨਹੀਂ ਸਗੋਂ ਇੱਕ ਦੇਸ਼ ਤੋਂ ਦੂਜੇ ਦੇਸ਼ ਤੱਕ ਜਾਣਕਾਰੀ ਪਹੁੰਚਾਉਣ ਦਾ ਸਭ ਤੋਂ ਭਰੋਸੇਮੰਦ, ਸੁਵਿਧਾਜਨਕ ਅਤੇ ਸਸਤਾ ਸਾਧਨ ਰਿਹਾ ਹੈ।ਸੰਸਕਾਰ ਵੈਲੀ ਸਮਾਰਟ ਸਕੂਲ, ਭਵਾਨੀਗੜ੍ਹ ਦੇ ਬੱਚਿਆਂ ਨੇ ਸਕੂਲ ਦੇ ਅਧਿਆਪਕਾ ਸ਼੍ਰੀਮਤੀ ਪ੍ਰਾਂਜਲੀ ਵਾਲੀਆ, ਸ਼੍ਰੀਮਾਨ ਕਿਸ਼ੋਰ ਅਤੇ ਸ਼੍ਰੀਮਤੀ ਭਾਵਨਾ ਦੇ ਨਿਰਦੇਸ਼ਨ ਹੇਠ ਪਟਿਆਲਾ ਸ਼ਹਿਰ ਦੇ ਮੁੱਖ ਡਾਕਖ਼ਾਨੇ ਵਿੱਚ ਪਹੁੰਚ ਕੇ ਡਾਕਖ਼ਾਨੇ ਦੇ ਕੰਮਕਾਜ ਬਾਰੇ ਜਾਣਕਾਰੀ ਹਾਸਲ ਕੀਤੀ ਜਿੱਥੇ ਪੋਸਟ ਮਾਸਟਰ ਨੇ ਡਾਕਖ਼ਾਨੇ ਦੇ ਕੰਮਕਾਜ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦੇ ਹੋਏ ਬੱਚਿਆਂ ਨੂੰ ਪੱਤਰ, ਪੋਸਟ ਕਾਰਡ, ਮਨੀ ਆਰਡਰ, ਰਜਿਸਟਰੀ, ਡਾਕ ਟਿਕਟਾਂ ਅਤੇ ਡਾਕਖ਼ਾਨੇ ਦੀਆਂ ਵੱਖ-ਵੱਖ ਸਕੀਮਾਂ ਅਤੇ ਡਾਕਖ਼ਾਨੇ ਦੇ ਕੰਮਕਾਜ ਬਾਰੇ ਜਾਣਕਾਰੀ ਦਿੱਤੀ।




ਆਪਣੇ ਇਸ ਦੌਰੇ ਦੌਰਾਨ ਬੱਚਿਆਂ ਨੇ ਸਿੱਖਿਆ ਕਿ ਕਿਸ ਤਰ੍ਹਾਂ ਵਿਗਿਆਨਕ ਢੰਗ ਅਤੇ ਤਕਨੀਕੀ ਮਦਦ ਨਾਲ ਡਾਕ ਨੂੰ ਇੱਕ ਥਾਂ ਤੋਂ ਦੂਜੀ ਥਾਂ ਭੇਜਣਾ ਅਤੇ ਪ੍ਰਾਪਤ ਕਰਨਾ ਅਸਾਨੀ ਨਾਲ ਕੀਤਾ ਜਾਂਦਾ ਹੈ। ਡਾਕ ਵਿਭਾਗ ਵੱਲੋਂ ਮੌਜੂਦਾ ਸਮੇਂ ਵਿੱਚ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਵੀ ਬੱਚਿਆਂ ਨੂੰ ਪੋਸਟ ਮਾਸਟਰ ਵੱਲੋਂ ਜਾਣੂ ਕਰਵਾਇਆ ਗਿਆ ਅਤੇ ਲੋਕ ਇਸ ਦਾ ਲਾਭ ਕਿਵੇਂ ਲੈ ਸਕਦੇ ਹਨ। ਬੱਚਿਆਂ ਦੇ ਡਾਕ ਵਿਭਾਗ ਬਾਰੇ ਜੋ ਵੀ ਸਵਾਲ ਸਨ, ਉਨ੍ਹਾਂ ਨੂੰ ਉੱਥੇ ਮੌਜੂਦ ਕਰਮਚਾਰੀਆਂ ਵੱਲੋਂ ਬਹੁਤ ਹੀ ਪਿਆਰ ਉੱਤਰ ਦਿੱਤੇ ਗਏ। ਇਸ ਮੌਕੇ ਮੁੱਖ ਅਧਿਆਪਕਾ ਅਮਨ ਨਿੱਝਰ ਨੇ ਦੱਸਿਆ ਕਿ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਵਿਹਾਰਕ ਗਿਆਨ ਵੀ ਹਾਸਲ ਕਰਨਾ ਚਾਹੀਦਾ ਹੈ, ਇਸ ਲਈ ਅਜਿਹੀਆਂ ਵਿੱਦਿਅਕ ਗਤੀਵਿਧੀਆਂ ਲਗਾਤਾਰ ਕਰਵਾਈਆਂ ਜਾਂਦੀਆਂ ਹਨ।

# ਵਿਦਿਆਰਥੀਆਂ ਨੇ ਧਰਤੀ ਹੇਠਲਾ ਪਾਣੀ ਬਚਾਉਣ ਦਾ ਅਹਿਦ ਲਿਆ





**ਭਵਾਨੀਗੜ੍ਹ, (ਦਲਜੀਤ ਕੌਰ)–** ਜਲ ਸਰੋਤ ਵਿਭਾਗ, ਪੰਜਾਬ ਵੱਲੋਂ ਸੀਬਾ ਇੰਟਰਨੈਸ਼ਨਲ ਸਕੂਲ, ਲਹਿਰਾਗਾਗਾ ਵਿਖੇ ਵਿਦਿਆਰਥੀਆਂ ਨੂੰ ਧਰਤੀ ਹੇਠਲੇ ਪਾਣੀ ਦੇ ਘਟਦੇ ਪੱਧਰ ਤੋਂ ਚੇਤੰਨ ਕਰਨ ਲਈ ਜਾਗਰੂਕਤਾ ਸੈਮੀਨਾਰ ਲਗਾਇਆ ਗਿਆ। ਇਸ ਦੌਰਾਨ ਵਿਭਾਗ ਦੇ ਐਸਡੀਓ ਗੁਰਜੀਤ ਸਿੰਘ ਅਤੇ ਜਿਲ੍ਹੇਦਾਰ ਅਵਤਾਰ ਸਿੰਘ ਵਿਸ਼ੇਸ਼ ਤੌਰ 'ਤੇ ਕਰੀਬ 54 ਪਿੰਡਾਂ ਦੇ 350 ਤੋਂ ਵੱਧ ਵਿਦਿਆਰਥੀਆਂ ਨੂੰ ਸੰਬੋਧਨ ਕਰਨ ਲਈ ਸ਼ਾਮਿਲ ਹੋਏ।

ਐੱਸਡੀਓ ਗੁਰਜੀਤ ਸਿੰਘ ਅਤੇ ਜਿਲ੍ਹੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਪਿਛਲੇ 6 ਦਹਾਕਿਆਂ ਤੋਂ ਨਹਿਰੀ ਪਾਣੀ ਨਾਲ ਖੇਤੀ ਸਿੰਜਾਈ ਵਾਲ਼ਾ ਰਕਬਾ 58.41 ਫੀਸਦੀ ਤੋਂ ਘਟਕੇ 28 ਫੀਸਦੀ ਰਹਿ ਗਿਆ ਹੈ, ਜਦੋਂਕਿ ਟਿਊਬਵੈੱਲ ਰਾਹੀਂ ਭੂ-ਜਲ 'ਤੇ ਨਿਰਭਰਤਾ 54 ਫੀਸਦੀ ਤੋਂ 92 ਫੀਸਦੀ ਤੱਕ ਵਧ ਗਈ ਹੈ। ਪੰਜਾਬ ਦੇ ਬਹੁਤ ਖੇਤਰਾਂ ਵਿੱਚ ਭੂ-ਜਲ ਦਾ ਪੱਧਰ 10 ਤੋਂ 20 ਮੀਟਰ ਤੱਕ ਡੂੰਘਾ ਹੋ ਗਿਆ ਹੈ। ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੇ ਅੰਕੜਿਆਂ ਅਨੁਸਾਰ 2039 ਤੱਕ ਪੰਜਾਬ ਦਾ ਪਾਣੀ 1000 ਫੁੱਟ ਡੂੰਘਾ ਚਲਾ ਜਾਵੇਗਾ। ਪੰਜਾਬ ਦੂਜੇ ਸੂਬਿਆਂ ਦੇ ਮੁਕਾਬਲੇ ਸਭ ਤੋਂ ਵੱਧ ਜ਼ਮੀਨੀ ਪਾਣੀ ਦੀ ਵਰਤੋਂ ਕਰਦਾ ਹੈ। 2019-20 ਦੇ ਅੰਕੜਿਆਂ ਅਨੁਸਾਰ ਪੰਜਾਬ ਵਿੱਚ 14.76 ਲੱਖ ਟਿਊਬਵੈੱਲ ਹਨ। ਜਿਸ ਕਰਕੇ ਪੰਜਾਬ ਦੇ 109 ਬਲਾਕ ਡਾਰਕ ਜ਼ੋਨ 'ਚ ਚਲੇ ਗਏ ਹਨ। ਪੰਜਾਬ ਪੰਜ ਦਰਿਆਵਾਂ ਦੀ ਧਰਤੀ ਤੋਂ ਬਣਿਆ ਹੈ। ਪਰ ਜੇਕਰ ਅਸੀਂ ਸਮੇਂ ਸਿਰ ਲੋੜੀਂਦੇ ਕਦਮ ਨਾ ਚੁੱਕੇ ਤਾਂ ਸਾਡਾ ਇਹ ਖੁਸ਼ਹਾਲ ਸੂਬਾ ਬੰਜਰ ਬਣਕੇ ਰਹਿ ਜਾਵੇਗਾ। ਇਸ ਕਰਕੇ ਕਿਸਾਨਾਂ ਨੂੰ ਨਹਿਰੀ ਪਾਣੀ ਦੀ ਵਰਤੋਂ ਕਰਦਿਆਂ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਦੇ ਯਤਨ ਕਰਨੇ ਚਾਹੀਦੇ ਹਨ।

ਉਹਨਾਂ ਨੇ ਕਿਹਾ ਕਿ ਜੇਕਰ ਅਸੀਂ ਹਾਲੇ ਵੀ ਫਿਕਰਮੰਦ ਨਾ ਹੋਏ, ਤਾਂ ਸਾਡੀਆਂ ਆਉਣ ਵਾਲ਼ੀਆਂ ਨਸਲਾਂ ਨੂੰ ਪਾਣੀ ਦੀ ਵੱਡੀ ਕਿੱਲਤ ਦਾ ਸਾਹਮਣਾ ਕਰਨਾ ਪਵੇਗਾ। ਵਿਕਾਸ ਦੀ ਅੰਨ੍ਹੀ ਦੌੜ ਅਤੇ ਮਨੁੱਖੀ ਦੁਰਵਰਤੋਂ ਨੇ ਪਾਣੀ ਦੇ ਸੰਕਟ ਨੂੰ ਸੰਸਾਰ ਪੱਧਰ ਤੇ ਡੂੰਘਾ ਕੀਤਾ ਹੈ। ਉਹਨਾਂ ਕਿਹਾ ਕਿ ਪੰਜਾਬ ਨੂੰ ਇਸ ਮੌਕੇ ਅਜਿਹੇ ਵਿਗਿਆਨੀਆਂ, ਵਾਤਾਵਰਨ ਪ੍ਰੇਮੀਆਂ ਦੀ ਲੋੜ ਹੈ, ਜਿਹੜੇ ਇਸ ਨੂੰ ਬਚਾ ਸਕਣ। ਇਸ ਸੰਬੰਧੀ ਆਮ ਲੋਕਾਂ ਵਿਚ ਵਿਗਿਆਨਿਕ ਚੇਤਨਾ ਲਈ ਸੰਭਵ ਯਤਨ ਕਰਨੇ ਪੈਣਗੇ। ਬੂੰਦ ਬੂੰਦ ਪਾਣੀ ਬਚਾਉਣਾ ਸਮੇਂ ਦੀ ਲੋੜ ਬਣ ਗਈ ਹੈ। ਹੁਣ 'ਪਾਣੀ ਬਚਾਓ ਪੰਜਾਬ ਬਚਾਓ' ਦਾ ਨਾਅਰਾ ਸੁੱਕ ਰਹੇ ਪੰਜਾਬ ਦੇ ਪਾਣੀਆਂ ਨੂੰ ਮੁੜ ਸੁਰਜੀਤ ਕਰਨ ਦੀ ਆਸ ਬਣ ਸਕਦਾ ਹੈ। ਉਹਨਾਂ ਨੇ ਵਿਦਿਆਰਥੀਆਂ ਅਤੇ ਹਾਜ਼ਰ ਕਿਸਾਨਾਂ ਨੂੰ ਘਰਾਂ 'ਚ ਪਾਣੀ ਦੀ ਬੱਚਤ ਸਬੰਧੀ ਬੋਲਦਿਆਂ ਕਿਹਾ ਕਿ ਕੂਲਰ, ਵਾਸ਼ਿੰਗ ਮਸ਼ੀਨ ਅਤੇ ਆਰ ਓ ਤੋਂ ਨਿਕਲਦਾ ਪਾਣੀ ਇਕੱਠਾ ਕਰਕੇ ਟਾਇਲਟ ਸਾਫ਼ ਕਰਨ, ਪਸ਼ੂਆਂ ਦੇ ਨਹਾਉਣ ਲਈ, ਫੁਲਵਾੜੀ ਲਈ ਅਤੇ ਫਰਸ਼ ਸਾਫ਼ ਕਰਨ ਲਈ ਵਰਤਿਆ ਜਾ ਸਕਦਾ ਹੈ, ਕਿਉਂਕਿ ਟਾਇਲਟ ਦੀ ਇੱਕ ਵਾਰ ਵਰਤੋਂ ਵੇਲੇ ਹੀ ਅਸੀਂ 10-12 ਲੀਟਰ ਪਾਣੀ ਬਰਬਾਦ ਕਰ ਦਿੰਦੇ ਹਾਂ। ਆਰ.ਓ ਦਾ 70 ਫੀਸਦੀ ਪਾਣੀ ਫਾਲਤੂ ਚਲਾ ਜਾਂਦਾ ਹੈ, ਜਦੋਂਕਿ ਅਸੀਂ 30 ਪਾਣੀ ਹੀ ਪੀਣ ਲਈ ਵਰਤਦੇ ਹਾਂ। ਉਹਨਾਂ ਕਿਹਾ ਕਿ ਕਿਸਾਨਾਂ ਵੱਲੋਂ ਜਲ ਸਰੋਤ ਵਿਭਾਗ ਦੀ ਮੁਹਿੰਮ ਨੂੰ ਭਰਵਾਂ ਹੁੰਗਾਰਾ ਦਿੱਤਾ ਜਾ ਰਿਹਾ ਹੈ।

ਸਕੂਲ ਪ੍ਰਬੰਧਕ ਕੰਵਲਜੀਤ ਸਿੰਘ ਢੀਂਡਸਾ ਨੇ ਸਮੂਹਿਕ ਉਪਰਾਲਿਆਂ ਦੀ ਮਹੱਤਤਾ ਦਾ ਜ਼ਿਕਰ ਕਰਦਿਆਂ ਨਵੀਂ ਪੀੜ੍ਹੀ ਨੂੰ ਪੰਜਾਬ ਦੇ ਪਾਣੀ ਅਤੇ ਵਿਰਾਸਤ ਬਚਾਉਣ ਦਾ ਸੰਦੇਸ਼ ਦਿੱਤਾ। ਇਸ ਮੌਕੇ ਹਲਕਾ ਪਟਵਾਰੀ ਨੱਥੂ ਰਾਮ, ਅੰਕਿਤ ਜੈਨ, ਅਨਿਲ ਕੁਮਾਰ, ਰਾਕੇਸ਼ ਕੁਮਾਰ, ਲਛਮਣ ਸਿੰਘ ਅਲੀਸ਼ੇਰ, ਐਡਵੋਕੇਟ ਪ੍ਰੇਮ ਪਾਲ, ਮਾਸਟਰ ਰਘਬੀਰ ਭੁਟਾਲ, ਮਾਸਟਰ ਤੇਜਾ ਸਿੰਘ, ਦਰਸ਼ਨ ਸਿੰਘ ਗੁਰਨੇ ਹਾਜ਼ਰ ਸਨ। ਮੰਚ ਸੰਚਾਲਨ ਰਣਦੀਪ ਸੰਗਤਪੁਰਾ ਨੇ ਕੀਤਾ।

# ਮਹਿਲਾ ਪੱਤਰਕਾਰ ਨੂੰ ਗ੍ਰਿਫਤਾਰ ਕਰਵਾ ਕੇ ਕੇਜਰੀਵਾਲ ਨੇ ਪੰਜਾਬ ਨੂੰ ਕੀਤਾ ਬਦਨਾਮ- ਮੋਨਾ ਜੈਸਵਾਲ

**ਚੰਡੀਗੜ੍ਹ–** ਭਾਜਪਾ ਦੀ ਤੇਜ਼ ਤਰਾਰ ਮਹਿਲਾ ਜਰਨਲ ਸਕੱਤਰ ਮੋਨਾ ਜੈਸਵਾਲ ਨੇ 'ਟਾਈਮਜ਼ ਨਾਓ' ਦੀ ਮਹਿਲਾ ਪੱਤਰਕਾਰ ਭਾਵਨਾ ਕਿਸ਼ੋਰ ਨੂੰ ਪੰਜਾਬ ਦੀ ਸੱਤਾਧਾਰੀ ਕੇਜਰੀਵਾਲ ਸਰਕਾਰ ਵੱਲੋਂ ਪੰਜਾਬ ਪੁਲਿਸ ਦੀ ਦੁਰਵਰਤੋਂ ਕਰਦੇ ਹੋਏ ਪਿਛਲੇ ਦਿਨੀ ਪੰਜਾਬ ਨੂੰ ਸ਼ਰਮਸਾਰ ਕਰਨ 'ਤੇ ਸਖ਼ਤ ਰੋਸ਼ ਦਾ ਪ੍ਰਗਟਾਵਾ ਕੀਤਾ ਹੈ। ਭਾਜਪਾ ਨੇਤ੍ਰੀ ਮੋਨਾ ਜੈਸਵਾਲ ਨੇ ਕਿਹਾ ਕਿ ਮੀਡੀਆ ਦੀ ਆਵਾਜ਼ ਨੂੰ ਦਬਾਉਣ ਲਈ ਭਾਰਤੀ ਲੋਕਤੰਤਰ ਦੇ ਚੌਥੇ ਥੰਮ ਤੇ ਹਮਲਾ ਕਰਦੇ ਹੋਏ ਡੰਮੀ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਕੇਜਰੀਵਾਲ ਦੇ ਹੁਕਮਾਂ 'ਤੇ ਕਠਪੁਤਲੀ ਵਾਂਗ ਨੱਚਦੇ ਹੋਏ ਅਤੇ ਸਰਕਾਰੀ ਤੰਤਰ ਦੀ ਦੁਰਵਰਤੋਂ ਕਰਦੇ ਹੋਏ ਸੀਨੀਅਰ ਪੱਤਰਕਾਰ ਭਾਵਨਾ 'ਤੇ ਕੇਸ ਦਰਜ ਕਰਕੇ ਨਿਯਮਾਂ ਦੀਆਂ ਧੱਜੀਆਂ ਉਡਾਉਂਦੇ ਹੋਏ ਪੱਤਰਕਾਰ ਮਹਿਲਾ ਨੂੰ ਬਿਨਾਂ ਮਹਿਲਾ ਪੁਲਿਸ ਤੋਂ ਗ੍ਰਿਫਤਾਰ ਕਰਕੇ ਬਦਨਾਮ ਕੀਤਾ ਹੈ।



ਕੇਜਰੀਵਾਲ 'ਤੇ ਸ਼ਬਦੀ ਹਮਲਾ ਕਰਦੇ ਹੋਏ ਭਾਜਪਾ ਜਰਨਲ ਸਕੱਤਰ ਮੋਨਾ ਜੈਸਵਾਲ ਨੇ ਕਿਹਾ ਕਿ ਪੱਤਰਕਾਰ ਭਾਵਨਾ ਕਿਸ਼ੋਰ ਨੇ ਦਲੇਰੀ ਨਾਲ ਕੇਜਰੀਵਾਲ ਦੇ ਘਪਲਿਆਂ ਦਾ ਪਰਦਾਫਾਸ਼ ਕੀਤਾ ਹੈ। ਅਤੇ 45 ਕਰੋੜ ਦੀ ਲਾਗਤ ਨਾਲ ਬਣੇ ਕੇਜਰੀਵਾਲ ਦੇ ਸ਼ੀਸ਼ਮਹਿਲ ਦੇ ਘਪਲੇ ਦਾ ਪਰਦਾਫਾਸ਼ ਕੀਤਾ। ਜਿਸ ਕਾਰਨ ਕੇਜਰੀਵਾਲ ਗੈਂਗ ਨੇ ਸਾਜ਼ਿਸ਼ ਰਚ ਕੇ ਮਹਿਲਾ ਪੱਤਰਕਾਰ ਨੂੰ ਤੰਗ-ਪ੍ਰੇਸ਼ਾਨ ਕਰਦੇ ਹੋਏ ਉਸ ਖਿਲਾਫ ਮਾਮਲਾ ਦਰਜ ਕਰਕੇ ਉਸ ਨੂੰ ਡਰਾਉਣ ਦੀ ਕੋਸ਼ਿਸ਼ ਕੀਤੀ। ਤਾਂ ਜੋ ਮੀਡੀਆ ਦੀ ਆਵਾਜ਼ ਨੂੰ ਦਬਾਇਆ ਜਾ ਸਕੇ। ਪਰ ਪੂਰਾ ਦੇਸ਼ ਭਾਵਨਾ ਕਿਸ਼ੋਰ ਦੇ ਨਾਲ ਹੈ। ਅਤੇ ਕੇਜਰੀਵਾਲ ਦੀ ਤਾਨਾਸ਼ਾਹੀ ਨਹੀਂ ਚੱਲੇਗੀ। ਅਗਰਵਾਲ ਨੇ ਕਿਹਾ ਕਿ ਪੰਜਾਬ ਨੂੰ ਬਦਨਾਮ ਕਰਨ ਵਾਲੇ ਕੇਜਰੀਵਾਲ ਨੂੰ ਸੂਬੇ ਦੇ ਲੋਕ ਕਦੇ ਮੁਆਫ ਨਹੀਂ ਕਰਨਗੇ। ਮੋਨਾ ਜੈਸਵਾਲ ਨੇ ਰਾਜਪਾਲ ਤੋਂ ਮੰਗ ਕੀਤੀ ਕਿ ਪੰਜਾਬ ਸਰਕਾਰ ਨੂੰ ਬਰਖਾਸਤ ਕੀਤਾ ਜਾਵੇ ਅਤੇ ਪੱਤਰਕਾਰ ਮਹਿਲਾ ਨਾਲ ਦੁਰਵਿਵਹਾਰ ਕਰਨ ਵਾਲੇ ਪੁਲੀਸ ਮੁਲਾਜ਼ਮਾਂ ਨੂੰ ਨੌਕਰੀ ਤੋਂ ਕੱਢਕੇ ਓਹਨਾ ਖ਼ਿਲਾਫ਼ ਕੇਸ ਦਰਜ ਕੀਤਾ ਜਾਵੇ। ਤਾਂ ਜੋ ਦੇਸ਼ ਦੀ ਆਵਾਜ਼ ਨੂੰ ਦਬਾਇਆ ਨਾ ਜਾ ਸਕੇ।

# ਰੋਜ਼ਗਾਰ ਵਿਭਾਗ ਵੱਲੋਂ "ਖਵਾਹਿਸ਼ਾਂ ਦੀ ਉਡਾਨ" ਵਿਸ਼ੇ 'ਤੇ ਲੜਕਿਆਂ ਲਈ ਵਿਸ਼ੇਸ਼ ਕੈਰੀਅਰ ਗਾਈਡੈਂਸ

**ਸੰਗਰੂਰ, (ਦਲਜੀਤ ਕੌਰ)** ਰੋਜ਼ਗਾਰ ਉਤਪੱਤੀ ਹੁਨਰ ਵਿਕਾਸ ਅਤੇ ਸਿਖਲਾਈ ਵਿਭਾਗ, ਪੰਜਾਬ ਵੱਲੋਂ ਪ੍ਰੋਗਰਾਮ "ਖਵਾਹਿਸ਼ਾਂ ਦੀ ਉਡਾਨ" ਤਹਿਤ ਲੜਕਿਆਂ ਲਈ ਭਾਰਤੀ ਫੌਜ ਵਿੱਚ ਕੈਰੀਅਰ ਦੇ ਮੌਕਿਆਂ ਸੰਬੰਧੀ 10 ਮਈ ਨੂੰ ਸਵੇਰੇ 11:00 ਵਜੇ ਆਨਲਾਈਨ ਵੈਬੀਨਾਰ ਕਰਵਾਇਆ ਜਾ ਰਿਹਾ ਹੈ। ਇਸ ਸੰਬੰਧੀ ਜ਼ਿਲ੍ਹਾ ਰੋਜ਼ਗਾਰ ਅਫਸਰ ਸ੍ਰੀ ਰਵਿੰਦਰਪਾਲ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਵੈਂਬੀਨਾਰ ਵਿੱਚ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਸ ਪ੍ਰਾਪਰੇਟਰੀ ਇੰਸਟੀਚਿਊਟ ਦੇ ਮੇਜਰ ਜਨਰਲ ਅਜੇ ਐਚ. ਚੌਹਾਨ ਵੀ ਐਸ.ਐਮ ਡਾਇਰੈਕਟਰ ਜਨਰਲ ਵੱਲੋਂ ਇਸ ਵਿਸ਼ੇ ਤੇ ਵਿਸਥਾਰਪੂਰਵਕ ਗੱਲ ਕੀਤੀ ਜਾਵੇਗੀ।

ਉਨ੍ਹਾਂ ਦੱਸਿਆ ਕਿ ਇਹ ਪ੍ਰੋਗਰਾਮ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਡੀ.ਸੀ. ਕੰਪਲੈਕਸ, ਨੇੜੇ ਸੇਵਾ ਕੇਂਦਰ, ਸੰਗਰੂਰ ਵਿਖੇ ਕਰਵਾਇਆ ਜਾਵੇਗਾ। ਇਹ ਕਰੀਅਰ ਟਾਕ ਰੋਜ਼ਗਾਰ ਵਿਭਾਗ ਦੇ ਫੇਸਬੁੱਕ ਪੇਜ਼ ਦੇ ਲਿੰਕ https://fb.me/e/19rSOgPLK ਉੱਪਰ ਲਾਈਵ ਚੱਲੇਗਾ ਜੋ ਵੀ ਪ੍ਰਾਰਥੀ ਇਸ ਕਰੀਅਰ ਟਾਕ ਦਾ ਫਾਇਦਾ ਲੈਣਾ ਚਾਹੁੰਦੇ ਹਨ, ਉਨ੍ਹਾਂ ਨੂੰ ਅਪੀਲ ਕਰਦੇ ਹੋਏ ਜ਼ਿਲ੍ਹਾ ਰੋਜ਼ਗਾਰ ਅਫਸਰ ਨੇ ਕਿਹਾ ਕਿ ਪ੍ਰਾਰਥੀ ਘਰ ਬੈਠੇ ਹੀ ਆਪਣੇ ਫੇਸਬੁੱਕ ਅਕਾਊਂਟ ਤੋਂ ਰੋਜ਼ਗਾਰ ਵਿਭਾਗ ਦੇ ਫੇਸਬੁੱਕ ਪੇਜ਼ ਦੇ ਲਿੰਕ https://fb.me/e/19rSOgPLK ਰਾਹੀਂ ਇਸ ਕਰੀਅਰ ਟਾਕ ਵਿੱਚ ਹਿੱਸਾ ਲੈਣ ਅਤੇ ਇਸ ਕੈਰੀਅਰ ਟਾਕ ਦਾ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨ।




# ਕਿਸਾਨਾਂ ਨੂੰ ਖਰੀਦੀ ਕਣਕ ਦੀ 1622.77 ਕਰੋੜ ਰੁਪਏ ਦੀ ਅਦਾਇਗੀ: ਡਿਪਟੀ ਕਮਿਸ਼ਨਰ

**ਸੰਗਰੂਰ, (ਦਲਜੀਤ ਕੌਰ)** ਜ਼ਿਲ੍ਹਾ ਸੰਗਰੂਰ ਦੀਆਂ ਅਨਾਜ ਮੰਡੀਆਂ ਵਿੱਚ ਬੀਤੀ ਸ਼ਾਮ ਤੱਕ 8 ਲੱਖ 81 ਹਜ਼ਾਰ 443 ਮੀਟਰਕ ਟਨ ਕਣਕ ਦੀ ਆਮਦ ਹੋਈ ਸੀ ਜਿਸ ਦੀ ਖਰੀਦ ਕਰ ਲਈ ਗਈ ਹੈ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਦੱਸਿਆ ਕਿ ਹੁਣ ਮੰਡੀਆਂ ਵਿੱਚ ਕਣਕ ਦੀ ਆਮਦ ਕਾਫ਼ੀ ਘਟ ਗਈ ਹੈ ਅਤੇ ਬੀਤੇ ਦਿਨ ਕੁੱਲ 1664 ਮੀਟਰਕ ਟਨ ਕਣਕ



ਆਈ ਸੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿੱਚੋਂ ਸਰਕਾਰੀ ਖਰੀਦ ਏਜੰਸੀਆਂ ਵੱਲੋਂ 8 ਲੱਖ 66 ਹਜ਼ਾਰ 219 ਮੀਟਰਕ ਟਨ ਕਣਕ ਦੀ ਲਿਫ਼ਟਿੰਗ ਵੀ ਹੋ ਚੁੱਕੀ ਹੈ। ਸ਼੍ਰੀ ਜੋਰਵਾਲ ਨੇ ਦੱਸਿਆ ਕਿ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਏਜੰਸੀਆਂ ਵੱਲੋਂ ਖਰੀਦੀ ਕਣਕ ਦੀ ਫਸਲ ਦੀ ਅਦਾਇਗੀ ਕਰਨ ਦੀ ਪ੍ਰਕਿਰਿਆ ਵੀ ਤੇਜ਼ੀ ਨਾਲ ਜਾਰੀ ਹੈ ਅਤੇ ਬੀਤੀ ਸ਼ਾਮ ਤੱਕ 1622.77 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ।

# ਮਨੁੱਖੀ ਹੱਕਾਂ ਦੀ ਉਲੰਘਣਾ ਬੰਧੂਆ ਮਜ਼ਦੂਰੀ



ਗੁਰਮੀਤ ਪਲਾਹੀ
91-98158-02070

ਸੰਯੁਕਤ ਰਾਸ਼ਟਰ ਦੇ ਇੰਟਰਨੈਸ਼ਨਲ ਲੇਬਰ ਕਮਿਸ਼ਨ (ਅੰਤਰ-ਰਾਸ਼ਟਰੀ ਮਜ਼ਦੂਰ ਸੰਗਠਨ) ਅਤੇ ਯੂਰਪੀ ਸੰਗਠਨ ਦੀ ਇੱਕ ਤਾਜ਼ਾ ਰਿਪੋਰਟ ਦੱਸਦੀ ਹੈ ਕਿ ਸੱਤ ਸਾਲ ਪਹਿਲਾਂ ਤੱਕ ਦੁਨੀਆ ਭਰ ਵਿੱਚ 2180 ਕਰੋੜ ਲੋਕ ਜਬਰੀ ਮਜ਼ਦੂਰੀ ਵਾਲੀਆਂ ਹਾਲਤਾਂ 'ਚ ਕੰਮ ਕਰਦੇ ਸਨ। ਹੁਣ ਇਹ ਗਿਣਤੀ ਦਸ ਗੁਣਾ (28 ਕਰੋੜ ਤੋਂ ਵੱਧ) ਹੋ ਚੁੱਕੀ ਹੈ। ਕੀ ਇਹ ਮਨੁੱਖੀ ਹੱਕਾਂ ਦੀ ਉਲੰਘਣਾ ਨਹੀਂ ਹੈ?

ਇਸ ਜਬਰੀ ਮਜ਼ਦੂਰੀ ਤੋਂ ਬਿਨ੍ਹਾਂ ਇੱਕ ਆਧੁਨਿਕ ਗੁਲਾਮੀ ਦਾ ਵੀ ਲੋਕ ਸ਼ਿਕਾਰ ਹਨ। ਇਹਨਾ ਦੀ ਗਿਣਤੀ 4103 ਕਰੋੜ ਆਂਕੀ ਗਈ ਹੈ, ਜਿਹਨਾ 2149 ਕਰੋੜ ਲੋਕਾਂ ਤੋਂ ਮਜ਼ਬੂਰਨ ਮਜ਼ਦੂਰੀ ਕਰਾਈ ਜਾ ਰਹੀ ਹੈ। ਦੇਸ਼ ਭਾਰਤ ਵਿੱਚ ਇਹੋ ਜਿਹੇ ਹਜ਼ਾਰਾਂ ਬੰਧੂਆ ਮਜ਼ਦੂਰ ਹਨ, ਜੋ ਘਰੇਲੂ ਕੰਮ, ਜਿਹਨਾ 'ਚ ਕੱਪੜੇ ਧੋਣਾ, ਖਾਣਾ ਬਣਾਉਣਾ, ਬੱਚਿਆਂ ਦੀ ਦੇਖਭਾਲ ਕਰਨਾ, ਬਾਗਬਾਨੀ ਆਦਿ ਦੇ ਕੰਮ ਕਰਦੇ ਹਨ। ਇਹਨਾ ਨੂੰ ਮਾਮੂਲੀ ਜਿਹੇ ਪੈਸੇ ਦਿੱਤੇ ਜਾਂਦੇ ਹਨ, ਉਹ ਵੀ ਸਮੇਂ 'ਤੇ ਨਹੀਂ। ਬਹੁਤ ਸਾਰੇ ਮਜ਼ਦੂਰਾਂ ਨੂੰ ਤਾਂ ਮਜ਼ਦੂਰੀ ਬਦਲੇ ਸਿਰਫ਼ ਖਾਣਾ, ਕੱਪੜਾ ਅਤੇ ਰਹਿਣ ਲਈ ਛੋਟੀ-ਮੋਟੀ ਰਿਹਾਇਸ਼ ਦਿੱਤੀ ਜਾਂਦੀ ਹੈ।

ਇੱਕ ਮੋਟਾ ਜਿਹਾ ਅੰਦਾਜ਼ਾ ਹੈ ਕਿ ਦੁਨੀਆ ਭਰ 'ਚ 618 ਕਰੋੜ ਔਰਤਾਂ ਅਤੇ ਮਰਦ ਘਰੇਲੂ ਨੌਕਰ ਦੇ ਤੌਰ 'ਤੇ ਕੰਮ ਕਰਦੇ ਹਨ। ਇਹਨਾ ਵਿੱਚੋਂ ਪਿੰਡਾਂ ਵਿੱਚ 80 ਫ਼ੀਸਦੀ ਔਰਤਾਂ ਅਤੇ ਲੜਕੀਆਂ ਹਨ। ਇਹਨਾ ਨੂੰ ਕਾਨੂੰਨੀ ਤੌਰ 'ਤੇ ਮਜ਼ਦੂਰ ਨਹੀਂ ਸਗੋਂ ਮਦਦ ਕਰਨ ਵਾਲੇ ਕਾਮੇ ਸਮਝਿਆ ਜਾਂਦਾ ਹੈ। ਇਹਨਾ ਨੂੰ ਕੋਈ ਤਨਖ਼ਾਹ ਨਹੀਂ ਮਿਲਦੀ, ਛੁੱਟੀਆਂ ਦੀ ਤਾਂ ਗੱਲ ਹੀ ਛੱਡ ਦਿਉ। ਸਿਹਤ ਸਹੂਲਤਾਂ ਤਾਂ ਦੂਰ ਦੀ ਗੱਲ ਹੈ, ਸਮਾਜਿਕ ਸੁਰੱਖਿਆ ਤਾਂ ਇਹਨਾ 'ਚ ਮਿਲਣੀ ਹੀ ਕੀ ਹੈ। ਅਸਲ ਵਿੱਚ ਤਾਂ ਇਹ ਆਧੁਨਿਕ ਯੁੱਗ 'ਚ ਇਹੋ ਜਿਹੇ ਕਾਮੇ ਹਨ, ਜਿਹਨਾ ਦੀ ਆਵਾਜ਼ ਕੋਈ ਸੁਣਦਾ ਹੀ ਨਹੀਂ। ਇਹ ਲੋਕ ਖੇਤੀ ਖੇਤਰ 'ਚ ਕੰਮ ਵੀ ਕਰਦੇ ਹਨ, ਪੈਕਿੰਗ, ਇੱਟਾਂ ਦੇ ਭੱਠਿਆਂ ਉੱਤੇ, ਨਿਰਮਾਣ ਕੰਮਾਂ 'ਚ ਵੀ ਲੱਗੇ ਹਨ ਅਤੇ ਇਥੋਂ ਤੱਕ ਕਿ ਸਰੀਰ ਵੇਚਣ ਦੇ ਕਿੱਤੇ 'ਚ ਲੱਗੀਆਂ ਔਰਤਾਂ ਵੀ ਇਸੇ ਸ਼੍ਰੇਣੀ 'ਚ ਆਉਂਦੀਆਂ ਹਨ।

ਪ੍ਰਵਾਸ ਹੰਢਾਉਣ ਵਾਲੇ ਲੋਕ, ਗਰੀਬ ਦਲਿਤ, ਘੱਟ ਗਿਣਤੀ ਭਾਈਚਾਰੇ ਦੇ ਲੋਕਾਂ ਨੂੰ ਬਗਾਰ ਜਾਂ ਗੁਲਾਮੀ ਦੇ ਜੀਵਨ ਵੱਲ ਧੱਕਣ ਦਾ ਯਤਨ ਹੁੰਦਾ ਹੈ। ਇੱਕਵੀਂ ਸਦੀ, ਜਿਸਨੂੰ ਆਧੁਨਿਕ ਸਦੀ ਕਿਹਾ ਜਾ ਰਿਹਾ ਹੈ, ਵਿੱਚ ਵੀ ਗੁਲਾਮੀ ਦਾ ਜੀਵਨ ਖ਼ਤਮ ਨਹੀਂ ਹੋਇਆ, ਸਿਰਫ਼ ਇਸ ਦਾ ਸਰੂਪ ਬਦਲਿਆ ਹੈ। ਬਗਾਰ ਭਾਵ ਮੁੱਲ ਚੁੱਕਤਾ ਕਰਨ ਬਿਨ੍ਹਾਂ ਮਜ਼ਦੂਰੀ ਕਰਾਉਣਾ । ਲੱਖ ਯਤਨ ਰਾਸ਼ਟਰ ਸੰਘ (ਯੂ।ਐਨ।ਓ) ਵਲੋਂ ਕੀਤੇ ਜਾ ਰਹੇ ਹਨ, ਪਰ ਨਾ ਮਾਨਵ ਤਸਕਰੀ ਬੰਦ ਹੋਈ ਹੈ, ਨਾ ਬਗਾਰ, ਨਾ ਬਾਲ ਮਜ਼ਦੂਰੀ। ਮੌਜੂਦਾ ਸਾਮਰਾਜਵਾਦੀ ਯੁੱਗ 'ਚ ਸਾਮੰਤੀ, ਅਫ਼ਸਰਸ਼ਾਹੀ ਕਮਜ਼ੋਰ ਵਰਗ ਦੇ ਲੋਕਾਂ ਤੋਂ ਬਗਾਰ ਕਰਵਾ ਰਹੀ ਹੈ। ਉਸ ਕੋਲ ਸ਼ਕਤੀਆਂ ਦੀ ਭਰਮਾਰ ਹੈ। ਅੱਜ ਦੁਨੀਆ ਦੇ ਹਰੇਕ ਇਕ ਹਜ਼ਾਰ ਲੋਕਾਂ ਪਿੱਛੇ ਘੱਟੋ-ਘੱਟ ਤਿੰਨ ਵਿਅਕਤੀ ਬਗਾਰ ਕਰਨ ਲਈ ਮਜ਼ਬੂਰ ਹਨ।

ਦੁਨੀਆ ਵਿੱਚ ਇਹੋ ਜਿਹੀ ਗੁਲਾਮੀ, ਇਹੋ ਜਿਹੀ ਬਗਾਰ ਕਰਨ ਵਾਲੇ ਲੋਕਾਂ ਵਿੱਚ 50 ਫ਼ੀਸਦੀ ਤੋਂ ਵੱਧ ਏਸ਼ੀਆ ਮਹਾਂਸਾਗਰ ਖੇਤਰ ਵਿੱਚ ਹਨ। ਜਦੋਂ ਤੋਂ ਯੂਰਪੀਅਨ ਕਮਿਸ਼ਨ ਦੀ ਰਿਪੋਰਟ ਛਪੀ ਹੈ, ਦੁਨੀਆ 'ਚ ਹਾਹਾਕਾਰ ਮੱਚ ਗਈ ਹੈ। ਅਮਰੀਕਾ ਵਿੱਚ ਇਸ ਸਬੰਧੀ ਇੱਕ ਕਾਨੂੰਨ ਬਣਾ ਦਿੱਤਾ ਗਿਆ ਹੈ। ਸਯੁੰਕਤ ਰਾਸ਼ਟਰ ਦਾ ਅੰਤਰਰਾਸ਼ਟਰੀ ਲੇਬਰ ਕਮਿਸ਼ਨ ਇਸ ਸਬੰਧੀ ਹੋਰ ਵੀ ਚੌਕਸ ਹੋ ਗਿਆ ਹੈ।

ਭਾਰਤੀ ਸੰਵਿਧਾਨ ਦੀ ਧਾਰਾ-23 ਸਪਸ਼ਟ ਰੂਪ ਵਿੱਚ ਜ਼ਬਰੀ ਮਜ਼ਦੂਰੀ, ਭਾਵ ਬੰਧੂਆ ਮਜ਼ਦੂਰੀ, ਮਨੁੱਖੀ



ਤਸਕਰੀ (ਵੇਚ ਵੱਟਤ) ਆਦਿ ਦਾ ਸਖ਼ਤ ਵਿਰੋਧ ਕਰਦੀ ਹੈ। ਬਾਲ ਮਜ਼ਦੂਰੀ ਸਬੰਧੀ 2016 'ਚ ਇਕ ਸੋਧ ਬਿੱਲ ਵੀ ਪਾਰਲੀਮੈਂਟ 'ਚ ਪਾਸ ਕੀਤਾ ਗਿਆ, ਜਿਸ ਵਿੱਚ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੋਂ ਕੰਮ ਲੈਣਾ ਕਾਨੂੰਨੀ ਅਪਰਾਧ ਹੈ, ਪਰ ਹੈਰਾਨੀ ਵਾਲੀ ਗੱਲ ਹੈ ਕਿ ਖੇਤੀ ਖੇਤਰ ਦੇ ਨਾਲ ਘਰੇਲੂ ਕਾਰੋਬਾਰ ਅਤੇ ਅਸੰਗਠਿਤ ਖੇਤਰ 'ਤੇ ਇਹ ਕਾਨੂੰਨ ਲਾਗੂ ਨਹੀਂ ਹੈ। ਕਾਨੂੰਨ ਅਨੁਸਾਰ 14 ਸਾਲ ਦੀ ਉਮਰ ਦੇ ਬੱਚੇ ਤੋਂ ਕਿਸੇ ਕਾਰਖਾਨੇ ਜਾਂ ਖਾਣਾਂ ਆਦਿ 'ਚ ਕੰਮ ਕਰਾਉਣਾ ਜ਼ੁਰਮ ਹੈ ਭਾਵ ਉਹਨਾਂ ਨੂੰ ਉਥੇ ਰੁਜ਼ਗਾਰ 'ਤੇ ਨਹੀਂ ਲਾਇਆ ਜਾ ਸਕਦਾ, ਪਰ ਚਾਹ ਦੀਆਂ ਦੁਕਾਨਾਂ, ਢਾਬੇ, ਇੱਟਾਂ ਦੇ ਭੱਠੇ ਬਾਲ ਮਜ਼ਦੂਰਾਂ ਨਾਲ ਭਰੇ ਪਏ ਹਨ ਅਤੇ ਬਗਾਰ ਆਦਿ ਵੀ ਇਹਨਾ ਥਾਵਾਂ ਉਤੇ ਆਮ ਵੇਖਣ ਨੂੰ ਮਿਲਦੀ ਹੈ।

ਜਿਵੇਂ ਅਮਰੀਕਾ 'ਚ ਗੁਲਾਮਾਂ ਦੀ ਗਿਣਤੀ ਵੱਡੀ ਰਹੀ, ਕਾਲੇ ਲੋਕਾਂ ਨੂੰ ਗੁਲਾਮ ਬਣਾਕੇ, ਉਹਨਾ ਦੀ ਵਿਕਰੀ ਤੱਕ ਕੀਤੀ ਜਾਂਦੀ ਰਹੀ। ਦੁਨੀਆ ਦੇ ਹੋਰ ਖਿੱਤਿਆਂ 'ਚ ਵੀ ਇਹ ਵਰਤਾਰਾ ਲਗਾਤਾਰ ਵੇਖਣ ਨੂੰ ਮਿਲਦਾ ਰਿਹਾ। ਰਾਜਿਆਂ, ਮਹਾਰਾਜਿਆਂ ਦੇ ਮੁਹੱਲਾਂ 'ਚ ਕੰਮ ਕਰਦੇ ਲੋਕਾਂ, ਜਗੀਰਦਾਰਾਂ ਦੇ ਪਰਜਾ ਬਣਕੇ ਰਹਿੰਦੇ ਲੋਕਾਂ ਦੇ ਹੱਕ ਕਿਥੇ ਸਨ? ਉਹਨਾਂ ਦਾ ਜੀਵਨ ਤਾਂ ਅੰਧਕਾਰ ਨਾਲ ਭਰਿਆ ਦਿਸਦਾ ਸੀ।

ਦੇਸ਼ ਭਾਰਤ 'ਚ ਖੇਤੀ ਖੇਤਰ 'ਚ ਕੰਮ ਕਰਦੇ ਸੀਰੀ, ਖੇਤ ਮਜ਼ਦੂਰ ਵੱਡਿਆਂ ਜ਼ਿਮੀਦਾਰਾਂ ਤੋਂ ਕਰਜ਼ਾ ਲੈ ਕੇ ਖੇਤੀ ਕਰਦੇ ਅਤੇ ਢਿੱਡ ਨੂੰ ਝੁਲਕਾ ਦੇਣ ਵਾਲੇ ਲੋਕਾਂ ਦਾ ਜੀਵਨ ਤਸੱਵਰ ਕਰਨਾ ਔਖਾ ਨਹੀਂ, ਭੈੜੀਆਂ ਹਾਲਤਾਂ 'ਚ ਕੰਮ ਕਰਨ ਵਾਲੇ, ਇਹਨਾ ਲੋਕਾਂ ਬਾਰੇ ਉਹਨਾ ਦੇ ਜੀਵਨ ਬਾਰੇ, ਉਹਨਾਂ ਦੀ ਔਲਾਦ ਬਾਰੇ ਕ੍ਰਾਂਤੀਕਾਰੀ ਕਵੀ ਸੰਤ ਰਾਮ ਉਦਾਸੀ ਦੇ ਬੋਲ ਕੌਣ ਭੁੱਲ ਸਕਦਾ ਹੈ:-

"ਜਿਥੇ ਬੰਦਾ ਜੰਮਦਾ ਸੀਰੀ ਹੈ, ਟਕਿਆਂ ਦੀ ਮੀਰੀ ਪੀਰੀ ਹੈ,
ਜਿਥੇ ਕਰਜ਼ੇ ਹੇਠ ਪੰਜੀਰੀ ਹੈ, ਬਾਪੂ ਦੇ ਕਰਜ਼ ਦਾ ਸੂਦ ਨੇ ਪੁੱਤ ਜੰਮਦੇ ਜਿਹੜੇ।"

ਅੱਜ ਜਦੋਂ ਸਾਮਰਾਜੀ ਸਮਾਜ ਵਿੱਚ ਗਰੀਬ-ਅਮੀਰ ਦਾ ਪਾੜ ਵੱਧ ਰਿਹਾ ਹੈ, ਵੱਡੇ ਅਮੀਰਾਂ ਦੀ ਜਾਇਦਾਦ ਲਗਾਤਾਰ ਵੱਧ ਰਹੀ ਹੈ, ਸਮਾਜ ਵਿੱਚ ਵਿਸ਼ਵ ਪੱਧਰ 'ਤੇ ਹੀ ਗਰੀਬ ਅਤੇ ਜਾਇਦਾਦ ਵਿਹੂਣੇ ਲੋਕਾਂ ਦੀ ਗਿਣਤੀ 'ਚ ਲਗਾਤਾਰ ਵਾਧਾ ਹੋ ਰਿਹਾ ਹੈ, ਉਸ ਹਾਲਤ ਵਿੱਚ ਗਰੀਬਾਂ ਦਾ ਜੀਵਨ ਜੀਊਣਾ ਦੁੱਬਰ ਹੁੰਦਾ ਜਾ ਰਿਹਾ ਹੈ। ਜਦੋਂ ਸਿਰਫ਼ ਰੋਟੀ ਦਾ ਹੀ ਆਹਰ ਬੰਦੇ ਦੇ ਗਲ ਪਾ ਦਿੱਤਾ ਗਿਆ ਹੋਵੇ, ਉਸ ਨੇ ਆਪਣੇ ਹੱਕਾਂ ਬਾਰੇ ਕਿਵੇਂ ਸੋਚਣਾ ਹੈ। ਉਸਨੂੰ ਤਾਂ ਢਿੱਡ ਝੁਲਕਾ ਦੇਣ ਲਈ ਮਾੜੇ-ਮੋਟੇ, ਮਾੜੇ-ਪਤਲੇ, ਹਰ ਕਿਸਮ ਦੇ ਕੰਮ ਬਗਾਰ ਦੇ ਰੂਪ 'ਚ ਕਰਨੇ ਹੀ ਪੈਂਦੇ ਹਨ। ਇਹ ਆਧੁਨਿਕ ਬਗਾਰ-ਵਰਤਾਰਾ ਸਲੱਮ ਏਰੀਆ ਦੀਆਂ ਝੌਂਪੜੀਆਂ ਤੋਂ ਲੈ ਕੇ ਵੱਡੀਆਂ ਗੁੰਬਦਾਂ ਵਾਲੀਆਂ ਕੋਠੀਆਂ ਦੇ ਪੈਰਾਂ 'ਚ ਰਹਿੰਦੇ ਇਨਸਾਨ ਰੂਪੀ ਮਜ਼ਦੂਰਾਂ ਦੇ ਗਲ ਪਿਆ ਹੋਇਆ ਹੈ। ਇਥੇ ਤਾਂ ਇਛਾਵਾਂ, ਆਸ਼ਾਵਾਂ ਦਾ ਕਤਲ ਹੁੰਦਾ ਹੈ। ਇਥੇ ਤਾਂ ਬੰਦਾ ਉੱਚੀ ਚੀਕ ਮਾਰਨ ਦੇ ਯੋਗ ਵੀ ਨਹੀਂ ਰਹਿੰਦਾ। ਮਨ 'ਚੋਂ ਉਭਾਲ ਕਢਣਾ, ਉਦਾਸੀ, ਖੁਸ਼ੀ ਪ੍ਰਗਟ ਕਰਨਾ ਕਿਥੇ ਰਹਿ ਜਾਂਦਾ ਹੈ ਉਸਦੇ ਪੱਲੇ? ਉਹ ਤਾਂ ਇੱਕ ਲਾਸ਼ ਬਣਿਆ ਦਿਸਦਾ ਹੈ। ਇਹੋ ਜਿਹੀਆਂ ਹਾਲਤਾਂ 'ਚ ਕਿਥੇ ਰਹਿ ਜਾਂਦੇ ਹਨ ਮਨੁੱਖੀ ਹੱਕ?

ਯੂਐਨ ਅਨੁਸਾਰ ਮਨੁੱਖ ਦੇ 30 ਹੱਕ ਹਨ ਇਸ ਸ੍ਰਿਸ਼ਟੀ 'ਤੇ। ਜ਼ਿੰਦਗੀ ਜੀਊਣ ਦਾ ਹੱਕ, ਸਿੱਖਿਆ ਦਾ ਹੱਕ ਅਤੇ ਜ਼ਿੰਦਗੀ 'ਚ ਚੰਗਾ ਵਰਤਾਰਾ ਪ੍ਰਾਪਤ ਕਰਨ ਦਾ ਹੱਕ ਅਤੇ ਇਸ ਤੋਂ ਵੀ ਵੱਡਾ ਹੱਕ ਹੈ ਗੁਲਾਮੀ ਅਤੇ ਤਸੀਹੇ ਰਹਿਤ ਜ਼ਿੰਦਗੀ ਜੀਊਣ ਦਾ ਹੱਕ।

ਪਰ ਬਗਾਰ ਤਾਂ ਤਸੀਹੇ ਭਰੀ ਵੀ ਹੈ ਅਤੇ ਜ਼ਿੰਦਗੀ ਜੀਊਣ ਦੇ ਹੱਕ ਉਤੇ ਵੀ ਵੱਡਾ ਡਾਕਾ ਹੈ। ਬਗਾਰ ਭਰੀ ਜ਼ਿੰਦਗੀ, ਸੁਖਾਵੀਂ ਕਿਵੇਂ ਹੋ ਸਕਦੀ ਹੈ? ਸ਼ਾਹੂਕਾਰ ਦਾ ਕਰਜ਼ਾ ਸਿਰ 'ਤੇ ਹੋਵੇ ,ਜਾਂ ਬੈਂਕ ਦਾ, ਮਾਨਸਿਕ ਗੁਲਾਮੀ ਨੂੰ ਸੱਦਾ ਤਾਂ ਦਿੰਦਾ ਹੀ ਹੈ। ਮਨੁੱਖ ਦੀ ਜ਼ਿੰਦਗੀ, ਆਜ਼ਾਦੀ ਅਤੇ ਖੁਸ਼ੀ ਉਤੇ ਪ੍ਰਭਾਵ ਤਾਂ ਪੈਂਦਾ ਹੀ ਹੈ।

ਅੱਜ ਜਦਕਿ ਵਿਸ਼ਵ ਇੱਕ ਪਿੰਡ ਵਜੋਂ ਵਿਚਰ ਰਿਹਾ ਹੈ, ਇਸ ਵਿੱਚ ਮਨੁੱਖੀ ਹੱਕਾਂ ਦੇ ਢੋਲ ਬਜਾਏ ਜਾ ਰਹੇ ਹਨ। ਇਕੱਠੇ ਹੋਣ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ। ਆਧੁਨਿਕ ਯੁੱਗ 'ਚ ਧਰਮ, ਜਾਤ, ਦੇਸ਼ ਦੇ ਪਾੜੇ ਨੂੰ ਮਿਟਾਉਣ ਲਈ ਯਤਨ ਕੀਤੇ ਜਾਣ ਦੀ ਗੱਲ ਕੀਤੀ ਜਾ ਰਹੀ ਹੈ। ਸਭ ਲਈ ਬਰੋਬਰ ਕਾਨੂੰਨ, ਸਭ ਲਈ ਚੰਗੀ ਸਿਹਤ, ਸਿੱਖਿਆ ਦਾ ਢੰਡੋਰਾ ਪਿੱਟਿਆ ਜਾ ਰਿਹਾ ਹੈ, ਤਾਂ ਫਿਰ ਸਵਾਲ ਉੱਠਦਾ ਹੈ ਕਿ ਆਖ਼ਿਰ ਇਸ ਯੁੱਗ ਵਿੱਚ ਗੁਲਾਮੀ, ਬਗਾਰ, ਪਾੜਾ, ਤਸੀਹੇ ਕਿਉਂ ਵਧ ਰਹੇ ਹਨ?

ਸਾਮੰਤੀ ਸੋਚ ਵਾਲੇ ਲੋਕਾਂ ਵਲੋਂ ਆਪਣੇ ਨਿੱਜੀ ਹਿੱਤਾਂ ਅਤੇ ਸੁੱਖ ਸਹੂਲਤਾਂ ਲਈ ਬਗਾਰ ਤੇ ਗੁਲਾਮੀ ਦੀ ਜ਼ਿੰਦਗੀ ਮੁੜ ਲਿਆਉਣ ਦਾ ਯਤਨ, ਕਾਨੂੰਨ ਲਾਗੂ ਕਰਨ ਦੇ ਨਾਅ ਉਤੇ ਪੁਲਿਸ ਮੁਕਾਬਲੇ, ਮਜ਼ਹਬ, ਧਰਮ ਦੇ ਨਾਅ ਉਤੇ ਮਾਰ-ਵੱਢ, ਜਾਤ , ਲਿੰਗ ਦੇ ਨਾਅ ਉਤੇ ਮਨੁੱਖੀ ਤਸ਼ੱਦਦ ਦਾ ਵਧਣਾ, ਵਧਾਉਣਾ ਕੀ ਆਧੁਨਿਕ ਯੁੱਗ 'ਚ ਜੰਗਲੀ ਵਰਤਾਰੇ ਦੀ ਮੁੜ ਦਸਤਕ ਨਹੀਂ ਹੈ?

ਮਨੁੱਖ ਉਸ ਨਿਆਪੂਰਨ ਸਮਾਜ ਦੀ ਸਥਾਪਨਾ ਚਾਹੁੰਦਾ ਹੈ, ਜਿਥੇ ਹਰ ਇੱਕ ਲਈ ਬਰਾਬਰ ਦੇ ਮੌਕੇ ਹੋਣ, ਜਿਥੇ ਬੁਨਿਆਦੀ ਹੱਕ ਹੋਣ, ਜਿਥੇ ਆਜ਼ਾਦੀ ਹੋਵੇ। ਬਗਾਰੀ ਅਤੇ ਮਨੁੱਖੀ ਹੱਕਾਂ ਦਾ ਘਾਣ ਮਾਨਵਤਾ ਵਿਰੁੱਧ ਇੱਕ ਅਪਰਾਧ ਹੈ।

ਚੇਤੰਨ ਬੁੱਧੀ ਵਾਲੇ ਲੋਕ ਹਿੱਕ ਕੱਢਕੇ ਇਸ ਪ੍ਰਵਿਰਤੀ ਅਤੇ ਵਰਤਾਰੇ ਵਿਰੁੱਧ ਲੜਦੇ ਰਹੇ ਹਨ ਅਤੇ ਹੁਣ ਵੀ ਸੰਘਰਸ਼ਸ਼ੀਲ ਹਨ।

# ਜਲੰਧਰ ਲੋਕ ਸਭਾ ਉੱਪ ਚੋਣ ਪੰਜਾਬ ਵਿੱਚ ਰਾਜਨੀਤਿਕ ਪਾਰਟੀਆਂ ਦਾ ਭਵਿੱਖ ਤੈਅ ਕਰੇਗੀ

(ਸਫਾ 21 ਦੀ ਬਾਕੀ)

ਵਿਦਿਆਰਥੀਆਂ ਦੀ ਹੋ ਰਹੀ ਖੱਜਲ ਖੁਆਰੀ ਨੂੰ ਰੋਕਣਾ, ਵਿਦਿਆਰਥੀਆਂ ਦੇ ਰੋਲ ਨੰਬਰ ਅਤੇ ਡੀਗਰੀਆਂ ਜੋਕਿ ਵਜੀਫਿਆਂ ਕਾਰਨ ਰੁਕੀਆਂ ਹਨ ਜਾਰੀ ਕਰਵਾਉਣਾ। ਵੱਖ ਵੱਖ ਵਿਭਾਗਾਂ ਵਿੱਚ ਖਾਲੀ ਪਈਆਂ ਅਸਾਮੀਆਂ ਦਾ ਬੈਕਲਾਗ ਪੂਰਾ ਕਰਨਾ, ਬੇਜਮੀਨੇ ਦਲਿਤਾਂ ਲਈ ਰਹਿਣ ਲਈ ਪਲਾਟ ਦੇਣਾ, ਸ਼ਾਮਲਾਟ ਜ਼ਮੀਨ ਵਿਚੋਂ ਤੀਜਾ ਹਿੱਸਾ ਅਨੁਸੂਚਿਤ ਜਾਤਾਂ ਨੂੰ ਦੇਣਾ, ਦਲਿਤਾਂ ਦੇ ਇਤਿਹਾਸਕ ਅਤੇ ਧਾਰਮਿਕ ਸਥਾਨਾਂ ਦੀ ਸਾਂਭ ਸੰਭਾਲ ਲਈ ਕੰਮ ਕਰਨਾ ਆਦਿ ਸ਼ਾਮਿਲ ਹਨ। ਅਨੁਸੂਚਿਤ ਜਾਤਾਂ ਦੇ ਕਰਮਚਾਰੀ ਅਪਣੀਆਂ ਮੰਗਾਂ ਨੂੰ ਲੈਕੇ ਸੰਘਰਸ਼ ਕਰ ਰਹੇ ਹਨ ਪਰੰਤੂ ਉਨਖ਼ਾਂ ਦੀਆਂ ਮੰਗਾਂ ਦੀ ਕਿਤੇ ਵੀ ਸੁਣਵਾਈ ਨਹੀਂ ਹੋਈ ਹੈ। ਦਲਿਤ ਅਪਣੇ ਹਿੱਸੇ ਦੀ ਪੰਚਾਇਤੀ ਜਮੀਨ ਲਈ ਸੰਗਰੂਰ ਅਤੇ ਹੋਰ ਕਈ ਇਲਾਕਿਆਂ ਵਿੱਚ ਪਿਛਲੇ ਲੰਬੇ ਸਮੇਂ ਤੋਂ ਲਗਾਤਾਰ ਸੰਘਰਸ਼ ਕਰ ਰਹੇ ਹਨ ਸਰਕਾਰ ਨੇ ਉਨ੍ਹਖ਼ਾਂ ਦੀ ਸੁਣਵਾਈ ਨਹੀਂ ਕੀਤੀ ਹੈ। ਪੋਸਟ ਮੈਟਰਿਕ ਸਕਾਲਰਸ਼ਿਪ ਦੇ ਘਪਲੇ ਵਿੱਚ ਅਧਿਕਾਰੀਆਂ ਅਤੇ ਵਿਦਿਅਕ ਅਦਾਰਿਆਂ ਖਿਲਾਫ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ ਹੈ। ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਪੈਂਦੇ ਸ਼੍ਰੀ ਗੁਰੂ ਰਵਿਦਾਸ ਨਾਲ ਸਬੰਧਿਤ ਸ਼੍ਰੀ ਖੁਰਾਲਗੜ੍ਹ ਸਾਹਿਬ ਪ੍ਰਮੁੱਖ ਇਤਿਹਾਸਕ ਅਤੇ ਧਾਰਮਿਕ ਸਥਾਨ ਹੈ ਜਿੱਥੇ ਅਪ੍ਰੈਲ 2016 ਨੂੰ ਸਰਕਾਰ ਵਲੋਂ ਮਿਨਾਰ ਏ ਬੇਗਮਪੁਰਾ ਦਾ ਨਿਰਮਾਣ ਸ਼ੁਰੂ ਕੀਤਾ ਗਿਆ ਪਰ ਪਿਛਲੇ ਕਈ ਸਾਲਾਂ ਤੋਂ ਨਿਰਮਾਣ ਕਾਰਜ ਮੁਕੰਮਲ ਨਹੀਂ ਹੋਇਆ ਹੈ। ਪੰਜਾਬ ਸਰਕਾਰ ਵਲੋਂ ਬੇਸ਼ੱਕ ਸਰਕਾਰੀ ਦੱਫਤਰਾਂ ਵਿੱਚ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਸਹੀਦ ਭਗਤ ਸਿੰਘ ਦੀਆਂ ਫੋਟੋਆਂ ਲਗਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ ਪਰੰਤੂ ਪੰਜਾਬ ਵਿੱਚ ਬਣੇ ਡਾਕਟਰ ਅੰਬੇਡਕਰ ਭਵਨਾਂ ਦੀ ਖਸਤਾ ਹਾਲਤ ਵਿਕਾਸ ਕਾਰਜਾਂ ਦੀ ਪੋਲ ਖੋਲਦੀ ਹੈ। ਸਰਕਾਰ ਵਲੋਂ 26 ਨਵੰਬਰ 2022 ਨੂੰ ਸੰਵਿਧਾਨ ਦਿਵਸ ਨੂੰ ਭੁਲਾ ਦਿਤਾ ਗਿਆ ਅਤੇ 14 ਅਪ੍ਰੈਲ 2023 ਨੂੰ ਡਾਕਟਰ ਅੰਬੇਡਕਰ ਦੇ ਜਨਮ ਦਿਵਸ ਮੌਕੇ ਵੀ ਸਰਕਾਰੀ ਤੌਰ ਤੇ ਕੋਈ ਪ੍ਰੋਗਰਾਮ ਨਜਰ ਨਹੀਂ ਆਇਆ ਹੈ। ਦਲਿਤਾਂ ਦੀ ਭਲਾਈ ਲਈ ਬਣਾਏ ਗਏ ਪੰਜਾਬ ਰਾਜ ਅਨੁਸੂਚਿਤ ਜਾਤਿ ਆਯੋਗ ਵਿੱਚ ਮੈਂਬਰਾਂ ਦੀ ਗਿਣਤੀ ਵਧਾਉਣ ਦੀ ਬਜਾਏ ਘੱਟ ਕਰ ਦਿਤੀ ਗਈ ਹੈ। ਪੰਜਾਬ ਵਿੱਚ ਸਿਖਿਆ ਦਾ ਅਧਿਕਾਰ ਪੂਰੀ ਤਰਾਂ ਲਾਗੂ ਨਹੀਂ ਕੀਤਾ ਗਿਆ ਹੈ। ਅਨੁਸੂਚਿਤ ਜਾਤੀਆਂ ਲਈ ਬਣਾਏ ਗਏ ਐਸ ਸੀ ਕੰਪੋਨੈਂਟ ਪਲਾਨ ਵਿੱਚ ਪਿਛਲੀਆਂ ਸਰਕਾਰਾਂ ਵੇਲੇ ਵੱਡੇ ਪੱਧਰ ਤੇ ਘਪਲੇਬਾਜੀ ਹੋਈ ਹੈ ਪ੍ਰੰਤੂ ਅਜੇ ਤੱਕ ਇਸ ਸਬੰਧੀ ਮੌਜੂਦਾ ਸਰਕਾਰ ਵਲੋਂ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ ਹੈ। ਸਫਾਈ ਕਰਮਚਾਰੀ ਅਜੇ ਤੱਕ ਨਿਗੁਣੀ ਤਨਖਾਹ ਤੇ ਕੰਮ ਕਰ ਰਹੇ ਹਨ। ਜਾਅਲੀ ਸਰਟੀਫਿਕੇਟਾਂ ਦੇ ਅਧਾਰ ਤੇ ਵਿਦਿਅਕ ਅਦਾਰਿਆਂ ਵਿੱਚ ਹੋ ਰਹੇ ਦਾਖਲਿਆਂ ਅਤੇ ਸਰਕਾਰੀ ਨੌਕਰੀਆਂ ਵਿੱਚ ਭਰਤੀ ਹੋ ਰਹੇ ਵਿਅਕਤੀਆਂ ਖਿਲਾਫ ਕਾਰਵਾਈ ਕਰਨ ਲਈ ਅਜੇ ਤੱਕ ਕੁੱਝ ਨਹੀਂ ਕੀਤਾ ਗਿਆ ਹੈ। ਸਰਕਾਰ ਵਲੋਂ ਭਰਤੀ ਕਰਨ ਵੇਲੇ ਅਨੁਸੂਚਿਤ ਜਾਤਾਂ ਲਈ ਰਾਖਵਾਂਕਰਣ ਨੂੰ ਸਹੀ ਤਰੀਕੇ ਨਾਲ ਲਾਗੂ ਨਹੀਂ ਕੀਤਾ ਜਾ ਰਿਹਾ ਹੈ। ਪੰਜਾਬ ਵਿੱਚ ਦਲਿਤਾਂ ਤੇ ਹੋ ਰਹੇ ਅੱਤਿਆਚਾਰ ਵੱਧ ਰਹੇ ਹਨ ਅਤੇ ਦਲਿਤਾਂ ਵਿੱਚ ਡਰ ਵੱਧ ਰਿਹਾ ਹੈ। ਪੰਜਾਬ ਵਿੱਚ ਪਿਛਲੀ ਸਰਕਾਰ ਵੇਲੇ ਹੋਈ ਵਿਧਾਨ ਸਭਾ ਵਿੱਚ ਵੱਖ ਵੱਖ ਤਰਾਂ ਦੇ ਕਰਮਚਾਰੀਆਂ ਦੀ ਹੋਈ ਭਰਤੀ ਵਿੱਚ ਅਨੁਸੂਚਿਤ ਜਾਤਾਂ ਲਈ ਰਾਖਵਾਂਕਰਣ ਲਾਗੂ ਨਾਂ ਕਰਨ ਦਾ ਮੁੱਦਾ ਚੋਣਾਂ ਦੌਰਾਨ ਭਾਰੂ ਰਿਹਾ ਸੀ ਪ੍ਰੰਤੂ ਅਜੇ ਤੱਕ ਇਸ ਸਬੰਧੀ ਕਿਸੇ ਤਰਾਂ ਦੀ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ। ਭਾਜਪਾ ਅਤੇ ਆਮ ਆਦਮੀ ਪਾਰਟੀ ਨੂੰ ਪੁਰਾਤਨ ਆਗੂਆਂ ਦੀ ਨਰਾਜਗੀ ਖਤਰਨਾਕ ਸਾਬਤ ਹੋ ਸਕਦੀ ਹੈ। ਸ਼੍ਰੋਮਣੀ ਅਕਾਲੀ ਦੱਲ ਅਤੇ ਬੀ ਐਸ ਪੀ ਗੱਠਜੋੜ੍ਹ ਨੂੰ ਸਵਰਗੀ ਸਰਦਾਰ ਪ੍ਰਕਾਸ ਸਿੰਘ ਬਾਦਲ ਦੀ ਮੌਤ ਕਾਰਨ ਹਮਦਰਦੀ ਵੋਟ ਦਾ ਲਾਭ ਹੋ ਸਕਦਾ ਹੈ ਪਰੰਤੂ ਪਿਛਲੇ ਦਿਨੀਂ ਭਾਜਪਾ ਅਤੇ ਅਕਾਲੀ ਦੱਲ ਦੇ ਦੁਬਾਰਾ ਗਠਜੋੜ ਹੋਣ ਦੀਆਂ ਖਬਰਾਂ ਨੇ ਲੋਕਾਂ ਨੂੰ ਭੰਬਲਭੂਸੇ ਵਿੱਚ ਪਾਇਆ ਹੈ। ਬਸਪਾ ਦੀ ਵੋਟ ਵੱਡੀ ਭੂਮਿਕਾ ਨਿਭਾਇਗੀ। 10 ਮਈ ਨੂੰ ਹੋਣ ਵਾਲੀ ਚੋਣ ਸਾਰੀਆਂ ਸਿਆਸੀ ਪਾਰਟੀਆਂ ਲਈ ਮਹੱਤਵਪੂਰਨ ਹੈ। ਹਰ ਰਾਜਨੀਤਿਕ ਪਾਰਟੀ ਸੱਤਾ ਹਥਿਆਉਣ ਲਈ ਦਲਿਤ ਵੋਟਰਾਂ ਦਾ ਸਹਾਰਾ ਭਾਲ ਰਹੀ ਹੈ। ਇਹ ਵੀ ਕੋੜ੍ਹਾ ਸੱਚ ਹੈ ਕਿ ਇਨ੍ਹਾਂ ਵਿੱਚੋਂ ਬਹੁਤੀਆਂ ਪਾਰਟੀਆਂ ਜਦੋਂ ਪੰਜਾਬ ਵਿੱਚ ਸੱਤਾ ਤੇ ਕਾਬਜ਼ ਰਹੀਆਂ ਹਨ ਉਸ ਵੇਲੇ ਉਨ੍ਹਾਂ ਦੇ ਆਗੂਆਂ ਨੇ ਕਦੇ ਵੀ ਦਲਿਤਾ ਨੂੰ ਯੋਗ ਪ੍ਰਤੀਨਿਧਤਾ ਨਹੀਂ ਦਿਤੀ ਹੈ। ਪੰਜਾਬ ਦੀ ਸੱਤਾ ਤੇ ਕਾਬਜ਼ ਹੋਣ ਦੇ ਸੁਪਨੇ ਵੇਖਣ ਵਾਲੀਆਂ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਦਲਿਤਾਂ ਨੂੰ ਲਗਾਏ ਜਾ ਰਹੇ ਲਾਰੇ ਅਤੇ ਵਾਅਦੇ ਕਿੰਨੇ ਕੁ ਅਸਰ ਕਰਨਗੇ ਇਹ ਤਾਂ ਚੋਣ ਨਤੀਜੇ ਹੀ ਦੱਸਣਗੇ ਪਰ ਜਿਸ ਤਰਾਂ ਵੱਖ ਵੱਖ ਪਾਰਟੀਆਂ ਦਲਿਤ ਵੋਟਰਾਂ ਨੂੰ ਭਰਮਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ ਇਸਤੋਂ ਸਪੱਸ਼ਟ ਹੈ ਕਿ ਇਸ ਚੋਣ ਵਿੱਚ ਜਿੱਤ ਦੇ ਤਾਲੇ ਦੀ ਚਾਬੀ ਦਲਿੱਤ ਵੋਟਰਾਂ ਦੇ ਹੱਥ ਵਿੱਚ ਹੀ ਹੋਵੇਗੀ।

# ਸੈਂਟਰ ਫਾਰ ਅੰਬੇਡਕਰਇਜ਼ਮ ਖੋਲਣ ਸਬੰਧੀ ਡਾਕਟਰ ਭੀਮ ਰਾਓ ਅੰਬੇਡਕਰ ਨੌਜਵਾਨ ਸਭਾ ਨਾਲ ਮੀਟਿੰਗ ਹੋਈ

ਮਿਸ਼ਨ ਪੇਅ ਬੈਕ ਟੂ ਸੋਸਾਇਟੀ ਵਲੋਂ ਡਾਕਟਰ ਭੀਮ ਰਾਓ ਅੰਬੇਡਕਰ ਨੌਜਵਾਨ ਸਭਾ ਅਤੇ ਇਲਾਕਾ ਵਾਸੀਆਂ ਨਾਲ ਮਿਲਕੇ ਪਿੰਡ ਮਾਣਕਪੁਰ ਵਿੱਚ ਸੈਂਟਰ ਫਾਰ ਅੰਬੇਡਕਰਇਜ਼ਮ ਖੋਲਣ ਸਬੰਧੀ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਡਾਕਟਰ ਜੇ ਐੱਸ ਕਹਿਲ, ਡਾਕਟਰ ਹਰਪ੍ਰੀਤ ਕਹਿਲ, ਸੁਰੇਸ ਕੁਮਾਰ ਸੋਢੀ, ਪਵਨ ਕੁਮਾਰ, ਕੁਲਦੀਪ ਚੰਦ, ਨੀਰਜ਼ ਬਾਲਾ, ਅਮਨ ਪਰਮਾਰ, ਬੋਬੀ, ਜਗਤਾਰ ਚੰਦ, ਸਰਪੰਚ ਗਿਆਨ ਚੰਦ, ਮੋਹਿਤ ਕੁਮਾਰ, ਗੁਰਦੇਵ ਸਿੰਘ, ਭਜਨ ਸਿੰਘ, ਰਵਿੰਦਰ ਕੁਮਾਰ, ਰਤਨ ਚੰਦ, ਤੇਜ਼ ਕੁਮਾਰ, ਪੁੰਨੂ ਰਾਮ, ਕੁਲਦੀਪ ਸਿੰਘ, ਅਮਨ ਕੁਮਾਰ, ਤਰਸੇਮ ਲਾਲ, ਕਮਲਪ੍ਰੀਤ ਸਿੰਘ, ਜਤਿਨ ਕੁਮਾਰ, ਸੁਜਲ, ਪਰਮਜੀਤ ਕੌਰ, ਸੰਦੀਪ ਕੌਰ ਆਦਿ ਹਾਜਰ ਸਨ। ਇਸ ਮੀਟਿੰਗ ਵਿੱਚ ਪਿੰਡ ਵਿੱਚ ਸੈਂਟਰ ਫਾਰ ਅੰਬੇਡਕਰਇਜ਼ਮ ਖੋਲਣ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਹਾਜਰ ਵੱਖ ਵੱਖ ਆਗੂਆਂ ਨੇ ਦੱਸਿਆ ਕਿ ਇਸ ਸੈਂਟਰ ਵਿੱਚ ਸਮਾਜ ਦੇ ਰਹਿਵਰਾਂ ਬਾਰੇ ਸਹੀ ਅਤੇ ਮੁਕੰਮਲ ਜਾਣਕਾਰੀ ਦੇਕੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਸੈਂਟਰ ਵਿੱਚ ਲੋਕਾਂ ਨੂੰ ਸਮਾਜਿਕ ਬੁਰਾਈਆਂ ਤੋਂ ਬਚਣ ਲਈ ਜਾਗਰੁਕ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਸੈਂਟਰ ਵਿੱਚ ਸ਼ੁਰੂ ਕੀਤੀ ਗਈ ਲਾਇਬਰੇਰੀ ਵਿੱਚ ਹਰ ਵਰਗ ਦੇ ਵਿਅਕਤੀਆਂ ਲਈ ਪੜ੍ਹਣ ਲਈ ਕਿਤਾਬਾਂ ਰੱਖੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਇਸ ਸੈਂਟਰ ਵਿੱਚ ਬੱਚਿਆਂ ਨੂੰ ਪੜ੍ਹਾਉਣ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾ ਰਿਹਾ ਹੈ ਤਾਂ ਜੋ ਬੱਚਿਆਂ ਨੂੰ ਪੇਸ ਆ ਰਹੀਆਂ ਸਮੱਸਿਆਵਾਂ ਦਾ ਹੱਲ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਇਸ ਸੈਂਟਰ ਵਿੱਚ ਵਿਦਿਆਰਥੀਆਂ ਨੂੰ ਉਚੇਰੀ ਪੜ੍ਹਾਈ ਲਈ ਜਾਗਰੁਕ ਅਤੇ ਗਾਇਡ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਇਸ ਸੈਂਟਰ ਦੁਆਰਾ ਜਾਗਰੁਕਤਾ ਕੈਂਪ ਲਗਾਕੇ ਲੋਕਾਂ ਨੂੰ ਕਨੂੰਨਨ ਅਧਿਕਾਰਾਂ ਬਾਰੇ ਜਾਣੂ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਸੈਂਟਰ ਵਿੱਚ ਸਰਕਾਰ ਵਲੋਂ ਸਮਾਜਿਕ ਆਰਥਿਕ ਵਿਕਾਸ ਲਈ ਚੱਲ ਰਹੀਆਂ ਵੱਖ ਵੱਖ ਸਮਾਜ ਭਲਾਈ ਸਕੀਮਾਂ ਬਾਰੇ ਲੋਕਾਂ ਨੂੰ ਜਾਗਰੁਕ ਕੀਤਾ ਜਾਵੇਗਾ ਤਾਂ ਜੋ ਇਨ੍ਹਾਂ ਸਕੀਮਾਂ ਦਾ ਲਾਭ ਅਸਲੀ ਜਰੂਰਤਮੰਦ ਲੋਕਾਂ ਤੱਕ ਪਹੁੰਚ ਸਕੇ।



# ਗਰੀਬੀ ਹੰਢਾਉਂਦੇ ਰਹੇ ਦੋ ਦੋਸਤ ਇਉਂ ਮਿਲ਼ੇ!

**ਤਰਲੋਚਨ ਸਿੰਘ ਦੁਪਾਲ ਪੁਰ**

ਜਦ ਮੈਂ ਨੌਵੀਂ ਦਸਵੀਂ ਕਰਨ ਲਈ ਸੰਨ 1972 ਵਿੱਚ ਨਵਾਂ ਸ਼ਹਿਰ ਦੁਆਬੇ ਸਕੂਲੇ ਦਾਖਲਾ ਲਿਆ ਤਾਂ ਮੇਰੇ ਬਾਪ ਨੇ ਮੈਨੂੰ ਪੰਜਾਹ ਰੁਪਏ ਦਾ ਪੁਰਾਣਾ ਸਾਈਕਲ ਲੈ ਕੇ ਦਿੱਤਾ। ਸਾਈਕਲ ਵੀ ਨਵਾਂ ਸ਼ਹਿਰੋਂ ਹੀ ਖ੍ਰੀਦਿਆ ਸੀ, ਸੋ ਪਿੰਡ ਨੂੰ ਮੁੜਦੇ ਵਕਤ ਭਾਈਆ ਜੀ ਲਾਗਲੇਪਿੰਡ ਉਸਮਾਨ ਪੁਰ ਦੇ ਪ੍ਰੀਤੂ ਸਾਈਕਲਾਂ ਵਾਲ਼ੇ ਦੀ ਦੁਕਾਨ 'ਤੇ ਆਏ ਅਤੇ ਉਸਨੂੰ 'ਨੋਟ ਕਰਾਇਆ' ਕਿ ਆਹ ਮੇਰਾ ਮੁੰਡਾ ਜਦ ਵੀ ਆਪਣੇ ਸਾਈਕਲ ਦੀ ਮੁਰੰਮਤ ਵਗੈਰਾ ਕਰਾਉਣ ਤੇਰੇ ਕੋਲ ਆਵੇ ਤਾਂ ਇਹਦੇ ਕੋਲੋਂ ਪੈਸੇ ਨਹੀਂ ਮੰਗਣੇ, ਉਹ ਤੈਨੂੰ ਮੈਂ ਦੇ ਦਿਆ ਕਰਾਂ ਗਾ! ਪ੍ਰੀਤੂ ਮਿਸਤਰੀ ਦੀ ਖਾਸੀਅਤ ਇਹ ਹੁੰਦੀ ਸੀ ਕਿ ਉਹ ਸਾਈਕਲ ਨੂੰ ਅਚਾਨਕ ਪਿਆ ਨੁਕਸ ਠੀਕ ਕਰਕੇ ਗਾਹਕ ਦੇ ਬਿਨਾਂ ਕਹੇ ਤੋਂ, ਸਾਈਕਲ ਦੇ ਹੋਰ ਸਾਰੇ ਨੱਟ-ਬੋਲ੍ਹਟ ਤੇ ਚੱਕਿਆਂ ਨੂੰ ਪਈ ਡਲ਼੍ਹਕ ਵਗੈਰਾ ਚੈਕ ਕਰਦਾ ਤੇ ਲੋੜੀਂਦੀ ਮੁਰੰਮਤ ਆਪੇ ਹੀ ਕਰ ਦਿੰਦਾ ਹੁੰਦਾ ਸੀ।

ਜੇ ਕਦੇ ਸਕੂਲੇ ਆਉਂਦਿਆਂ-ਜਾਂਦਿਆਂ ਮੇਰੇ ਸਾਈਕਲ ਨੂੰ ਅਸਮਾਨ ਪੁਰ ਤੋਂ ਕਿਤੇ ਦੂਰ ਪੰਚਰਵਗੈਰਾ ਹੋ ਜਾਣਾ ਤਾਂ ਮੈਂ ਤੁਰ ਕੇ ਸਾਈਕਲ ਘੜੀਸਦੇ ਨੇ ਪ੍ਰੀਤੂ ਦੀ ਦੁਕਾਨ 'ਤੇ ਹੀ ਪਹੁੰਚਣਾ! ਉਨ੍ਹਾਂ ਦਿਨਾਂ ਵਿੱਚ ਹੀ ਪ੍ਰੀਤੂ ਕੋਲ਼ ਪਿੰਡ ਚੜ੍ਹ ਮਜਾਰੇ ਦਾ ਇੱਕ ਗਰੀਬ ਜਿਹਾ ਮੁੰਡਾ ਵੀ ਸਾਈਕਲਾਂ ਦਾਕੰਮ ਸਿੱਖਣ ਆ



ਲੱਗਾ। ਕੰਮ ਸਿਖਾਉਣ ਵੇਲੇ ਪ੍ਰੀਤੂ ਉਹਨੂੰ ਝਿੜਕੇ ਵੀ ਮਾਰਦਾ ਤੇ ਕਦੇ ਕਦੇ ਹਲਕੀ ਜਿਹੀ ਚਪੇੜ ਵੀ ਮਾਰ ਦਿੰਦਾ! ਮੈਨੂੰ ਬੜਾ ਤਰਸ ਆਉਣਾ! ਮੇਰੇ ਦਸਵੀਂ ਪਾਸ ਕਰਨ ਵੇਲੇ ਤੱਕ ਉਹ ਮੁੰਡਾ ਕਾਫੀ ਨਿਪੁੰਨ ਹੋ ਗਿਆ ਤੇ ਪ੍ਰੀਤੂ ਵਾਂਗ ਹੀ ਸਾਈਕਲਾਂ ਦੀ ਮੁਰੰਮਤ ਕਰਨ ਲੱਗ ਪਿਆ ਸੀ।

ਪ੍ਰੀਤੂ ਦੇ ਚੜ੍ਹਾਈ ਕਰ ਜਾਣ 'ਤੇ ਇਸ ਚੜ੍ਹ ਮਜਾਰੀਏ ਦੀਸ਼ ਨਾਂ ਦੇ ਮੁੰਡੇ ਨੇ ਜਾਡਲੇ ਆਪਣੀਦੁਕਾਨ ਪਾ ਲਈ।ਮੇਰੇ ਕੋਲ ਉਹੀ ੍ਨਾਲੈਰ ਮਾਰਕਾ ਪੁਰਾਣਾ ਸਾਈਕਲ ਰਿਹਾ, ਜਿਸਦੀ ਗਾਹੇ ਬਗਾਹੇ ਮੁਰੰਮਤ ਕਰਾਉਣ ਲਈ ਮੈਂ ਜਾਡਲੇ ਦੀਸ਼ ਦੀ ਦੁਕਾਨ 'ਤੇ ਜਾਣਾ ਸ਼ੁਰੂ ਕਰ ਦਿੱਤਾ।

ਅੰਤਾਂ ਦੀ ਗਰੀਬੀ ਨਾਲ ਜੂਝਦੇ ਦੀਸ਼ ਦੀ ਦੁਕਾਨ ਕਾਮਯਾਬ ਨਾ ਹੋ ਸਕੀ। ਚੜ੍ਹੇ ਮਹੀਨੇ ਕਿਰਾਇਆ ਨਹੀਂ ਸੀ 'ਕੱਠਾ ਹੁੰਦਾ ਵਿਚਾਰੇ ਕੋ਼ਲੋਂ! ਸੋ ਉਸਨੇ ਮਜਬੂਰੀ ਵੱਸ ਆਪਣਾਸੰਦ-ਸੰਦੌੜਾ, ਚੜ੍ਹ ਮਜਾਰੇ ਆਪਣੇ ਤਿੰਨ ਕੁ ਖਣਾ ਵਾ਼ਲੇ ਘਰ ਵਿੱਚ ਹੀ ਰੱਖ ਲਿਆ! ਇੱਧਰ ਮੈਂ ਵੀ ਗਰੀਬੀ ਕਾਰਨ ਹੋਰ ਨਵਾਂ ਸਾਈਕਲ ਖਰੀਦ ਨਾ ਸਕਿਆ। ਮੇਰੇ ਉਸੇ ਪੁਰਾਣੇ ਸਾਈਕਲ ਦਾ ਕੁੱਝ ਨਾ ਕੁੱਝ ਵਿਗੜਿਆ ਹੀ ਰਹਿੰਦਾ। ਚੂ਼ਲ ਢਿੱਲੀ ਹੀ ਰਹਿੰਦੀ ਸੀ ਉਹਦੀ। ਸੋ ਮੈਂ ਵੀ 'ਦੀਸ਼ ਦਾਦੀਵਾਨਾਂ' ਉਹਦੇ ਮਗਰੇ ਮਗਰ ਚੜ੍ਹ ਮਜਾਰੇ ਜਾ ਕੇ ਸਾਈਕਲ ਦੀ ਮੁਰੰਮਤ ਕਰਾਉਣ ਲੱਗਪਿਆ। ਇੰਜ ਸਾਡੀ ਦੋਹਾਂ ਗਰੀਬਾਂ ਦੀ ਆਪਸੀ ਦੋਸਤੀ ਵੀ ਪੈ ਗਈ। ਕਿਉਂਕਿ ਆਮ ਕਾਰੀਗਰਾਂ ਨਾ਼ਲੋਂ ਉਹ ਮਿਹਨਤਾਨਾਂ ਬਹੁਤ ਘੱਟ ਲੈਂਦਾ ਸੀ ਤੇ ਮੇਰੇ ਨਾਲ ਕਦੇ ਕਦੇ ਹੁਧਾਰ ਵੀ ਕਰ ਲੈਂਦਾ। ਮੈਨੂੰ ਯਾਦ ਐ ਕਿ ਉਹਦੇ ਘਰੇ ਕੋਈ ਸਦਮਾਂ ਹੋਣ 'ਤੇ ਮੈਂ ਇੱਕ ਵਾਰ ਉਸਦੇ ਨਿੱਕੇ ਜਿਹੇ ਕੱਚੇ ਕੋਠੇ ਵਿੱਚਸਹਿਜ ਪਾਠ ਦਾ ਭੋਗ ਵੀ ਪਾਇਆ ਸੀ!

ਫਿਰ ਸਮੇਂ ਦਾ ਕਈ ਦਹਾਕਿਆਂ ਦਾ ਵਕਫਾ ਪੈ ਗਿਆ। ਅਸੀਂ ਦੋਵੇਂ ਆਪੋ ਆਪਣੀ ਕਬੀਲਦਾਰਦੇ ਗੇੜ 'ਚ ਫਸੇ ਇੱਕ-ਦੂਜੇ ਲਈ ਅਗਿਆਤ ਹੀ ਬਣ ਗਏ! ਹੁਣ ਸੰਨ 2022 ਦੇ ਅਕਤੂਬਰ ਮਹੀਨੇ ਮੈਂ ਅਮਰੀਕਾ ਤੋਂ ਆਪਣੇ ਪਿੰਡ ਗਿਆ ਹੋਇਆ ਸਾਂ। ਸਾਡੇ ਪਿੰਡ ਦੇ ਗੁਰਦੁਆਰਾ ਸਾਹਿਬ ਵਿੱਚ ਗੁਰਪੁਰਬ ਸਬੰਧੀ ਪਏ ਭੋਗ ਮੌਕੇ ਆਏ ਹੋਏ ਇੱਕ ਰਾਗੀ ਸਿੰਘ ਨੇ ਦੱਸਿਆ ਕਿ ਮੈਂ ਚੜ੍ਹ ਮਜਾਰੇ ਪਿੰਡ ਤੋਂ ਹਾਂ। ਚੜ੍ਹ ਮਜਾਰੇ ਦਾ ਨਾਂ ਸੁਣ ਕੇ ਮੈਨੂੰ 'ਸਾਈਕਲ-ਮੁਰੰਮਤੀ ਮਿੱਤਰ' ਦੀਸ਼ ਦਾ ਚੇਤਾ ਆ ਗਿਆ! ਉਸ ਰਾਗੀ ਸਿੰਘ ਨੂੰ ਮੈਂ ਦੀਸ਼ ਨਾਲ ਆਪਣੀ ਪੁਰਾਣੀ ਦੋਸਤੀ ਬਾਰੇ ਗੱਲਾਂ ਕਰਦਿਆਂ ਕਿਹਾ ਕਿ ਕਿਸੇ ਦਿਨ ਮੈਂ ਉਹਨੂੰ ਮਿਲਣ ਜਾਵਾਂਗਾ ! ਲਉ ਜੀ, ਉਸਤੋਂ ਦੂਜੇ ਦਿਨ ਹੀ ਸੁਵਖਤੇ ਸਾਡਾ ਗੇਟ ਖੜਕਿਆ! ਹੱਥ ਵਿੱਚ ਡੱਬਾ ਅਤੇ ਕਾਰਡਲਈ ਦੀਸ਼ ਵਿਹੜੇ 'ਚ ਆ ਖੜ੍ਹਾ ਹੋਇਆ! ਮੈਂ ਉਹਨੂੰ ਘੁੱਟ ਕੇ ਜੱਫੀ 'ਚ ਲੈ ਲਿਆ! ਉਸਨੂੰ ਦੇਖਦਿਆਂ ਸਾਰ ਮੈਨੂੰ 'ਵੈਲਡਿੰਗ' ਕੀਤੇ 'ਫ੍ਰੇਮ' ਵਾ਼ਲਾ ਆਪਣਾ ਸਾਈਕਲ ਚੇਤੇ ਆ ਗਿਆ! ਨਾ਼ਲੇ ਅਸਮਾਨ ਪੁਰ, ਜਾਡਲੇ ਅਤੇ ਚੜ੍ਹ ਮਜਾਰੇ ਦੇ ਕਈ ਪੁਰਾਣੇ ਵਾਕਿਆਤ ਜਿਹਨ 'ਚ ਘੁੰਮਣ ਲੱਗ ਪਏ!

ਆਪਣੇ ਬੇਟੇ ਦੇ ਵਿਆਹ ਦਾ ਕਾਰਡ ਦੇਣ ਆਇਆ ਦੀਸ਼ ਜਦ ਮੈਨੂੰ ਵਾਰ ਵਾਰ 'ਜਰੂਰ ਆਉਣ' ਦੀ ਤਾਕੀਦ ਕਰਨ ਲੱਗਾ ਤਾਂ ਮੈਂ ਪਸੀਜਦਿਆਂ ਹੋਇਆਂ ਉਸਨੂੰ ਦੁਬਾਰਾ ਗਲਵਕੜੀ ਪਾਉਂਦਿਆਂ ਕਿਹਾ ਕਿ ਵੀਰਿਆ, ਸੌ ਰੁਝੇਵੇਂ ਛੱਡ ਕੇ ਵੀ ਮੈਂ ਤੇਰੇ ਘਰ ਜਰੂਰ ਪਹੁੰਚਾਂ ਗਾ! ਸਾਡੇ ਘਰੇ ਕਾਰ ਖੜ੍ਹੀ ਦੇਖ ਕੇ ਉਸਨੇ ਖੁਸ਼ ਹੁੰਦਿਆਂ ਮੈਨੂੰ ਦੱਸਿਆ ਕਿ ਹੁਣ 'ਤੁਹਾਡੇ ਇਸ ਨਿਮਾਣੇ ਭਰਾ' 'ਤੇ ਵੀ ਮਾਲਕ ਦੀ ਪੂਰੀ ਮਿਹਰ ਹੈ!

ਸੱਚ ਮੁਚ ਜਦ ਮੈਂ ਉਹਦੇ ਘਰੇ ਅਖੰਡ ਪਾਠ ਦੇ ਭੋਗ ਮੌਕੇ ਪਹੁੰਚਿਆ ਤਾਂ ਬਾਗੋ ਬਾਗ ਹੁੰਦਿਆਂ ਉਸਨੇ 'ਕੱਲੇ 'ਕੱਲੇ ਮਹਿਮਾਨ ਨਾਲ ਮੇਰਾ ਤੁਆਰਫ ਕਰਾਇਆ! ਇਸ ਮੌਕੇ ਉਹਦੇ ਚਿਹਰੇ ਦੇ ਹਾਵ-ਭਾਵ ਦੱਸ ਰਹੇ ਸਨ ਕਿ ਉਸਨੂੰ ਮੇਰੇ ਆਉਣ ਦਾ ਕਿੰਨਾ ਚਾਅ-ਉਮਾਹ ਚੜ੍ਹਿਆ ਹੋਇਆ ਐ! ਸਮਾਗਮ ਵਿੱਚ ਵੀ ਉਹ ਮੇਰੇ ਗੋਡੇ ਨਾਲ ਗੋਡਾ ਜੋੜ ਕੇ ਬੈਠਾ ਰਿਹਾ! ਉਸੇ ਦਿਨ ਇੱਕ-ਦੋ ਹੋਰ ਕਾਰਜਾਂ 'ਤੇ ਨਾ ਪਹੁੰਚ ਸਕਣ ਸਦਕਾ 'ਖਿਮਾਂ ਮੰਗ ਲੈਣ' ਦੀ ਸੋਚ ਕੇ ਮੈਂ ਦੀਸ਼ ਦੇ ਘਰ ਹੀ ਪੂਰੇ ਸਮਾਗਮ ਦਾ ਅਨੰਦ ਮਾਣਿਆਂ! ਲੰਗਰ ਛਕ ਕੇ ਤੁਰਨ ਵੇਲੇ ਜਦ ਉਸਨੇ ਮੈਨੂੰ ਜਲੇਬੀਆਂ ਵਾ਼ਲੇ ਲਿਫਾਫੇ ਦੇ ਨਾਲ ਇੱਕ ਨੀਲੀ ਦਸਤਾਰ ਵੀ ਭੇਂਟ ਕੀਤੀ ਤਾਂ ਵੈਰਾਗ ਨਾ਼ਲ ਮੇਰੀਆਂ ਅੱਖਾਂ ਵੀਛਲਕ ਪਈਆਂ!

**ਹਾਸ ਵਿਅੰਗ**

# ਸ਼ਗਨ ਵਾਲਾ ਲਿਫਾਫਾ

**ਸੁਖਬੀਰ ਸਿੰਘ ਖੁਰਮਣੀਆਂ**

ਨਿਮਾਣਾ ਸਿਹੁੰ ਦੇ ਇਕ ਸਾਥੀ ਦੇ ਲੜਕੇ ਦਾ ਵਿਆਹ ਸੀ। ਨਿਮਾਣਾ ਸਿਹੁੰ ਨੂੰ ਵੀ ਸੱਦਾ ਪੱਤਰ ਆਇਆ। ਵਿਆਹ ਤੋਂ ਦੋ ਚਾਰ ਦਿਨ ਬਾਅਦ ਨਿਮਾਣਾ ਪਰਿਵਾਰ ਸਮੇਤ ਉਨ੍ਹਾਂ ਦੇ ਘਰ ਮਿਲਣ ਗਿਆ। ਰਸਮੀ ਤੌਰ ਤੇ ਮਿਲਣ ਤੋਂ ਬਾਅਦ ਕਿਹਾ, ਭਾਅ ਜੀ, ਤੁਹਾਡੇ ਬੇਟੇ ਦਾ ਵਿਆਹ ਬਹੁਤ ਵਧੀਆ ਹੋਇਆ, ਬਹੁਤ ਵਧੀਆ ਪ੍ਰਬੰਧ ਸੀ। ਤੁਹਾਨੂੰ ਰਿਸ਼ਤੇਦਾਰ ਵੀ ਬੜੇ ਚੰਗੇ ਮਿਲੇ। ਵਿਆਹ ਵੇਖ ਮਨ ਖੁਸ਼ ਹੋ ਗਿਆ। ਨਿਮਾਣੇ ਦੇ ਸਾਥੀ ਦੀ ਸ਼੍ਰੀਮਤੀ ਜੀ ਬੋ਼ਲੇ, ਗੱਲਾਂ ਬਾਤਾਂ ਤਾਂ ਫਿਰ ਹੁੰਦੀਆਂ ਰਹਿਣਗੀਆਂ। ਭਾਅ-ਜੀ ਆਏ ਹਨ ਇਨ੍ਹਾਂ ਨੂੰ ਨਾਲ ਲੈ ਕੇ ਸ਼ਗਨ ਵਾਲੇ ਲਿਫ਼ਾਫ਼ੇ ਵੇਖ ਲਓ। ਜਿਹਨਾਂ ਕੋਲੋਂ ਤੁਸੀਂ ਪੈਸੇ ਉਧਾਰ ਫੜ੍ਹੇ ਸੀ, ਇਹ ਪੈਸੇ ਉਹਨਾਂ ਨੂੰ ਵਾਪਸ ਕਰ ਆਇਓ। ਫਿਰ ਵੀ ਕਿਤੇ ਜ਼ਿੰਦਗੀ ਵਿਚ ਬੰਦੇ ਦੀ ਲੋੜ ਹੁੰਦੀ ਆ।

ਰੱਬ ਦਾ ਨਾਂਅ ਧਿਆ ਕੇ ਸ਼ਗਨ ਵਾਲੇ ਲਿਫ਼ਾਫਿਆਂ ਵਿੱਚ ਸਭ ਤੋਂ ਪਹਿਲਾਂ ਇਕ ਸਵਾ ਫੁਟ ਤੋਂ ਵੱਡਾ ਲਿਫ਼ਾਫਾ ਖੋਲ੍ਹਿਆ। ਲੰਮੀ ਬਾਂਹ ਕਰਕੇ ਉਸ ਵਿੱਚੋਂ ਇੱਕੀ ਸੌ ਰੁਪਈਆ ਨਿਕਲਿਆ। ਸਾਰੇ ਬੜਾ ਖੁਸ਼ ਹੋਏ ਕਿ ਵੇਖੋ! ਸ਼ੁਰੂਆਤ ਕਿੰਨੀ ਵਧੀਆ ਹੋਈ ਜੇ! ਘਰ ਵਾਲਿਆਂ ਦੇ ਚਿਹਰੇ ਤੇ ਵੱਖਰਾ ਨੂਰ ਛਲਕਣ ਲੱਗਾ। ਸ਼੍ਰੀਮਤੀ ਜੀ ਚਾਹ ਬਣਾ ਕੇ ਲਿਆਏ। ਉਹਨਾਂ ਜਦ ਇੱਕੀ ਸੌ ਵਾ਼ਲਾ ਲਿਫ਼ਾਫ਼ਾ ਵੇਖਿਆ ਤਾਂ ਉਸ ਉਪਰ। ''ਸ਼ੁਭ ਇੱਛਾਵਾਂ'' ਲਿਖਿਆ ਹੋਇਆ ਸੀ।



ਲਿਫ਼ਾਫ਼ੇ ਦੇ ਅੰਦਰੋਂ ਨਾਂਵਾਂ ਦੀ ਇੱਕ ਲੰਮੀ ਲਿਸਟ ਨਿਕਲੀ। ਸ਼੍ਰੀਮਤੀ ਜੀ ਇੱਕੀ ਸੌ ਨੂੰ ਤੇਰ੍ਹਾਂ ਤੇ ਭਾਗ ਦਿੰਦੀ ਚਾਹ ਵਾਂਗ ਉਬਾਲੇ ਖਾਣ ਲੱਗੀ। ਉਸ ਦੇ ਮੂੰਹ ਵਿੱਚੋਂ ਤਿੱਖੇ ਬੋਲ ਨਿਕਲਣ ਲੱਗੇ ਜਿਵੇਂ ਪੈਂਤੀ ਦੀ ਸਪੀਡ ਵਾਲਾ ਰਿਕਾਰਡ ਗਲਤੀ ਨਾ਼ਲ ਪੰਜ਼ਤਾਲੀ ਦੀ ਸਪੀਡ ਤੇ ਲੱਗ ਗਿਆ ਹੋਵੇ। ਤੇਜ਼ ਬੋਲਣ ਕਰਕੇ ਉਸਦੇ ਵਿਅੰਗਮਈ ਤੇ ਗਰਮ ਬੋਲ ਪੂਰੀ ਤਰ੍ਹਾਂ ਸਮਝ ਨਹੀਂ ਆ ਰਹੇ ਸਨ। ਹਾਂ, ਕੁੱਝ ਬੋਲ ਪੱਲੇ ਪਏ ਜਿਵੇਂ ਕਹਿ ਰਹੀ ਹੋਵੇ ਦੋ ਹਜ਼ਾਰ ਦੀ ਪਲੇਟ ਤੇ ਚਾਰ ਸੌ ਦਾ ਡੱਬਾ--। ਉਹ ਲਗਾਤਾਰ ਬੋਲਦੀ ਜਾ ਰਹੀ ਸੀ, ਹੋਰ ਤੇ ਹੋਰ ਕਈ ਤੁਹਾਡੇ ਸਾਥੀ ਤਾਂ ਦੋ-ਦੋ ਚਾਰ- ਚਾਰ ਜਣੇ ਨਾਲ ਹੋਰ ਲੈ ਕੇ ਆਏ ਸੀ, ਜਿਵੇਂ ਇਥੇ --।

ਭੈਣ ਜੀ ਚੁੱਪ ਕਰੋ, ਇਹ ਅੱਗੇ ਹੀ ਦਿਲ ਦੇ ਮਰੀਜ਼ ਨੇ। ਇਹ ਟੈਨਸ਼ਨ ਬੜੀ ਛੇਤੀ ਲੈ ਜਾਂਦੇ ਜੇ। ਛੱਡੋ, ਜੋ ਹੋ ਗਿਆ ਸੋ ਹੋ ਗਿਆ। ਕੀ ਫ਼ਾਇਦਾ ਲਕੀਰ ਕੁਟਣ ਦਾ? ਸ਼ੁਕਰ ਕਰੋ ਭੈਣ ਜੀ ਅਗਲੇ ਆਪਣਾ ਕੀਮਤੀ ਸਮਾਂ ਕੱਢ ਕੇ ਆਏ। ਨਿਮਾਣੇ ਨੇ ਰਿਸ਼ਤੇਦਾਰ ਦੀ ਪਤਨੀ ਨੂੰ ਸਮਝਾ ਕੇ ਸ਼ਾਂਤ ਕੀਤਾ। ਏਨੀ ਦੇਰ 'ਚ ਸ਼੍ਰੀਮਤੀ ਜੀ ਦਾ ਫੂਨ ਵੱਜਿਆ।

ਫੂਨ ਚੁੱਕਦਿਆਂ ਅੱਗੋਂ ਆਵਾਜ਼ ਆਈ ਭੈਣ ਜੀ ਕੀ ਹਾਲ ਏ?, ਭੈਣ ਜੀ ਵਿਆਹ ਵੇਖ ਕੇ ਸਾਨੂੰ ਬਹੁਤ ਆਨੰਦ ਆਇਆ, ਮਨ ਖੁਸ਼ ਹੋ ਗਿਆ। ਹਾਂ ਜਿਹੜੇ ਤੁਸੀਂ ਮੇਰੀ ਵੱਡੀ ਬੇਟੀ ਦੇ ਕੱਪੜੇ ਬਣਾਉਣੇ ਹਨ ਨਾ, ਉਹ ਸਿਲਕ ਦਾ ਸੂਟ ਪਾਉਂਦੀ ਜੇ, ਜ਼ਰਾ ਧਿਆਨ ਰੱਖਣਾ। ਸਾਡਾ ਪ੍ਰਾਹੁਣਾ ਵੀ ਫੁੱਲ ਵੈਲ ਦੀ ਸਾਢੇ ਸੱਤ ਮੀਟਰ ਤੋਂ ਘੱਟ ਪੱਗ ਨਹੀਂ ਜੇ ਬੰਨ ਦਾ--। ਉਨ੍ਹਾਂ ਦੀ ਤਿੰਨ ਸਾਲ ਦੀ ਬੇਟੀ ਲਈ ਭਾਵੇਂ ਗਰਮੀ 'ਚ ਪਾਉਣ ਵਾਲੇ ਰੈਡੀਮੇਟ ਹੀ ਕੱਪੜੇ ਲੈ ਆਇਓ--।

ਸ਼੍ਰੀਮਤੀ ਜੀ ਨੇ ਗੱਲ ਪੂਰੀ ਸੁਣਨ ਤੋਂ ਪਹਿਲਾਂ ਹੀ ਫੂਨ ਕੱਟ ਦਿੱਤਾ। ਅਖੇ ਦੇ ਕੇ ਦੋ ਸੌ ਰੁਪਈਆ ਗਏ। ਤਿੰਨ ਜਣੇ ਵਿਆਹ ਖਾਅ ਗਏ। ਸਾਡੇ ਕੋਲੋਂ ਚਾਰ ਹਜ਼ਾਰ ਦੇ ਕੱਪੜੇ ਭਾਲਦੇ ਆ---। ਫੂਨ ਅਜੇ ਸ਼੍ਰੀਮਤੀ ਜੀ ਦੇ ਹੱਥ 'ਚ ਹੀ ਸੀ ਕਿ ਫਿਰ ਘੰਟੀ ਵੱਜੀ। ਅੱਗਿਓਂ ਕੋਈ ਹਿੰਦੀ 'ਚ ਬੋਲਿਆ। ਇਹ ਫੂਨ ਤੁਸੀਂ ਸੁਣੋ ਸਪੀਕਰ ਲਾ ਕੇ, ਕੋਈ ਤੁਹਾਡਾ ਈ ਸਾਥੀ ਲੱਗਦਾ ਜੇ। ਮੈਂ ਰਸੋਈ ਸੰਭਾਲਾਂ ਤੇ ਰੋਟੀ ਪਾਣੀ ਦਾ ਇੰਤਜ਼ਾਮ ਕਰਾਂ।

ਨਿਮਾਣੇ ਦੇ ਸਾਥੀ ਨੇ ਹੈਲੋ ਕਿਹਾ ਤਾਂ ਅੱਗਿਓਂ ਆਵਾਜ਼ ਆਈ, ਨਮਸਤੇ ਜੀ, ਮੈਂ -- ਬੋਲ ਰਹਾਂ ਹੂੰ, ਮੈਂ ਸ਼ਾਦੀ ਮੇਂ ਨਹੀਂ ਆ ਸਕਾ, ਉਸ ਦਿਨ ਮੈਂ ਕੁੱਝ ਜਿਆਦਾ ਢੀਲਾ ਹੋ ਗਿਆ ਥਾ। ਬਾਤ ਯਹ ਹੁਈ ਕਿ ਆਪਕੇ ਬੇਟੇ ਕੀ ਸ਼ਾਦੀ ਸੇ ਦੋ ਦਿਨ ਪਹਿਲੇ ਏਕ ਔਰ ਸ਼ਾਦੀ ਥੀ, ਉਸ ਸ਼ਾਦੀ ਮੇਂ ਕੁੱਝ ਜਿਆਦਾ ਹੀ ਖਾਇਆ ਪੀਆ ਗਿਆ। ਮਜ਼ੇ ਕੀ ਬਾਤ ਬਤਾਊਂ ਕਿ ਨਸ਼ਾ ਇਤਨਾ ਜਿਆਦਾ ਚੜ੍ਹ ਗਿਆ ਥਾ ਕਿ ਮੈ ਵਹਾਂ ਸ਼ਗਨ ਵਾ਼ਲਾ ਲਿਫ਼ਾਫ਼ਾ ਦੇਣਾ ਹੀ ਭੂਲ ਗਿਆ। ਉਹ ਤਾਂ ਅੱਛਾ ਹੁਆ ਕਿ ਉਸ ਦਿਨ ਛੁੱਟੀ ਥੀ। ਹਮ ਘਰ ਕੇ ਸਭੀ ਮੈਂਬਰ ਸ਼ਾਦੀ ਮੇਂ ਗਏ ਥੇ। ਮੇਰੇ ਕੋ ਘਰਵਾਲੇ ਚੁੱਕ ਚੁੱਕਾ ਸੰਭਾਲ ਕੇ ਘਰ ਲੇ-ਆਏ। ਕੋਈ ਬਾਤ ਨਹੀਂ ਚਿੰਤਾ ਮਤ ਕਰਨਾ ਹਮ ਪਰਿਵਾਰ ਸਮੇਤ ਆਪ ਕੇ ਦਰਸ਼ਨ ਕਰਨੇ ਆਏਂਗੇ।

ਉਹ ਬੋਲੀ ਜਾ ਰਿਹਾ ਸੀ ਕਿ ਸ਼੍ਰੀਮਤੀ ਜੀ ਨੇ ਆਣ ਕੇ ਫੂਨ ਦਾ ਸਵਿੱਚ ਆਫ ਕਰ ਦਿੱਤਾ ਤੇ ਘਰਵਾਲੇ ਵੱਲ ਘੂਰੀ ਵੱਟਦਿਆਂ ਦੰਦ ਕਰੀਚਦੀ ਦਾਲ ਨੂੰ ਲੱਗਣ ਵਾਲੇ ਤੜਕੇ ਲਈ ਰੱਖੇ ਪਿਆਜ਼ ਅਦਰਕ ਆਦਿ ਨੂੰ ਮਿਕਸੀਂ 'ਚ ਪਾ ਮਿਕਸੀ ਦੀ ਘਾਂਅ ਘਾਂਅ ਕਰਾਉਣ ਲੱਗੀ।

ਇਨੇ ਚਿਰ ਨੂੰ ਬਿਨਾਂ ਨਾਮ ਲਿਖੇ ਅੱਠ-ਦਸ ਲਿਫ਼ਾਫ਼ੇ ਨਿਕਲ ਆਏ। ਉਨ੍ਹਾਂ ਵਿਚੋਂ ਸੌ-ਸੌ ਰੁਪਈਆ ਹੀ ਨਿਕਲਿਆ। ਸ਼੍ਰੀਮਤੀ ਜੀ ਕੱਝ ਬੋਲਦੇ, ਉਸ ਤੋਂ ਪਹਿਲਾਂ ਹੀ ਨਿਮਾਣਾ ਬੋਲ ਪਿਆ, ਭੈਣ ਜੀ ਇਹ ਉਹ ਲਿਫ਼ਾਫ਼ੇ ਹੁੰਦੈ ਜਿਹੜੇ ਫੋਟੋ ਖਿਚਾਉਣ ਲਈ ਸਟੇਜ਼ ਦੇ ਉਪਰ ਨਵੀਂ ਵਿਆਹੀ ਜੋੜੀ ਨੂੰ ਸ਼ਗਨ ਦਿੱਤਾ ਜਾਂਦੈ। ਇਹ ਤਾਂ ਫਾਰਮੈਲਟੀ ਕੀਤੀ ਜਾਂਦੀ ਹੈ। ਇਕ ਨੇ ਤਾਂ ਸ਼ਗਨ ਵਾਲੇ ਲਿਫ਼ਾਫ਼ੇ 'ਤੇ ਗੈਸ ਸਿਲੰਡਰ ਦੀ ਸੀਲ ਤੋਂ ਵੀ ਵੱਧ ਪੰਜ ਸੱਤ ਵਲ ਮਾਰੇ ਹੋਏ ਸਨ। ਧਾਗੇ ਨੂੰ ਪੀਚਵੀਆਂ ਗੰਢਾਂ ਦਿੱਤੀਆਂ ਸਨ। ਸਾਰੇ ਬੜੀ ਉਤਸੁਕਤਾ ਨਾਲ ਲਿਫ਼ਾਫ਼ੇ ਵੱਲ ਵੇਖਣ ਲੱਗੇ ਜਿਵੇਂ ਬੋਰਡ ਦਾ ਨਤੀਜਾ ਵੇਖੀ-ਦਾ। ਜਦੋਂ ਗੰਢਾਂ ਨਹੁੰਆਂ ਨਾਲ ਵੀ ਨਾ ਖੁੱਲ੍ਹੀਆਂ ਤਾਂ ਧਾਗੇ ਨੂੰ ਕੈਂਚੀ ਨਾ਼ਲ ਕੱਟਣ ਉਪਰੰਤ ਉਸ ਲਿਫ਼ਾਫ਼ੇ ਵਿਚੋਂ ਸੈਲੋ ਟੇਪ ਨਾਲ ਕਈ ਥਾਵਾਂ ਤੋਂ ਜੁੜਿਆ ਸੌ ਦਾ ਨੋਟ ਨਿਕਲਿਆ। ਸ਼੍ਰੀਮਤੀ ਜੀ ਨੇ ਬੁੜ-ਬੁੜ ਕਰਦਿਆਂ ਨਿਮਾਣੇ ਦੇ ਸਾਥੀ ਵੱਲ ਇਸ ਤਰ੍ਹਾਂ ਵੇਖਿਆ ਜਿਵੇਂ ਪੁਲਸ ਮੁਜ਼ਰਮ ਵੱਲ ਵੇਖਦੀ।

ਨਿਮਾਣੇ ਦਾ ਰਿਸ਼ਤੇਦਾਰ ਨੀਵੀਂ ਪਾਈ ਹੋਰ ਲਿਫ਼ਾਫ਼ੇ ਫਰੋਲਣ ਲੱਗ ਪਿਆ। ਉਸਦੇ ਚਿਹਰੇ ਤੋਂ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਉਹ ਅੰਦਰ ਹੀ ਅੰਦਰ ਵਿਸ ਘੋ਼ਲਦਾ ਮਨ 'ਚ ਸੋਚਦਾ ਹੋਵੇ ਕਿ ਉਹ ਸਮੇਂ ਕਿੰਨੇ ਚੰਗੇ ਸੀ, ਜਦੋਂ ਸਾਦੇ ਵਿਆਹ, ਸਾਦੇ ਭੋਗ। ਨਾ ਕੋਈ ਚਿੰਤਾ, ਤੇ ਨਾ ਕੋਈ ਰੋਗ--ਹੁੰਦੇ ਸਨ।

# ਪੰਜਾਬ ਦੇ ਬੱਚਿਆਂ ਨੂੰ ਮਾਂ ਬੋਲੀ ਤੋਂ ਕੀਤਾ ਜਾ ਰਿਹਾ ਦੂਰ: ਡਾ. ਕਥੂਰੀਆ

**ਜਲੰਧਰ-** ਵਿਸ਼ਵ ਪੰਜਾਬੀ ਸਭਾ (ਕੈਨੇਡਾ) ਤੇ ਉਨਟਾਰੀਓ ਫਰੈਂਡਰ ਕਲੱਬ ਦੇ ਪ੍ਰਧਾਨ ਡਾ ਦਲਬੀਰ ਸਿੰਘ ਕਥੂਰੀਆ ਨੇ ਕਿਹਾ ਕਿ ਪੰਜਾਬੀ ਮਾਂ ਬੋਲੀ ਨੂੰ ਅੱਖੋਂ ਪਰੋਖੇ ਕੀਤੇ ਜਾਣ ਦੇ ਮੁੱਦੇ 'ਤੇ ਬਹੁਤੇ ਲੋਕ ਚਿੰਤਾ ਪ੍ਰਗਟਾਉਣ ਤੋਂ ਬਿਨਾਂ ਹੋਰ ਕੁਝ ਨਹੀਂ ਕਰਦੇ। ਪੰਜਾਬ ਵਿਚ ਅਜਿਹੇ ਕੁਝ ਸਕੂਲ ਹਨ, ਜਿੱਥੇ ਪੰਜਾਬੀ ਬੋਲਣ 'ਤੇ ਵਿਦਿਆਰਥੀਆਂ ਨੂੰ ਜ਼ੁਰਮਾਨਾ ਲਾ ਦਿੱਤਾ ਜਾਂਦਾ ਹੈ। ਇੰਝ ਪੰਜਾਬੀ ਬੋਲੀ ਵਿਰੁੱਧ ਸਾਜ਼ਿਸ਼ ਚੱਲ ਰਹੀ ਹੈ ਤੇ ਬੱਚਿਆਂ ਨੂੰ ਮਾਂ ਬੋਲੀ ਤੋਂ ਹੀ ਦੂਰ ਕੀਤਾ ਜਾ ਰਿਹਾ ਹੈ।




ਜਲੰਧਰ ਵਿਚ ਪੰਜਾਬੀ ਭਾਸ਼ਾ ਨੂੰ ਸਮਰਪਿਤ ਸਮਾਰੋਹ ਵਿਚ ਸ਼ਿਰਕਤ ਕਰਨ ਲਈ ਟੋਰਾਂਟੋ ਤੋਂ ਪੰਜਾਬ ਪੁੱਜੇ ਡਾ. ਕਥੂਰੀਆ ਨੇ ਕਿਹਾ ਕਿ ਉਹ ਹੋਰਨਾਂ ਬੋਲੀਆਂ ਦੇ ਵਿਰੋਧੀ ਨਹੀਂ ਹਨ, ਪਰ ਪੰਜਾਬ ਵਿਚ ਪੰਜਾਬੀ ਨੂੰ ਕਦੇ ਵਿਸਾਰਿਆ ਨਹੀਂ ਜਾਣਾ ਚਾਹੀਦਾ ਪਰ ਅਜਿਹਾ ਸਾਜ਼ਿਸ਼ਨ ਹੋ ਰਿਹਾ ਹੈ। ਹਾਲੇ ਤੱਕ ਸੂਬੇ ਵਿਚ ਸਾਰੀਆਂ ਦੁਕਾਨਾਂ ਤੇ ਹੋਰ ਵਪਾਰਕ ਅਦਾਰਿਆਂ ਦੇ ਬੋਰਡ ਪੰਜਾਬੀ ਵਿਚ ਨਹੀਂ ਲੱਗੇ। ਕੁਝ ਸਰਕਾਰੀ ਮਹਿਕਮਿਆਂ ਦੇ ਬੋਰਡ ਹਾਲੇ ਅੰਗਰੇਜ਼ੀ ਵਿਚ ਚਮਕਦੇ ਨਜ਼ਰੀ ਪੈਂਦੇ ਹਨ।

ਉਨ੍ਹਾਂ ਕਿਹਾ ਕਿ ਸਾਡੇ ਬੱਡੇ ਵੱਡੇ ਅਫ਼ਸਰ ਬਣਨਾ ਚਾਹੁੰਦੇ ਹਨ, ਪਰ ਉਨ੍ਹਾਂ ਦੇ ਮਨਾਂ ਵਿਚ ਇਹ ਗੱਲ ਘਰ ਗਈ ਹੈ ਕਿ ਪੰਜਾਬੀ ਪੜ੍ਹ ਕੇ ਉਹ ਉੱਚ ਅਧਿਕਾਰੀ ਨਹੀਂ ਬਣ ਸਕਦੇ, ਇਸੇ ਲਈ ਉਹ ਮਾਂ-ਬੋਲੀ ਨੂੰ ਪੜ੍ਹਨਾ ਨਹੀਂ ਚਾਹੁੰਦੇ। ਬਹੁਤੇ ਨੌਜਵਾਨਾਂ ਨੂੰ ਜਾਪਦਾ ਹੈ ਕਿ ਪੰਜਾਬੀ ਪੜ੍ਹ ਕੇ ਪ੍ਰੋਫੈਸਰ ਤਾਂ ਲੱਗਿਆ ਜਾ ਸਕਦਾ ਹੈ, ਪਰ ਵੱਡੀ ਨੌਕਰੀ ਨਹੀਂ ਮਿਲ ਸਕਦੀ, ਕਿਉਂਕਿ ਉੱਥੇ ਤਾਂ ਅੰਗਰੇਜ਼ੀ ਚੱਲਦੀ ਹੈ। ਇਸ ਲਈ ਸਾਨੂੰ ਢਾਂਚਾ ਬਦਲਣ ਦੀ ਜ਼ਰੂਰਤ ਹੈ। ਇਸ ਵਿਚ ਔਖਾ ਕੁਝ ਵੀ ਨਹੀਂ ਹੈ, ਬੱਸ ਇਸ ਦਿਸ਼ਾ ਵੱਲ ਅੱਗੇ ਵੱਧਣਾ ਸ਼ੁਰੂ ਕਰਨ ਦੀ ਢਿੱਲ ਹੈ। ਗੈਰ-ਰਸਮੀ ਗੱਲਬਾਤ ਦੌਰਾਨ ਡਾ. ਕਥੂਰੀਆ ਨੇ ਕਿਹਾ ਕਿ ਉਹ 10 ਵਰ੍ਹੇ 'ਜਗਤ ਪੰਜਾਬੀ ਸਭਾ' ਨਾਲ ਪ੍ਰਧਾਨ ਦੀ ਹੈਸੀਅਤ ਨਾਲ ਜੁੜੇ ਰਹੇ। ਪਿਛਲੇ ਤਿੰਨ ਮਹੀਨਿਆਂ ਤੋਂ ਉਨ੍ਹਾਂ 'ਵਿਸ਼ਵ ਪੰਜਾਬੀ ਸਭਾ' ਦੀ ਸਥਾਪਨਾ ਕੀਤੀ ਹੈ ਤੇ ਇਨ੍ਹਾਂ ਮਹੀਨਿਆਂ ਵਿਚ ਇਹ ਸਭਾ ਚਾਰ ਸਮਾਰੋਹ ਕਰ ਚੁੱਕੀ ਹੈ। ਪੰਜਾਬ ਵਿਚ 17 ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤੇ ਗਏ ਹਨ ਤੇ ਉਨ੍ਹਾਂ ਨੇ ਆਪਣੇ ਨਾਲ ਪੰਜ-ਪੰਜ ਮੈਂਬਰਾਂ ਦੀ ਕਮੇਟੀ ਕਾਇਮ ਕਰਨੀ ਹੈ। ਇਹ ਕਮੇਟੀਆਂ ਨਿੱਕੇ ਬੱਚਿਆਂ ਨੂੰ ਪੰਜਾਬੀ ਨਾਲ ਜੋੜਨ ਦਾ ਕੰਮ ਕਰਨਗੀਆਂ। ਉਨ੍ਹਾਂ ਕਿਹਾ ਕਿ ਵੱਡੀ ਉਮਰ ਵਿਚ ਜਾ ਕੇ ਕੋਈ ਛੇਤੀ ਕਿਤੇ ਆਪਣੇ ਵਿਚਾਰ ਨਹੀਂ ਬਦਲਣਾ ਚਾਹੁੰਦਾ ਪਰ ਗਿੱਲੀ ਮਿੱਟੀ ਵਰਗੇ ਨਿੱਕੜਿਆਂ ਨੂੰ ਸਮਝਾਇਆ ਜਾ ਰਿਹਾ ਹੈ। ਉਨ੍ਹਾਂ ਨੂੰ 'ਊੜਾ ਐੜਾ' ਤੋਂ ਸ਼ੁਰੂਆਤ ਕੀਤੀ ਜਾਂਦੀ ਹੈ। ਰਾਇਲ ਅਮੈਰਿਕਨ ਯੂਨੀਵਰਸਿਟੀ ਤੋਂ ਡਾਕਟਰੇਟ ਦੀ ਆਨਰੇਰੀ ਡਿਗਰੀ ਪ੍ਰਾਪਤ ਡਾ। ਕਥੂਰੀਆ ਨੇ ਕਿਹਾ ਕਿ ਨੌਜਵਾਨਾਂ ਨੂੰ ਪੰਜਾਬੀ ਸਾਹਿਤ ਪੜ੍ਹਨ ਲਈ ਪ੍ਰੇਰਿਤ ਕਰਨ ਦੀ ਜ਼ਰੂਰਤ ਹੈ। ਪੰਜਾਬੀ ਸਾਹਿਤ ਲਿਖਿਆ ਤਾਂ ਬਹੁਤਾਤ ਵਿਚ ਜਾ ਰਿਹਾ ਹੈ, ਪਰ ਉਨ੍ਹਾਂ ਨੂੰ ਛੇਤੀ ਕਿਤੇ ਕੋਈ ਪੜ੍ਹਨ ਵਾਲਾ ਨਹੀਂ ਮਿਲਦਾ। ਡਾ. ਦਲਬੀਰ ਸਿੰਘ ਕਥੂਰੀਆ ਦੋ ਕਿਤਾਬਾਂ 'ਪੰਜਾਬੀ ਭਾਸ਼ਾ ਤੇ ਵਿਰਸਾ' ਅਤੇ 'ਪੰਜਾਬੀ ਭਾਸ਼ਾ ਅਤੇ ਸੱਭਿਆਚਾਰ' ਦਾ ਸੰਪਾਦਨ ਕਰ ਚੁੱਕੇ ਹਨ। ਪਹਿਲੀ ਕਿਤਾਬ ਲਈ ਡਾ. ਬਲਬੀਰ ਕੌਰ ਰਾਏਕੋਟੀ ਉਨ੍ਹਾਂ ਦੇ ਸਹਿ-ਸੰਪਾਦਕ ਰਹੇ, ਜਦ ਕਿ ਦੂਜੀ ਪੁਸਤਕ ਉਨ੍ਹਾਂ ਸੁਖਿੰਦਰ ਕੈਨੇਡਾ ਨਾਲ ਮਿਲ ਕੇ ਸੰਪਾਦਕ ਕੀਤੀ। ਇਹ ਦੋਵੇਂ ਕਿਤਾਬਾਂ ਜਲੰਧਰ ਸਮਾਰੋਹ ਦੌਰਾਨ ਜਨਤਕ ਕੀਤੀਆਂ ਗਈਆਂ।

**ਕਾਵਿ-ਵਿਅੰਗ**

## ਸੋਗ-ਵਿਯੋਗ 'ਚੋਂ ਵੀ ਵੋਟਾਂ?

ਸਾਡੇ 'ਕਾਰੇ' ਨਹੀਂ ਲੋਕਾਂ ਨੂੰ ਯਾਦ ਹੋਣੇ
ਆਗੂ ਭਰਮ ਇਹ ਦਿਲਾਂ 'ਚ ਪਾ਼ਲਦੇ ਨੇ।
ਲੋਕੀ ਪੁੱਛਦੇ ਜਦ ਵੀ ਸਵਾਲ ਤਿੱਖੇ
'ਗੋ਼ਲ-ਮੋ਼ਲ' ਜਵਾਬ ਦੇ ਟਾ਼ਲਦੇ ਨੇ।
ਵਾਂਗੂੰ ਜੋਕ ਦੇ ਚਿੰਬੜੇ ਅਹੁਦਿਆਂ ਨੂੰ
ਨਿੱਜਪ੍ਰਸਤੀ ਲਈ ਘਾਲਣਾ ਘਾ਼ਲਦੇ ਨੇ।
'ਕੱਠ ਕਿਸੇ ਵੀ ਤਰਾਂ ਦੇ ਹੋਣ ਭਾਵੇਂ
ਭੁੱਖ ਸੱਤਾ ਦੀ ਸਦਾ ਦਿਖਾ਼ਲਦੇ ਨੇ।
ਹੱਸਣ-ਰੋਣ ਦੇ ਨਾਟਕ ਕਰ ਲੈਣ ਸਾਰੇ
'ਕਲਾਕਾਰਾਂ' ਦੇ ਜਮਾਂ ਹੀ ਨਾ਼ਲ ਦੇ ਨੇ।
ਬਾਬਾ ਆਦਮ ਨਿਰਾਲਾ ਹੈ ਲੀਡਰਾਂ ਦਾ
ਸੋਗ-ਵਿਯੋਗ 'ਚੋਂ ਵੋਟਾਂ ਹੀ ਭਾ਼ਲਦੇ ਨੇ !

**-ਤਰਲੋਚਨ ਸਿੰਘ ਦੁਪਾਲ ਪੁਰ**
001-408-915-1268

## ਮਾਂ ਦਿਵਸ ’ਤੇ

# ‘ਸੰਦਲੀ ਪੌਣਾਂ ਝੂੱਲਦੀਆਂ, ਜਿੱਥੇ ਔਰਤ ਦਾ ਸਨਮਾਨ’



ਪ੍ਰੋ: ਐਚ ਐਲ ਕਪੂਰ

**‘ਮਾਂ ਦਿਵਸ’** ਸੰਸਾਰ ਵਿਚ ਪਹਿਲੀ ਵਾਰ 1908 ਨੂੰ ਉੱਤਰੀ ਅਮਰੀਕਾ ਦੇ ਸ਼ਹਿਰ ਗਰਾਫਟਨ ਜੋ ਪੱਛਮੀ ਵਰਜੀਨੀਆ ਵਿਚ ਸਥਿਤ ਹੈ, ਵਿਖੇ ਮਨਾਇਆ ਗਿਆ। ਇਹ ਦਿਨ ਅੰਨਾ ਜਾਰਵਿਸ ਨਾਂ ਦੀ ਲੜਕੀ ਨੇ ਆਪਣੀ ਮਾਂ ਅੰਨਾ ਰੀਵਜ਼ ਜਾਰਵਿਸ ਦੀ 1908 ਵਿਚ ਹੋਈ ਮੌਤ ਉਪਰੰਤ ਮਨਾਇਆ। ਉਸਦੀ ਮਾਂ ਇਕ ਸਮਾਜ ਸੇਵਿਕਾ ਸੀ। ਅੱਗੋਂ ਤੋਂ ’ਮਾਂ ਦਿਵਸ’ ਹਰ ਸਾਲ ਮਈ ਮਹੀਨੇ ਦੇ ਦੂਸਰੇ ਐਤਵਾਰ ਨੂੰ ਮਨਾਉਣ ਦਾ ਫੈਸਲਾ ਵੀ ਕੀਤਾ ਗਿਆ। ਇਹ ਮਾਂ ਦਿਵਸ ਹਰ ਸਾਲ ਕੌਮਾਂਤਰੀ ਪੱਧਰ ਤੇ ਉਦੋਂ ਤੋਂ ਲੈ ਕੇ ਅੱਜ ਤੱਕ ਲਗਾਤਾਰ ਮਨਾਇਆ ਜਾਂਦਾ ਹੈ। ਭਾਰਤ ਵਿਚ ਪਹਿਲੀ ਵਾਰ ‘ਮਾਂ ਦਿਵਸ’ ਭਾਵ ‘ਮਹਿਲਾ ਦਿਵਸ’ 8 ਮਾਰਚ 1943 ਨੂੰ ਮਨਾਇਆ ਗਿਆ। ਇਸ ਦਿਨ ’ਤੇ ’ਮਾਂ’ ਜਾਂ ’ਮਹਿਲਾ’ ਦੀ ਮਹਾਨਤਾ ਨੂੰ ਸਮਝਿਆ ਜਾਂਦਾ ਹੈ ਤੇ ਬੱਚੇ ਉਸ ਨੂੰ ਤੋਹਫਿਆਂ ਦੇ ਰੂਪ ਵਿਚ ਤਰ੍ਹਾਂ-ਤਰ੍ਹਾਂ ਦੇ ਉਪਹਾਰ ਦਿੰਦੇ ਹਨ ਤੇ ਆਪਣੀ ਮਾਂ ਨੂੰ ਯਾਦ ਕਰਦੇ ਹਨ। ਇਸ ਦਿਨ ਨੂੰ ਲੱਗਭੱਗ 100 ਸਾਲ ਤੋਂ ਉਪਰ ਮਨਾਉਂਦਿਆਂ ਨੂੰ ਹੋ ਚੁੱਕੇ ਹਨ, ਇਸ ਦੇ ਬਾਵਜੂਦ ਅੱਜ ਵੀ ਔਰਤ ਪ੍ਰਤੀ ਮਰਦ ਦੀ ਸੋਚ ’ਚ ਫਰਕ ਨਹੀਂ ਆ ਸਕਿਆ। ਇਸ ਸਬੰਧੀ ਮੈਂ ਆਪਣੇ ਇਸ ਲੇਖ ਵਿਚ ਵਿਸਥਾਰ ਪੂਰਵਕ ਚਰਚਾ ਕਰ ਰਿਹਾ ਹਾਂ। ਆਦਿ ਕਾਲ ਤੋਂ ਹੀ ਔਰਤ ਆਪਣੇ ਸਵੈਮਾਣ ਲਈ ਤੇ ਆਪਣੀ ਹੋਂਦ ਭਾਵ ਹਸਤੀ ਨੂੰ ਕਾਇਮ ਰੱਖਣ ਲਈ ਸੰਘਰਸ਼ ਕਰ ਰਹੀ ਹੈ। ਆਦਮੀ ਨੇ ਮੁੱਢ-ਕਦੀਮ ਤੋਂ ਹੀ ਔਰਤ ਨੂੰ ਆਪਣੇ ਨਿਸ਼ਾਨੇ ਤੇ ਰੱਖਿਆ ਹੈ ਤੇ ਉਸ ਨੂੰ ਹਮੇਸ਼ਾ ਹੀ ਦਬਾਅ ਕੇ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਉਹ ਭਾਵੇਂ ਆਰਥਿਕ ਤੌਰ ਤੇ ਤਕੜੀ ਹੋਵੇ ਜਾਂ ਕਮਜ਼ੋਰ, ਸੁਤੰਤਰ ਹੋਵੇ ਜਾਂ ਗੁਲਾਮ, ਪੜ੍ਹੀ-ਲਿਖੀ ਹੋਵੇ ਜਾਂ ਅਨਪੜ੍ਹ, ਇਕ ਹੇਠਲੇ ਪੱਧਰ ਦੀ ਮਜ਼ਦੂਰ ਹੋਵੇ ਜਾਂ ਦੇਸ਼ ਦੇ ਉੱਚੇ ਤੋਂ ਉੱਚੇ ਅਹੁਦੇ ਤੇ ਬਿਰਾਜਮਾਨ, ਉਹ ਆਸਤਕ ਹੋਵੇ ਜਾਂ ਨਾਸਤਕ, ਧਨਵਾਨ ਹੋਵੇ ਜਾਂ ਨਿਰਧਨ ਆਮ ਤੌਰ ਤੇ ਉਹ ਮਰਦ ਪ੍ਰਧਾਨ ਸਮਾਜ ਵਿਚ ਆਪਣਾ ਜੀਵਨ ਬਤੀਤ ਕਰਦਿਆਂ ਆਪਣੇ ਵਿਅਕਤਿਤਵ ਦੀ ਸਹੀ ਕੀਮਤ ਨਹੀਂ ਪੁਆ ਸਕਦੀ। ਇਹ ਸਾਡੇ ਮਰਦ ਪ੍ਰਧਾਨ ਸਮਾਜ ਦੀ ਬੜੀ ਵੱਡੀ ਤ੍ਰਾਸਦੀ ਹੈ। ਵੈਸੇ ਵੀ ਇਹੀ ਨਜ਼ਰੀਆ ਸਾਨੂੰ ਦੁਨੀਆਂ ਦੇ ਹਰ ਦੇਸ਼ ਅੰਦਰ ਕਿਸੇ ਨਾ ਕਿਸੇ ਰੂਪ ਵਿਚ ਨਜ਼ਰ ਆ ਹੀ ਜਾਂਦਾ ਹੈ। ਅਸੀਂ ਆਪਣੇ ਜਾਂ ਦੁਨੀਆਂ ਦੇ ਇਤਿਹਾਸ ਵੱਲ ਜਦੋਂ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਆਪਣੇ ਜੀਵਨ ਦੇ ਹਰ ਪਹਿਲੂ ਵਿਚੋਂ, ਅਧਿਐਨ ਕਰਨ ਨਾਲ ਇਹ ਗੱਲ ਸਪਸ਼ਟ ਨਜ਼ਰ ਆਉਂਦੀ ਹੈ ਕਿ ਔਰਤ ਹਮੇਸ਼ਾ ਵਾਦ-ਵਿਵਾਦ ਦੇ ਘੇਰੇ ਵਿਚ ਰਹੀ ਹੈ। ਅਣਵਿਗਿਆਨਕ ਸੋਚ ਤੇ ਤਰਕਹੀਣ ਆਦਮੀ ਆਪਣੇ ਜੀਵਨ ਦੀ ਹਰ ਅਸਫਲਤਾ ਭਾਵੇਂ ਉਹ ਕਿਸੇ ਵੀ ਖੇਤਰ ਦੀ ਹੋਵੇ, ਉਸ ਨੂੰ ਔਰਤ ਹੀ ਆਪਣੀ ਅਸਫਲਤਾ ਦਾ ਕਾਰਨ ਨਜ਼ਰ ਆਉਂਦੀ ਹੈ। ਉਹ ਔਰਤ ਨੂੰ ਭੈੜੇ ਤੋਂ ਭੈੜੇ ਵਿਸ਼ੇਸ਼ਣਾਂ ਤੇ ਅਲੰਕਾਰਾਂ ਨਾਲ ਨਿਵਾਜਦਾ ਰਿਹਾ ਹੈ, ਜਿਵੇਂ- ਇਹ ਪੈਰ ਦੀ ਜੁੱਤੀ ਹੈ, ਇਸ ਦੀ ਗੁੱਤ ਪਿੱਛੇ ਮੱਤ ਹੈ, ਇਹ ਨਰਕ ਦਾ ਦਰਵਾਜ਼ਾ ਹੈ, ਮਰਦ ਦੀ ਤਰੱਕੀ ਵਿਚ ਅੜਿੱਕਾ ਹੈ, ਬੇਵਫ਼ਾ ਹੈ, ਪਰਾਇਆ ਧਨ ਹੈ, ਅਬਲਾ ਹੈ, ਮਨੁੱਖ ਤੇ ਇਕ ਬੋਝ ਹੈ, ਇਕ ਬਘਿਆੜਨ, ਸਪਣੀ ਤੇ ਡੈਣ ਹੈ ਆਦਿਕ। ਔਰਤ ਪ੍ਰਤੀ ਇਹ ਧਾਰਨਾ ਸਿਰਫ ਭਾਰਤ ਵਿਚ ਹੀ ਨਹੀਂ ਸਗੋਂ ਦੁਨੀਆਂ ਦੇ ਵਿਕਸਤ ਦੇਸ਼ਾਂ ਵਿਚ ਵੀ ਇਹ ਦੇਖਣ ਨੂੰ ਮਿਲਦੀ ਹੈ। ਅੰਗਰੇਜ਼ੀ ਸਾਹਿਤ ਦਾ ਸੰਸਾਰ ਪ੍ਰਸਿੱਧ ਨਾਟਕਕਾਰ ਵਿਲੀਅਮ ਸ਼ੇਕਸਪੀਅਰ ਔਰਤ ਨੂੰ ’ਕਮਜ਼ੋਰੀ ਦਾ ਦੂਸਰਾ ਨਾਮ ਦਿੰਦਾ ਹੈ।’ ਬਨਰਜ ਔਰਤ ਪ੍ਰਤੀ ਕਹਿੰਦਾ ਹੈ ਕਿ, ‘ਸ਼ੈਤਾਨ ਹੀ ਉਸ ਤੇ ਰਾਜ ਕਰਦਾ ਹੈ।’ ਨਿਤਜਸਚ ਔਰਤ ਨੂੰ ’ਰੱਬ ਦੀ ਦੂਸਰੀ ਗਲਤੀ ਮੰਨਦਾ ਹੈ।’ ਆਮ ਅਤੇ ਸਮੂਹਿਕ ਵਿਚਾਰਧਾਰਾ ਔਰਤ ਪ੍ਰਤੀ ਇਹੀ ਧਾਰਨੀ ਰੱਖਦੀ ਰਹੀ ਹੈ।

ਹਰ ਸਾਲ ਜਦੋਂ ਔਰਤ ਦਾ ਕੌਮੀ ਜਾਂ ਕੌਮਾਂਤਰੀ ਦਿਵਸ ਮਨਾਇਆ ਜਾਂਦਾ ਹੈ ਤਾਂ ਸਾਡੇ ਦੇਸ਼ ਵਿਚ ਹੀ ਨਹੀਂ, ਦੁਨੀਆਂ ਭਰ ਦੇ ਸਾਰੇ ਦੇਸ਼ਾਂ ਵਿਚ ਔਰਤ ਪ੍ਰਤੀ ਬੜੇ ਉੱਚੇ-ਉੱਚੇ ਦਮਗਜੇ ਮਾਰੇ ਜਾਂਦੇ ਹਨ, ਵੱਡੇ-ਵੱਡੇ ਭਾਸ਼ਣ ਦਿੱਤੇ ਜਾਂਦੇ ਹਨ, ਦੂਰਦਰਸ਼ਨ ਤੇ ਰੇਡੀਓ ਤੇ ਸਮਾਂ ਲੈ ਕੇ ਔਰਤ ਦੇ ਦਿਨ-ਦਿਹਾਰ ਨੂੰ ਮਨਾਉਣ ਦੇ ਬਹਾਨੇ ਨਾਲ, ਸਾਡੇ ਰਾਜਨੀਤਿਕ ਲੋਕ ਤੇ ਸਮਾਜ ਦੇ ਹੋਰ ਕਈ ਵਰਗਾਂ ਦੇ ਲੋਕ ਔਰਤ ਦੇ ਸਵੈਮਾਣ ਤੇ ਉਸ ਦੀ ਹੋਂਦ ਦੀਆਂ ਵੱਡੀਆਂ-ਵੱਡੀਆਂ ਗੱਲਾਂ ਕਰਕੇ ਔਰਤ ਵਰਗ ਦੀ ਹਮਦਰਦੀ ਹਾਸਲ ਕਰਨ ਦੇ ਯਤਨ ਕਰਦੇ ਹਨ। ਇਸ ਤਰ੍ਹਾਂ ਇਹ ਔਰਤ ਪ੍ਰਤੀ ਮਨਾਇਆ ਜਾਂਦਾ ਕੌਮੀ ਤੇ ਕੌਮਾਂਤਰੀ ਦਿਵਸ ਵੀ ਆਮ ਦਿਨਾਂ ਵਾਂਗ ਲੰਘ ਜਾਂਦਾ ਹੈ। ਔਰਤ ਨੂੰ ਆ ਰਹੀਆਂ ਮੁਸ਼ਕਿਲਾਂ ਉਸੇ ਤਰ੍ਹਾਂ ਹੀ ਬਰਕਰਾਰ ਰਹਿੰਦੀਆਂ ਹਨ। ਉਹਨਾਂ ਦਾ ਨਿਪਟਾਰਾ ਨਹੀਂ ਹੁੰਦਾ, ਸਗੋਂ ਹਾਲਾਤ ਹੋਰ ਵੀ ਗੁੰਝਲਦਾਰ ਤੇ ਨਿਰਾਸ਼ਾਜਨਕ ਹੋਈ ਜਾ ਰਹੇ ਹਨ। ਗੱਲ ਕੀ ‘ਪੰਚਾਂ ਦਾ ਕਹਿਣਾ ਸਿਰ ਮੱਥੇ, ਪਰਨਾਲਾ ਉਥੇ ਦਾ ਉਥੇ’ ਵਾਲੀ ਗੱਲ ਹੀ ਰਹਿੰਦੀ ਹੈ।

ਔਰਤ ਜਨਮ ਤੋਂ ਹੀ ਵਿਤਕਰੇ ਦਾ ਸ਼ਿਕਾਰ ਹੋ ਜਾਂਦੀ ਹੈ ਘਰ ਅਤੇ ਸਮਾਜ ਵਿਚ ਉਸ ਦਾ ਸਥਾਨ ਮਰਦ ਨਾਲੋਂ ਕਿਤੇ ਨੀਵਾਂ ਮੰਨਿਆ ਜਾਂਦਾ ਹੈ। ਉਸ ਦਾ ਪਾਲਣ-ਪੋਸ਼ਣ ਇਸ ਤਰੀਕੇ ਨਾਲ ਕੀਤਾ ਜਾਂਦਾ ਹੈ ਕਿ ਉਸ ਦੇ ਮਨ ਅੰਦਰ ਸੁਤੰਤਰ ਰਾਹ ਤੇ ਤੁਰਨ ਦੀ ਲਾਲਸਾ ਨਾ ਜਾਗੇ। ਪੰਜਾਬੀ ਦੀ ਮਹਾਨ ਲੇਖਿਕਾ ਅਜੀਤ ਕੌਰ ਨੇ ਔਰਤ ਦੀ ਇਸ ਵੇਦਨਾ ਨੂੰ ਤੇ ਔਰਤ ਦੇ ਦੁਖਾਂਤਾਂ ਨੂੰ ਆਪਣੀਆਂ ਰਚਨਾਵਾਂ ਵਿਚ ਵਿਸ਼ੇਸ਼ ਸਥਾਨ ਦਿੱਤਾ ਹੈ ਅਤੇ ਆਦਮੀ ਨੂੰ ਆਪਣੀ ਮਾਨਸਿਕਤਾ ਨੂੰ ਬਦਲਣ ਲਈ ਨਸੀਹਤ ਦਿੱਤੀ ਹੈ ਤੇ ਨਾਲ ਹੀ ਔਰਤ ਨੂੰ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਪ੍ਰਗਤੀਸ਼ੀਲ ਬਣੇ ਰਹਿਣ ਤੇ ਸੁਤੰਤਰ ਸੋਚ ਰੱਖਣ ਦੀ ਨਸੀਹਤ ਵੀ ਦਿੱਤੀ ਹੈ ਤਾਂ ਜੋ ਮਰਦ ਦੇ ਗਰੂਰ ਨੂੰ ਕਿ ‘ਮੈਂ ਮਰਦ ਹਾਂ ਤੇ ਸਭ ਕੁਝ ਕਰ ਸਕਦਾ ਹਾਂ’ ਨੂੰ ਤੋੜਿਆ ਜਾ ਸਕੇ।

ਮਰਦ ਦੀ ਨਕਾਰਾਤਮਕ ਸੋਚ ਦੀਆਂ ਜੜ੍ਹਾਂ ਸਾਡੇ ਸਮਾਜ ਵਿਚ ਬਹੁਤ ਡੂੰਘੀਆਂ ਲੱਗੀਆਂ ਹੋਈਆਂ ਹਨ। ਔਰਤ ਅਤੇ ਮਰਦ ਲਈ ਦੋ ਵੱਖਰੀ ਕਿਸਮ ਦੇ ਇਖਲਾਕੀ ਕਾਨੂੰਨ ਹਨ, ਦੋ ਵੱਖਰੀ ਕਿਸਮ ਦੀਆਂ ਇਖਲਾਕੀ ਕਦਰਾਂ ਕੀਮਤਾਂ ਹਨ, ਜਿਹਨਾਂ ਤਹਿਤ ਔਰਤ ਦੀ ਹਰ ਗੱਲ ਦਾ ਫੈਸਲਾ ਮਰਦ ਨੇ ਕਰਨਾ ਹੁੰਦਾ ਹੈ। ਮਰਦ ਪ੍ਰਧਾਨ ਸਮਾਜ ਦੀ ਹਮੇਸ਼ਾ ਇਹੋ ਨੀਤੀ ਰਹੀ ਹੈ ਕਿ ਇਸਤਰੀ ਦੇ ਸੁਭਾਅ ਨੂੰ ਆਪਣੇ ਸੁਆਰਥ ਅਨੁਸਾਰ ਢਾਲਿਆ ਜਾਵੇ। ਅਸਲ ਵਿਚ ਭਾਰਤੀ ਸਮਾਜ ਅੰਦਰ ਔਰਤ ਲਈ ਥਾਂ-ਥਾਂ ਤੇ ਬੰਦਸ਼ਾਂ ਤੇ ਅੜਿੱਕੇ ਹਨ। ਜਦੋਂ ਉਹ ਰੋਂਦੀ ਹੈ ਤਾਂ ਕਹਿੰਦੇ ਹਨ ਕਿ ਇਹ ਚਲਿੱਤਰ ਕਰਦੀ ਹੈ। ਸਭ ਤੋਂ ਵੱਧ ਕੇ ਬਲਾਤਕਾਰ ਦੀ ਤਲਵਾਰ ਹਰ ਵੇਲੇ ਔਰਤ ਦੇ ਸਿਰ ਤੇ ਲਟਕਦੀ ਰਹਿੰਦੀ ਹੈ। ਔਰਤ ਦੇ ਹੋ ਰਹੇ ਸ਼ੋਸ਼ਣ ਸਬੰਧੀ ਪ੍ਰਸਿੱਧ ਲੇਖਿਕਾ ਸ੍ਰੀਮਤੀ ਦਲੀਪ ਕੌਰ ਟਿਵਾਣਾ ਦਾ ਕਹਿਣਾ ਹੈ ਕਿ ਕਾਰੋਬਾਰੀ ਥਾਵਾਂ ਉਤੇ ਔਰਤ ਦਾ ਸ਼ੋਸ਼ਣ ਹਰੇਕ ਪੱਧਰ ਤੇ ਹੋ ਰਿਹਾ ਹੈ। ਕੁਝ ਨੌਕਰੀ ਪ੍ਰਾਪਤ ਕਰਨ ਲਈ ਤੇ ਕੁਝ ਨੂੰ ਆਪਣੀ ਨੌਕਰੀ ਬਚਾਉਣ ਲਈ ਗਲਤ ਕੰਮ ਕਰਨੇ ਪੈਂਦੇ ਹਨ। ਦੂਜਾ ਔਰਤ ਭਾਵੇਂ ਕੰਮਕਾਜੀ ਹੋਵੇ ਜਾਂ ਘਰੇਲੂ ਤਸ਼ੱਦਦ ਤੇ ਸ਼ੋਸ਼ਣ ਹਰ ਜਗ੍ਹਾ ਹੈ। ਜੇ ਉਹ ਆਪਣੇ ਪਤੀ ਦੀ ਕਿਸੇ ਗੱਲ ਦਾ ਵਿਰੋਧ ਕਰਦੀ ਹੈ ਤਾਂ ਪਤੀ ਵਿੰਗ-ਵਲ ਕੱਢਣ ਲਈ ਡੰਡੋਰਕਾ ਚੁੱਕ ਕੇ ਇਕ ਲੋਕ ਗੀਤ ਦੀ ਜਵਾਨੀ ਲਲਕਾਰਦਾ ਹੈ, “ਕਰਦੂੰ ਗਜ਼ ਵਰਗੀ, ਜੇ ਮੁੜ ਕੇ ਜਵਾਨ ਖੋਲ੍ਹੀ।”



ਅਸਲੀਅਤ ਤਾਂ ਇਹ ਹੈ ਕਿ ਸਾਡੇ ਦੇਸ਼ ਦੀ ਹਰ ਔਰਤ ਦਾ ਮਸਤਕ ਖੋਟਾ ਹੈ, ਅਜਿਹੇ ਮੁਸ਼ਕਿਲਾਂ ਭਰੇ ਹਾਲਾਤ ਨਾਲ ਜੂਝ ਰਹੀ ਔਰਤ, ਅਕਸਰ ਆਪਣੇ ਦਰਦ ਨੂੰ ਇਕ ਟੱਸ-ਟੱਸ ਕਰਦੇ ਫੋੜੇ ਵਾਂਗ ਗੰਢ ਦੇ ਕੇ ਰੱਖਦੀ ਹੈ, ਜਿਵੇਂ ਇਕ ਜ਼ਖਮੀ ਹੋਇਆ ਕਬੂਤਰ ਆਪਣੇ ਜ਼ਖਮਾਂ ਨੂੰ ਆਪਣੇ ਖੰਭਾਂ ਹੇਠ ਛੁਪਾਅ ਰੱਖਦਾ ਹੈ। ਇਸ ਤਰ੍ਹਾਂ ਔਰਤ ਆਪਣੇ ਦਿਲ ਵਿਚ ਕਿੰਨੇ ਹੀ ਦਰਦ ਛੁਪਾਈ ਰੱਖਦੀ ਹੈ। ਔਰਤ ਵਿਆਹ ਤੋਂ ਪਹਿਲਾਂ ਵੀ ਜ਼ੰਜੀਰਾਂ ਵਿਚ ਜਕੜੀ ਹੋਈ ਹੈ ਤੇ ਵਿਆਹ ਤੋਂ ਬਾਅਦ ਵੀ। ਪੰਜਾਬੀ ਸਾਹਿਤ ਦਾ ਮਸ਼ਹੂਰ ਸ਼ਾਇਰ ਸੁਰਜੀਤ ਪਾਤਰ ਔਰਤ ਦੇ ਦੁਖਾਂਤ ਨੂੰ ਆਪਣੀ ਕਵਿਤਾ ਵਿਚ ਇੰਝ ਬਿਆਨ ਕਰਦਾ ਹੈ:-

ਇਕ ਕੈਦ ’ਚੋਂ ਦੂਜੀ ਕੈਦ ਵਿਚ ਪਹੁੰਚ ਗਈ ਹੈ,
ਕੀ ਖੱਟਿਆ ਵਟਣਾ ਮਲ਼ਕੇ, ਮਹਿੰਦੀ ਲਾ ਕੇ।

ਇਹ ਸਵੈ-ਅਭਿਮਾਨੀ ਮਨੁੱਖ ਜੋ ਆਪਣੇ ਆਪ ਨੂੰ ਇਕ ਸੁਤੰਤਰ ਹੋਂਦ ਰੱਖਣ ਦਾ ਭਰਮ ਪਾਲੀ ਬੈਠਾ ਹੈ ਤੇ ਬੜੇ ਫਖਰ ਨਾਲ ਆਖਦਾ ਹੈ ਕਿ, ਮੈਂ ਕਿਸੇ ਤੋਂ ਡਰਦਾ ਨਹੀਂ ਹਾਂ ਤੇ ਨਾਲ ਹੀ ਉਹ ਮਹਾਂਪੁਰਖਾਂ ਦੇ ਦਿੱਤੇ ਗਏ ਉਪਦੇਸ਼ਾਂ ਦੀ ਪਾਲਣਾ ਵੀ ਨਹੀਂ ਕਰਦਾ ਹੈ। ਸਾਡੇ ਸ਼ਾਸਤਰਾਂ ਅਨੁਸਾਰ ਔਰਤ ਤੇ ਮਰਦ ਇਸ ਜੀਵਨ ਰੂਪੀ ਗੱਡੀ ਦੇ ਦੋ ਪਹੀਏ ਹਨ ਜੋ ਦੋਵੇਂ ਬਰਾਬਰ ਦੀ ਤਾਕਤ ਤੇ ਅਧਿਕਾਰ ਰੱਖਦੇ ਹਨ, ਜਿਹਨਾਂ ਨਾਲ ਜੀਵਨ ਦਾ ਸਾਵਾਂਪਣ ਬਣਿਆ ਰਹਿੰਦਾ ਹੈ, ਜੇਕਰ ਇਕ ਪਹੀਏ ਵਿਚ ਕੋਈ ਕੁਦਰਤੀ ਜਾਂ ਗੈਰ ਕੁਦਰਤੀ ਵਿਗਾੜ ਪੈ ਜਾਵੇ ਤਾਂ ਜੀਵਨ ਰੂਪੀ ਚਲਦੀ ਗੱਡੀ ਵਿਚ ਅਸਾਵਾਂਪਣ ਆ ਜਾਂਦਾ ਹੈ ਪਰ ਇਸ ਜੀਵਨ ਰੂਪੀ ਗੱਡੀ ਵਿਚ ਮਰਦ ਵੱਲੋਂ ਔਰਤ ਨੂੰ ਕਦੀ ਵੀ ਬਰਾਬਰ ਦਾ ਅੱਧ ਨਹੀਂ ਸਮਝਿਆ ਗਿਆ ਪਰ ਇਹ ਮਨੁੱਖ ਲਈ ਬੜੇ ਦੁੱਖ ਤੇ ਸ਼ਰਮ ਦੀ ਗੱਲ ਹੈ।

ਅੱਜ ਅਸੀਂ ਭਾਵੇਂ ‘ਕੌਮਾਂਤਰੀ ਜਾਂ ਕੌਮੀ ਮਹਿਲਾ ਦਿਵਸ’ ਮੌਕੇ ਤੇ ਕੀਤੇ ਗਏ ਸਮਾਗਮਾਂ ਤੇ ਔਰਤਾਂ ਦੇ ਹੱਕਾਂ ਲਈ ਲਾਏ ਗਏ ਵੱਡੇ-ਵੱਡੇ ਨਾਅਰਿਆਂ ਤੇ ਭਾਸ਼ਣਾਂ ਤੇ ਮਾਣ ਕਰੀਏ ਤੇ ਨਾਲ ਹੀ ਸੱਤਾ ਤੇ ਮਹੱਤਵਪੂਰਨ ਅਹੁਦਿਆਂ ਤੇ ਬਿਰਾਜਮਾਨ ਔਰਤਾਂ ਨੂੰ ਸਨਮਾਨ ਦੇ ਕੇ ਫਖਰ ਮਹਿਸੂਸ ਕਰੀਏ ਪਰ ਇਕ ਕੌੜਾ ਸੱਚ ਇਹ ਵੀ ਹੈ ਕਿ ਦੇਸ਼ ਵਿਚ ਅਜੇ ਵੀ ਕਰੋੜਾਂ ਔਰਤਾਂ ਨੂੰ ਅਨੇਕਾਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ‘ਕਬਾਇਲੀ ਖੋਜ ਅਤੇ ਸਭਿਆਚਾਰਕ ਫਾਉਂਡੇਸ਼ਨ’ ਵੱਲੋਂ ਕਰਵਾਏ ਗਏ ਸਰਵੇਖਣ ਨੇ ਜੰਮੂ-ਕਸ਼ਮੀਰ ਵਿਚ ਗੁੱਜਰ ਔਰਤਾਂ ਬਾਰੇ ਨਿਰਾਸ਼ਾਜਨਕ ਤੱਥ ਸਾਹਮਣੇ ਲਿਆਂਦੇ ਹਨ, ਭਾਵੇਂ ਇਸ ਦਾ ਦੋਸ਼ ਗਰੀਬੀ, ਅਨਪੜ੍ਹਤਾ, ਮਾੜਾ ਜੀਵਨ ਢੰਗ, ਜਲਦ ਵਿਆਹ, ਵਹਿਮ-ਭਰਮ, ਰਵਾਇਤੀ ਅਣਦੇਖੀ ਜਾਂ ਭਲਾਈ ਸਕੀਮਾਂ ਬਾਰੇ ਜਾਗਰੂਕਤਾ ਦੀ ਘਾਟ ਨੂੰ ਦੇਖੀਏ ਪਰ ਸੱਚ ਤਾਂ ਇਹ ਹੈ ਕਿ ਇਹਨਾਂ ਔਰਤਾਂ ਨੂੰ ਸਮਾਜਿਕ-ਰਾਜਨੀਤਿਕ ਖੇਤਰ ਵਿਚ ਘੱਟ ਪ੍ਰਤੀਨਿਧਤਾ ਮਿਲਦੀ ਹੈ। ਉਹਨਾਂ ਦੀ ਸ਼ਮੂਲੀਅਤ ਨਾ ਕੇਵਲ ਸੂਬੇ ਦੀ ਨੀਤੀ ਨਿਰਮਾਣ ਢਾਂਚੇ ਵਿਚ ਹੀ ਨਾਮਾਤਰ ਹੈ, ਸਗੋਂ ਗੁੱਜਰ ਮਾਮਲਿਆਂ ਲਈ ਕੰਮ ਕਰ ਰਹੇ ਇਕਮਾਤਰ ਮਹਿਕਮੇ ਵਿਚ ਵੀ ਉਹ ਪ੍ਰਤੱਖ ਤੌਰ ਤੇ ਗੈਰ ਹਾਜ਼ਰ ਹਨ।

ਅਗਰ ਸਮੁੱਚੇ ਭਾਰਤ ਵਿਚ ਔਰਤ ਦੀ ਦਸ਼ਾ ਤੇ ਝਾਤ ਮਾਰੀਏ ਤਾਂ ਇਸ ਦੇ ਨਤੀਜੇ ਬੜੇ ਹੈਰਾਨੀਜਨਕ ਸਾਡੇ ਸਾਹਮਣੇ ਆਉਂਦੇ ਹਨ, ਭਾਵੇਂ ਜੰਮੂ-ਕਸ਼ਮੀਰ ਦੀਆਂ ਔਰਤਾਂ ਦੇ ਸਰਵੇ ਦੀ ਗੱਲ ਹੋਵੇ ਜਾਂ ਹੋਰ ਸੂਬਿਆਂ ਦੀ ਗੱਲ ਹੋਵੇ, ਵੱਡੀ ਗਿਣਤੀ ਵਿਚ ਲੜਕੀਆਂ ਸਕੂਲਾਂ ਵਿਚ ਪੜ੍ਹਾਈ ਲਈ ਨਹੀਂ ਜਾਂਦੀਆਂ। ਜਿਹਨਾਂ ਕੁਝ ਲੜਕੀਆਂ ਨੂੰ ਸਕੂਲਾਂ ਵਿਚ ਦਾਖਲਾ ਮਿਲ ਵੀ ਜਾਂਦਾ ਹੈ, ਉਹ ਆਪਣੀਆਂ ਘਰੇਲੂ ਮਜਬੂਰੀਆਂ ਤੇ ਆਰਥਿਕ ਤੰਗੀਆਂ ਕਾਰਨ ਆਪਣੀ ਪੜ੍ਹਾਈ ਜਾਰੀ ਨਹੀਂ ਰੱਖ ਸਕਦੀਆਂ। ਇਸੇ ਮੁੱਖ ਕਾਰਨ ਕਰਕੇ ਔਰਤਾਂ ਦੀ ਸਾਖਰਤਾ ਦਰ ਰਸਾਤਲ ਵੱਲ ਜਾ ਰਹੀ ਹੈ। ਉਹਨਾਂ ਵਿਚੋਂ 70 ਫੀਸਦੀ ਤੋਂ ਜ਼ਿਆਦਾ ਔਰਤਾਂ ਅਨਪੜ੍ਹ ਹਨ। ਹੁਣ ਇਹ ਉਮੀਦ ਕੀਤੀ ਜਾਂਦੀ ਹੈ ਕਿ ਕਾਨੂੰਨੀ ਤੌਰ ਤੇ ਲਾਗੂ ਹੋ ਸਕਣ ਵਾਲਾ ’ਸਿੱਖਿਆ ਦਾ ਅਧਿਕਾਰ’ ਔਰਤ ਦੀ ਮਦਦ ਕਰੇਗਾ। ਕੁਝ ਵਰਗਾਂ ਨੂੰ ਕਈ ਪੱਧਰਾਂ ’ਤੇ ਵਿਤਕਰੇ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ। ਸਭ ਸੂਬਿਆਂ ਵਿਚ ਅਨੁਸੂਚਿਤ ਜਨ ਜਾਤੀਆਂ ਲਈ ਰਾਖਵੇਂਕਰਨ ਜਿਹੀਆਂ ਹਾਂ-ਪੱਖੀ ਨੀਤੀਆਂ ਪਹਿਲਾਂ ਹੀ ਮੌਜੂਦ ਹਨ ਅਤੇ ਲੋੜ ਤਾਂ ਸਿਰਫ ਜਾਗਰੂਕਤਾ ਮੁਹਿੰਮ ਚਲਾਉਣ ਦੀ ਹੈ। ਭਾਰਤ ਸਰਕਾਰ ਦੇ ’ਸਰਵ-ਸਿੱਖਿਆ ਅਭਿਆਨ’ ਦੀ ਨੀਤੀ ਨਾਲ ਮੌਜੂਦਾ ਅਧਿਐਨ ਤੇ ਸਰਵੇਖਣ ਇਹ ਦੱਸਦੇ ਹਨ ਕਿ ਸਮੁੱਚੇ ਭਾਰਤ ਵਰਸ਼ ਵਿਚ ਲੜਕੀਆਂ ਦੀ ਪੜ੍ਹਾਈ ਵੱਲ ਰੁਝਾਨ ਵਧਿਆ ਹੈ ਤੇ ਇਹ ਔਰਤ ਨੂੰ ਸਾਖਰ ਕਰਨ ਵੱਲ ਚੰਗੇ ਸੰਕੇਤ ਹਨ। ਇਸ ਜਾਗਰੂਕਤਾ ਅਭਿਆਨ ਰਾਹੀਂ ਔਰਤ ਪ੍ਰਤੀ ਪ੍ਰੰਪਰਾਗਤ ਨਜ਼ਰੀਏ ਨੂੰ ਬਦਲਣਾ ਚਾਹੀਦਾ ਹੈ ਜੋ ਔਰਤ ਨੂੰ ਸਾਖਰ ਕਰਨ ਦੇ ਰਾਹ ਵਿਚ ਰੋੜਾ ਅਟਕਾਉਂਦਾ ਹੈ। ਔਰਤ ਦਾ ਕਿਸੇ ਕਿਸਮ ਦਾ ਸਸ਼ਕਤੀਕਰਨ ਉਦੋਂ ਤੱਕ ਕੋਈ ਮਾਇਨੇ ਨਹੀਂ ਰੱਖਦਾ, ਜਿੰਨਾ ਚਿਰ ਇਹ ਆਮ ਔਰਤਾਂ ਤੱਕ ਨਹੀਂ ਪਹੁੰਚਦਾ ਅਤੇ ਔਰਤਾਂ ਨੂੰ ਬਰਾਬਰ ਦੇ ਮੌਕੇ ਪ੍ਰਦਾਨ ਨਹੀਂ ਕਰਦਾ।

ਪੁਰਾਤਨ ਸ਼ਾਸਤਰ ਮਨੁੱਖੀ ਜੀਵਨ ਦੇ ਜਿੱਥੇ ਔਰਤ ਤੇ ਮਰਦ ਨੂੰ ਦੋ ਪਹੀਏ ਦੱਸਦੇ ਹਨ, ਉਥੇ ਔਰਤ ਦਾ ਨਾਂ ਆਉਂਦਿਆਂ ਹੀ ਮਨੁੱਖ ਦੀ ਹੋਂਦ ਨੂੰ ਸੰਸਾਰ ਵਿਚ ਲਿਆਉਣ ਵਾਲੀ (ਭਾਵ ਮਨੁੱਖ ਦੀ ਜਨਮਦਾਤੀ) ਤਿਆਗ, ਸਹਿਣਸ਼ੀਲਤਾ ਅਤੇ ਬਲੀਦਾਨ ਦੀ ਤਸਵੀਰ ਸਾਡੀ ਚੇਤਨਾ ਦਾ ਆਂਗਨ ਮੱਲ ਲੈਂਦੀ ਹੈ। ਔਰਤ ਦੀ ਮਹਾਨਤਾ ਨੂੰ ਅੱਜ ਤੋਂ ਕੋਈ ਪੰਜ ਸਦੀਆਂ ਤੋਂ ਵੀ ਜ਼ਿਆਦਾ ਸਮਾਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਆਪਣੀ ਰਚਨਾ ’ਆਸਾ ਦੀ ਵਾਰ’ ਵਿਚ ਇੰਝ ਬਿਆਨ ਕੀਤਾ ਹੈ:

‘ਭੰਡੁ ਮੋਆ ਭੰਡ ਭਾਲੀਐ, ਭੰਡ ਹੋਵੈ ਵਰਦਾਨ,
ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨ।

ਭਾਵ ਅਸੀਂ ਉਸ ਔਰਤ ਨੂੰ ਮੰਦਾ ਜਾਂ ਬੁਰਾ ਕਿਉਂ ਆਖਦੇ ਹਾਂ, ਜਿਹੜੀ ਰਾਜੇ ਮਹਾਰਾਜਿਆਂ ਨੂੰ ਜਨਮ ਦਿੰਦੀ ਹੈ। ਇਕ ਵਿਆਹੁਤਾ ਔਰਤ ਦੇ ਮਰਨ ਬਾਅਦ ਅਸੀਂ ਥੋੜ੍ਹੇ ਸਮੇਂ ਲਈ ਵੀ ਸਬਰ ਨਹੀਂ ਕਰ ਸਕਦੇ ਤੇ ਦੂਸਰੇ ਵਿਆਹ ਲਈ ਨਵੀਂ ਔਰਤ ਭਾਲਣੀ ਸ਼ੁਰੂ ਕਰ ਦਿੰਦੇ ਹਾਂ। ਅਕਸਰ ਇਹ ਦੇਖਿਆ ਜਾਂਦਾ ਹੈ ਕਿ ਜਦੋਂ ਕਿਸੇ ਦੀ ਜਵਾਨ ਔਰਤ ਮਰ ਜਾਂਦੀ ਹੈ ਤਾਂ ਲੋਕ ਅਫਸੋਸ ਕਰਨ ਜਾਂਦੇ ਹਨ ਤੇ ਫੂਹੜੀ ਤੇ ਅਫਸੋਸ ਕਰਦੇ ਸਮੇਂ ਹੀ ਆਖੀ ਜਾਣਗੇ ਕਿ ਮਾੜਾ ਹੋਇਆ ਅਜੇ ਤਾਂ ਉਮਰ ਹੀ ਕੀ ਸੀ, ਵਿਚਾਰੀ ਦੇ ਛੋਟੇ-ਛੋਟੇ ਬੱਚੇ ਸਨ, ਉਹਨਾਂ ਨੂੰ ਕੌਣ ਸੰਭਾਲੇਗਾ, ਚਲੋ ਹੁਣ ਤਾਂ ਤੇਰਾ ਕੋਈ ਨਾ ਕੋਈ ਵਿਆਹ ਦਾ ਜੁਗਾੜ ਕਰਦੇ ਹਾਂ, ਨਾਲੇ ਬੱਚੇ ਸੰਭਾਲੇ ਜਾਣਗੇ ਤੇ ਨਾਲੇ ਕਾਕਾ ਤੇਰੀ ਰੋਟੀ ਪੱਕਣੀ ਹੋ ਜਾਊਗੀ ਆਦਿ-ਆਦਿ ਗੱਲਾਂ ਕਰਦੇ ਹਨ। ਇੱਥੇ ਸੋਚਣ ਵਾਲੀ ਗੱਲ ਇਹ ਹੈ ਕਿ ਅਜੇ ਸੋਗ ਖਤਮ ਨਹੀਂ ਹੋਇਆ ਹੁੰਦਾ ਕਿ ਲੋਕ ਨਵੇਂ ਵਿਆਹ ਲਈ ਔਰਤ ਦੀ ਭਾਲ ਕਰਨ ਦੀ ਗੱਲ ਸ਼ੁਰੂ ਕਰ ਦਿੰਦੇ ਹਨ, ਇਹ ਨਹੀਂ ਸੋਚਦੇ ਕਿ ਅਜੇ ਤਾਂ ਸੋਗ ਵੀ ਖਤਮ ਨਹੀਂ ਹੋਇਆ। ਉਂਝ ਉਹਨਾਂ ਦਾ ਔਰਤ ਬਿਨਾਂ ਨਾ ਗੁਜ਼ਾਰਾ ਹੁੰਦਾ ਹੈ ਤੇ ਨਾ ਹੀ ਉਹ ਮਨੁੱਖ ਆਪਣਾ ਜੀਵਨ ਪੰਧ ਮੁਕਾਅ ਸਕਦਾ ਹੈ। ਇੱਥੇ ਮਨੁੱਖ ਆਪਣੀ ਮਾਨਸਿਕਤਾ ਬਦਲੇ, ਔਰਤ ਨੂੰ ਮਾਨਤਾ ਤੇ ਸਤਿਕਾਰ ਦੇਵੇ ਤੇ ਉਸ ਨੂੰ ਸਮਾਜਿਕ ਬਰਾਬਰੀ ਦੇਣ ਦੀ ਗੱਲ ਨੂੰ ਆਪਣੇ ਖਾਨੇ ਵਿਚ ਪਾਵੇ ਤੇ ਉਸ ਦਾ ਰੁਤਬਾ ਬਰਾਬਰ ਸਮਝੇ ਕਿ ਉਹ ਮੇਰੇ ਨਾਲੋਂ ਕਿਸੇ ਗੱਲੋਂ ਵੀ ਘੱਟ ਨਹੀਂ ਹੈ, ਸਗੋਂ ਮਨੁੱਖ ਨਾਲੋਂ ਉਹ ਕਿਤੇ ਮਹਾਨ ਹੈ, ਇੰਝ ਕਰਨ ਨਾਲ ਹੀ ਔਰਤ ਦੀ ਹੋਂਦ ਨੂੰ ਸਮਾਜ ਵਿਚ ਮਰਦ ਦੇ ਬਰਾਬਰ ਸਥਾਪਤ ਕੀਤਾ ਜਾ ਸਕਦਾ ਹੈ। ਉਸ ਸਮੇਂ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ, ਔਰਤ ਦਾ ਸਤਿਕਾਰ ਕਰਨ ਲਈ ਲਲਕਾਰਿਆ ਸੀ ਤੇ ਆਪਣੇ ਹੱਕਾਂ ਦੀ ਖਾਤਰ ਤੜਫਦੀ ਔਰਤ ਦੇ ਹੱਕ ਵਿਚ ਆਪਣੀ ਆਵਾਜ਼ ਬੁਲੰਦ ਕੀਤੀ ਸੀ, ਕਿਉਂਕਿ ਉਸ ਸਮੇਂ ਔਰਤ ਦੀ ਸਮਾਜ ਵਿਚ ਬਹੁਤ ਮੰਦੀ ਹਾਲਤ ਸੀ। ਗੁਰੂ ਜੀ ਦੇ ਇਸ ਕ੍ਰਾਂਤੀਕਾਰੀ ਕਦਮ ਨੂੰ ਦੂਸਰੇ ਗੁਰੂ ਸਾਹਿਬਾਨ ਨੇ ਅੱਗੇ ਤੋਰਿਆ। ਗੁਰੂ ਅਮਰਦਾਸ ਜੀ ਨੇ ’ਸਤੀ ਦੀ ਰਸਮ( ਵਿਰੁੱਧ ਆਪਣੀ ਆਵਾਜ਼ ਬੁਲੰਦ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਮਾਤਾ ਸਾਹਿਬ ਕੌਰ ਜੀ ਨੂੰ ’ਖਾਲਸੇ ਦੀ ਮਾਤਾ’ ਹੋਣ ਦਾ ਮਾਣ ਬਖਸ਼ਿਆ। ਇਸ ਤਰ੍ਹਾਂ ਗੁਰੂ ਸਾਹਿਬਾਨ ਨੇ ਸਦੀਆਂ ਤੋਂ ਬੰਦੀ ਬਣਾਈ ਔਰਤ ਨੂੰ ਇਕ ਤਰ੍ਹਾਂ ਨਾਲ ਆਜ਼ਾਦ ਕਰ ਦਿੱਤਾ। ਔਰਤ ਨੂੰ ਬੇਵਫ਼ਾ, ਝੂਠੀ ਤੇ ਧੋਖੇਬਾਜ਼ ਕਹਿਣ ਵਾਲਿਓ! ਜ਼ਰਾ ਆਪਣੇ ਅੰਦਰ ਝਾਤੀ ਮਾਰ ਕੇ ਦੇਖੋ ਕਿ ਤੁਸੀਂ ਕਿੰਨੇ ਕੁ ਸੱਚੇ-ਸੁੱਚੇ ਤੇ ਦੁੱਧ ਧੋਤੇ ਹੋ? ਸੱਚ ਤਾਂ ਇਹ ਹੈ ਕਿ ‘ਅਸੀਂ ਤਾਂ ਔਰਤ ਤੋਂ ਜਨਮ ਲੈ ਕੇ ਔਰਤ ਦੇ ਦੇਣਦਾਰ ਹਾਂ। ਜਿਸ ਨੇ ਪਹਿਲਾਂ ਜ਼ਿੰਦਗੀ ਦਿੱਤੀ ਅਤੇ ਫਿਰ ਜ਼ਿੰਦਗੀ ਨੂੰ ਜਿਊਣ ਯੋਗ ਬਣਾਇਆ।” ਇਸ ਲਈ ਜਿੰਨਾ ਕੁਦਰਤ ਦੇ ਬੰਦਿਆਂ ਨੇ ਔਰਤ ਦਾ ਆਦਰਸ਼ ਰੂਪ ਦੇਖ ਲਿਆ ਹੈ, ਉਹ ਇਸ ਦੇ ਪੁਜਾਰੀ ਬਣ ਗਏ ਹਨ।

ਪੰਜਾਬੀ ਦਾ ਮਹਾਨ ਪਿਤਾਮਾ ਨਾਵਲਕਾਰ ਨਾਨਕ ਸਿੰਘ ਆਪਣੇ ਨਾਵਲ ’ਕੱਟੀ ਪਤੰਗ’ ਵਿਚ ਔਰਤ ਬਾਰੇ ਆਖਦਾ ਹੈ ਕਿ ਅੱਜ ਸਾਡੇ ਸਮਾਜ ਵਿਚ ਔਰਤ ਦੀ ਹਾਲਤ ਇਕ ਕੱਟੀ ਹੋਈ ਪਤੰਗ ਵਾਂਗ ਹੈ ਜੋ ਬਚਪਨ ਵਿਚ ਮਾਤਾ-ਪਿਤਾ ਦੀ ਗੁਲਾਮੀ, ਵਿਆਹੀ ਜਾਣ ਤੇ ਪਤੀ ਦੀ ਗੁਲਾਮੀ ਤੇ ਬੁੱਢੇ ਹੋ ਜਾਣ ਤੇ ਫਿਰ ਆਪਣੇ ਧੀਆਂ-ਪੁੱਤਰਾਂ ਦੀ ਗੁਲਾਮੀ ਦਾ ਸਾਹਮਣਾ ਕਰਦੀ ਹੈ। ਉਸ ਦੀ ਹਾਲਤ ਇਕ ਕੱਟੀ ਹੋਈ ਪਤੰਗ ਵਾਂਗ ਹੈ, ਜਿਸ ਨੂੰ ਕੱਟੀ ਜਾਣ ’ਤੇ ਹਰ ਆਦਮੀ ਲੁੱਟਣ ਲਈ ਦੌੜਦਾ ਹੈ ਤੇ ਉਹ ਨੂੰਟ ਹੋ ਕੇ ਪੁਰਜਾ-ਪੁਰਜਾ ਹੋ ਜਾਂਦੀ ਹੈ। ਪਰ ਇਸ ਦੇ ਉਲਟ ਉਹ ਆਪਣੇ ਅਗਲੇ ਨਾਵਲ ’ਅੱਧ ਖਿੜਿਆ ਫੁੱਲ’ ਵਿਚ ਔਰਤ ਦੀ ਮਹਾਨਤਾ ਦੀ ਗੱਲ ਇਸ ਤਰ੍ਹਾਂ ਕਰਦਾ ਹੈ, ’’ਮੈਂ ਇਸਤਰੀ ਨੂੰ ਏਡੀ ਉੱਚਤਾ, ਏਡੀ ਵਿਸ਼ਾਲਤਾ ਕਿਵੇਂ ਪ੍ਰਾਪਤ ਕਰ ਲਈ? ਸਹਿਣਸ਼ੀਲਤਾ ਦੇ ਸੋਮੇ ਤੇਰੇ ਅੰਦਰ, ਮਸਤੀ ਦੀ ਕਾਗਾਂ ਤੇਰੇ ਵਿਚ, ਤਿਆਗ ਦੇ ਅਟੁੱਟ ਪਹਾੜ ਤੇਰੇ ਵਿਚ, ਪਿਆਰ ਦੇ ਅਥਾਹ ਸਮੁੰਦਰ ਤੇਰੇ ਵਿਚ। ਇਹ ਸਭ ਕੁਝ ਹੇ ਇਸਤਰੀ ਤੂੰ ਕਿਵੇਂ ਪ੍ਰਾਪਤ ਕਰ ਲਿਆ?

ਸ਼ਿਵ ਕੁਮਾਰ ਬਟਾਲਵੀ ਔਰਤ ਦੀ ਮਹਾਨਤਾ ਬਾਰੇ ਇੰਝ ਲਿਖਦਾ ਹੈ, ’’ਗੱਲ ਕੀ ਔਰਤ ਕੁਦਰਤ ਦਾ ਇਕ ਅਜਿਹਾ ਅਦਭੁਤ ਤੇ ਰਹੱਸਮਈ ਕਰਿਸ਼ਮਾ ਹੈ ਜੋ ਆਦਿ ਕਾਲ ਤੋਂ ਹੀ ਸਾਰੇ ਸੰਸਾਰ ਦਾ ਭਾਰ ਚੁੱਕੀ ਫਿਰਦਾ ਹੈ। ਇੰਝ ਜਾਪਦਾ ਹੈ ਜਿਵੇਂ ਧਰਤੀ ਬਲਦ ਦਿਆਂ ਸਿੰਗਾਂ ਤੋਂ ਆਪਣਾ ਸਥਾਨ ਬਦਲ ਕੇ ਔਰਤ ਦਿਆਂ ਮੋਢਿਆਂ ’ਤੇ ਟਿਕੀ ਹੋਵੇ। ਦੂਜੇ ਬੰਨੇ ਮਰਦ ਜਨਮ ਤੋਂ ਲੈ ਕੇ ਮਰਨ ਤੱਕ ਹਰ ਕੰਮ ਲਈ ਔਰਤ ਤੇ ਨਿਰਭਰ ਕਰਦਾ ਹੈ। ਕਦੇ ਮਾਂ, ਕਦੇ ਭੈਣ, ਕਦੇ ਪਤਨੀ ਦੇ ਰੂਪ ਵਿਚ। ਜ਼ਾਹਿਰ ਹੈ ਔਰਤ, ਮਰਦ ਨੂੰ ਕੁਦਰਤ ਵੱਲੋਂ ਦਿੱਤੀ ਸਭ ਤੋਂ ਸ੍ਰੇਸ਼ਟ ਸੌਗਾਤ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਔਰਤ ਸੰਸਾਰ ਰੂਪੀ ਬਾਗ ਵਿਚ ਸਭ ਤੋਂ ਉੱਤਮ ਫੁੱਲ ਹੈ। ਇਹ ਸੰਸਾਰ ਕਦੀ ਇੰਨਾ ਖੂਬਸੂਰਤ ਤੇ ਦਿਲਕਸ਼ ਨਾ ਹੁੰਦਾ ਜੇ ਇਸ ਵਿਚ ਔਰਤ ਨਾ ਹੁੰਦੀ ਕਿਉਂਕਿ ਧਰਤੀ ’ਤੇ ਜੋ ਕੁਝ ਸੋਹਣਾ ਹੈ ਉਸ ਦੇ ਪਿੱਛੇ ਔਰਤ ਅਵੱਸ਼ ਹੈ।”

ਸਮਾਜ ਦੇ ਇਸ ਚਿੱਕੜ ਵਿਚ ਔਰਤ ਰੂਪੀ ਕੰਵਲ ਖਿੜਦੇ ਹਨ। ਸਾਡੇ ਭਾਰਤ ਦੇ ਇਤਿਹਾਸ ਵਿਚ ਝਾਂਸੀ ਦੀ ਰਾਣੀ ਅਤੇ ਮਾਈ ਭਾਗੋ ਨੂੰ ਸ਼ਕਤੀ ਦਾ ਸੰਚਾਰ ਕਰਨ ਦਾ ਆਦਰਸ਼ ਮੰਨਦੇ ਹਨ। ਕਿਰਨ ਬੇਦੀ ਨੂੰ ਇਕ ਪ੍ਰਤਿਭਾਸ਼ਾਲੀ, ਬਲਵਾਨ ਤੇ ਇਕ ਸੁਚਾਰੂ ਪ੍ਰਬੰਧਕ, ਪੀ. ਟੀ. ਊਸ਼ਾ ਨੂੰ ਖੇਡ ਮੈਦਾਨ ਦੀ ਝੰਡਾ ਬਰਦਾਰ, ਅੰਮ੍ਰਿਤਾ ਪ੍ਰੀਤਮ, ਡਾ. ਦਲੀਪ ਕੌਰ ਟਿਵਾਣਾ ਤੇ ਲੇਖਿਕਾ ਅਜੀਤ ਕੌਰ ਨੂੰ ਸਾਹਿਤ ਦੀ ਵਿਲੱਖਣ ਹਸਤਾਖਰ, ਕਲਪਨਾ ਚਾਵਲਾ ਸਪੇਸ ਦੀ ਪਹਿਲੀ ਰਾਣੀ, ਲਤਾ ਮੰਗੇਸ਼ਕਰ ਨੂੰ ਸੁਰੀਲੀ ਆਵਾਜ਼ ਦੇ ਸੂਰਜ ਦਾ ਪ੍ਰਤੀਨਿਧ ਰੂਪ ਸਮਝਦੇ ਹਾਂ। ਭਾਵੇਂ ਇਹ

**(ਬਾਕੀ ਅਗਲੇ ਸਫੇ ’ਤੇ)**

# ਪਹਿਲੀ ਸਿੱਖ ਜੰਗ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮੁਗਲ ਬਾਦਸ਼ਾਹ ਜਹਾਂਗੀਰ ਨਾਲ ਸਬੰਧ ਬੜੀ ਪਰਖ-ਪ੍ਰਣਾਲੀ ਵਿਚੋਂ ਲੰਘੇ। ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਜਦੋਂ ਮੁਗਲ ਬਾਦਸ਼ਾਹ ਜਹਾਂਗੀਰ ਨੇ ਤਲਬ ਕੀਤਾ ਤਾਂ ਗੁਰਾਂ ਨੇ ਜਾਣ ਲਿਆ ਸੀ ਕਿ ਸਿੰਘਾਂ ਨੂੰ ਆਉਣ ਵਾਲੇ ਸਮੇਂ ਵਿਚ ਜ਼ੁਲਮ ਦੇ ਟਾਕਰੇ ਲਈ ਹਥਿਆਰ ਚੁੱਕਣੇ ਪੈਣਗੇ। ਉਹਨਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗੁਰਗੱਦੀ ਸੌਂਪਦਿਆਂ ਹਦਾਇਤ ਕੀਤੀ ਕਿ ਗੁਰਗੱਦੀ ਤੇ ਹਥਿਆਰਬੰਦ ਹੋ ਕੇ ਰਹਿਣਾ ਹੈ ਅਤੇ ਫੌਜ ਵੀ ਰੱਖਣੀ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਗੱਦੀ ’ਤੇ ਬੈਠਦਿਆਂ, ਦੋ ਤਲਵਾਰਾਂ ਧਾਰਨ ਕੀਤੀਆਂ। ਇਕ ਮੀਰੀ ਦੀ ਇਕ ਪੀਰੀ ਦੀ। ਇਕ ਆਤਮਕ ਅਗਵਾਈ ਦੂਸਰੀ ਸੰਸਾਰਕ ਅਗਵਾਈ ਵਾਸਤੇ। ਗੁਰੂ ਜੀ ਨੇ ਭੇਂਟਾ ਵਿਚ ਚੰਗੀ ਨਸਲ ਦੇ ਘੋੜੇ, ਚੰਗੇ ਸ਼ਸ਼ਤਰ ਅਤੇ ਸੁਡੌਲ ਜਵਾਨੀਆਂ ਦੀ ਮੰਗ ਰੱਖੀ। ਗੁਰਮੁਖਾਂ ਨੂੰ ਸਰੀਰਕ ਤੌਰ ’ਤੇ ਤੰਦਰੁਸਤ ਹੋ ਕੇ ਘੋੜ ਸਵਾਰੀ ਅਤੇ ਸ਼ਸ਼ਤਰ ਵਿਦਿਆ ਵਿਚ ਨਿਪੁੰਨ ਹੋਣ ਦਾ ਉਪਦੇਸ਼ ਦਿੱਤਾ। ਕੌਮ ਉਸਾਰੀ ਦੇ ਕਾਰਜਾਂ ਵਿਚ ਅੰਮ੍ਰਿਤਸਰ ਨਗਰ ਨੂੰ ਆਤਮ ਨਿਰਭਰ ਅਤੇ ਸਵੈ ਰੱਖਿਅਕ ਬਣਾਉਣ ਲਈ ’ਲੋਹਗੜ੍ਹ’ ਕਿਲੇ ਦਾ ਨਿਰਮਾਣ ਕੀਤਾ। ਸੂਰਬੀਰਤਾ ਦਾ ਪ੍ਰਤੀਕ ਅਕਾਲ ਤਖਤ ਸਾਹਿਬ ਸਥਾਪਤ ਕੀਤਾ। ਧਾਰਮਿਕ ਗੁਰਮਤਿ ਉਪਦੇਸ਼ ਦੇ ਨਾਲ ਕੌਮ ਵਿਚ ਬੀਰ ਰਸ ਭਰਿਆ। ਗੁਰੂ ਜੀ ਨੇ ਸਾਂਝੀਵਾਲਤਾ ਨੂੰ ਇਕ ਸ਼ਕਤੀ ਮੰਨਿਆ। ਮਿਲ ਜੁਲ ਕੇ ਰਹਿਣ ਦਾ ਉਪਦੇਸ਼ ਦਿੱਤਾ। ਮਤਭੇਦ ਹੋ ਜਾਣ ’ਤੇ ਸੰਗਤਾਂ ਦੇ ਫੈਸਲੇ ਗੁਰੂ ਜੀ ਖੁਦ ਕਰਦੇ। ਗੁਰੂ ਜੀ ਨੇ 52 ਯੋਧਿਆਂ ਦੀ ਨਿੱਜੀ ਫੌਜ ਭਰਤੀ ਕਰ ਲਈ। ਬਕਾਇਦਾ ਤੌਰ ਤੇ ਫੌਜੀ ਖਾਲਸਾ ਹੋਣ ਦਾ ਐਲਾਨ ਕਰ ਦਿੱਤਾ। ਯੋਧੇ ਗੁਰੂ ਜੀ ਲਈ ਮਰ ਮਿਟਣ ਲਈ ਹਮੇਸ਼ਾ ਤਿਆਰ ਰਹਿਣ ਲੱਗੇ। ਫੌਜੀ ਸਿਖਲਾਈ ਨੇ ਕੌਮ ਵਿਚ ਸੂਰਬੀਰਤਾ ਦੀ ਨਵੀਂ ਜਾਨ ਭਰੀ।

ਮੁਗਲ ਬਾਦਸ਼ਾਹ ਜਹਾਂਗੀਰ ਦੇ ਈਰਖਾਲੂ, ਅਹਿਲਕਾਰਾਂ ਨੇ ਬਾਦਸ਼ਾਹ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ। ਕਿ ਗੁਰੂ ਜੀ ਨੇ ਫੌਜ ਰੱਖ ਲਈ ਹੈ। ਨਗਾਰੇ ਵੱਜਦੇ, ਨਿਸ਼ਾਨ ਸਾਹਿਬ ਝੂਲਦੇ, ਗੁਰੂ ਜੀ ਤਖਤ ’ਤੇ ਬੈਠਦੇ, ਸ਼ਿਕਾਰ ਖੇਡਦੇ, ਸੰਗਤਾਂ ਦੇ ਫੈਸਲੇ ਆਪ ਕਰਦੇ, ਫੌਜੀ ਦਸਤੇ ਮਿਸਾਲਾਂ ਬਾਲ ਕੇ ਰਾਤ ਨੂੰ ਸ਼ਹਿਰ ਵਿਚ ਗਸ਼ਤ ਕਰਦੇ। ਬਾਦਸ਼ਾਹਾਂ ਵਾਲੀ ਠਾਠ-ਬਾਠ ਬਣਾ ਲਈ ਹੈ। ਉਹ ਰਾਜਸੀ ਤੌਰ ’ਤੇ ਮਜਬੂਤ ਹੋ ਰਹੇ ਹਨ। ਉਹ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਦਾ ਬਦਲਾ ਲੈਣਗੇ। ਇਸ ਬਾਗੀ ਤਾਕਤ ਨੂੰ ਹੁਣੇ ਦਬਾਅ ਦੇਣਾ ਚਾਹੀਦਾ ਹੈ।

ਬਾਦਸ਼ਾਹ ਨੇ ਸਿੱਖਾਂ ਦੀ ਤਾਕਤ ਦਾ ਭੇਦ ਜਾਨਣ ਲਈ ਗੁਰੂ ਜੀ ਵੱਲ ਦੋਸਤੀ ਦਾ ਹੱਥ ਵਧਾਇਆ। ਗੁਰੂ ਜੀ ਨਾਲ ਨੇੜਤਾ ਹੋ ਜਾਣ ਤੇ ਉਸਨੇ ਜਾਣ ਲਿਆ ਕਿ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਨੇ ਸਿੱਖਾਂ ਨੂੰ ਭੈਅ-ਭੀਤ ਨਹੀਂ ਕੀਤਾ। ਉਹ ਤਾਂ ਹੋਰ ਵੀ ਮਜ਼ਬੂਤ ਇਰਾਦੇ ਵਾਲੇ ਹੋ ਰਹੇ ਹਨ। ਬਾਦਸ਼ਾਹ ਨੇ ਗੁਰੂ ਜੀ ਦੀ ਵਧਦੀ ਤਾਕਤ ਦੇਖ ਕੇ ਦਬਾਉਣ ਲਈ ਗੁਰੂ ਜੀ ਨੂੰ ਗਵਾਲੀਅਰ ਦੇ ਕਿਲੇ ਵਿਚ ਕੈਦ ਕਰ ਦਿੱਤਾ। ਉਥੇ ਪਹਿਲਾਂ ਵੀ 52 ਰਾਜੇ ਰਾਜਸੀ ਕੈਦੀ ਸਨ। ਉਹ ਬੜੀ ਮਾੜੀ ਹਾਲਤ ਵਿਚ ਜੀਵਨ ਬਿਤਾ ਰਹੇ ਸਨ। ਗੁਰੂ ਜੀ ਨੇ ਸ਼ਾਹੀ ਕੈਦੀ ਹੁੰਦਿਆਂ, ਉਹਨਾਂ ਦੀ ਚੰਗੀ ਖੁਰਾਕ ਤੇ ਪੁਸ਼ਾਕ ਦਾ ਪ੍ਰਬੰਧ ਕਰਵਾ ਲਿਆ। ਉਹ ਗੁਰੂ ਜੀ ਦੇ ਸਤਿਸੰਗੀ ਬਣ ਗਏ। ਗੁਰੂ ਜੀ ਦੀ ਕੈਦ ਲੰਮੇਰੀ ਹੁੰਦੀ ਵੇਖ ਕੇ ਸਿੰਘ ਰੋਹ ਵਿਚ ਆ ਗਏ। ਬਾਦਸ਼ਾਹ ਨੇ ਵਿਦਰੋਹ ਦੇ ਹਾਲਾਤ ਵੇਖ ਕੇ ਗੁਰੂ ਜੀ ਨੂੰ ਤੁਰੰਤ ਰਿਹਾਅ ਕਰਨ ਦਾ ਮਨ ਬਣਾਇਆ। ਪਰ ਗੁਰੂ ਜੀ ਨੇ ਕਿਹਾ ਕਿ ਸਾਡੇ ਨਾਲ 52 ਰਾਜੇ ਜੋ ਰਾਜਸੀ ਕੈਦੀ ਹਨ, ਪਹਿਲਾਂ ਹੀ ਲੰਮੀ ਸਜ਼ਾ ਭੁਗਤ ਚੁੱਕੇ ਹਨ, ਵੀ ਰਿਹਾਅ ਕੀਤੇ ਜਾਣ। ਬਾਦਸ਼ਾਹ ਨੇ 52 ਰਾਜਿਆਂ ਨੂੰ ਵੀ ਗੁਰੂ ਜੀ ਨਾਲ ਰਿਹਾਅ ਕਰ ਦਿੱਤਾ। ਰਿਹਾਈ ਤੋਂ ਬਾਅਦ ਗੁਰੂ ਜੀ ਅੰਮ੍ਰਿਤਸਰ ਪੁੱਜੇ ਤਾਂ ਸ਼ਹਿਰ ਨਿਵਾਸੀਆਂ ਨੇ ਦੀਪਮਾਲਾ ਕਰਕੇ ਗੁਰੂ ਜੀ ਦਾ ਸਵਾਗਤ ਕੀਤਾ। ਬੰਦੀ ਛੋੜ ਦਾਤਾ ਕਹਿਕੇ ਸਨਮਾਨ ਕੀਤਾ।

ਬਾਦਸ਼ਾਹ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ। ਬਾਦਸ਼ਾਹ ਨੂੰ ਨਿਸ਼ਚਾ ਹੋ ਗਿਆ ਕਿ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਲਈ ਉਸਨੂੰ ਗੁੰਮਰਾਹ ਕੀਤਾ ਗਿਆ ਹੈ। ਉਸਨੇ ਦੋਸ਼ੀਆਂ ਨੂੰ ਗੁਰੂ ਜੀ ਦੇ ਹਵਾਲੇ ਕਰ ਦਿੱਤਾ। ਸੰਗਤਾਂ ਨੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ। ਗੁਰੂ ਜੀ ਦੇ ਸਬੰਧ ਭੇਦਭਾਵ ਤੋਂ ਬਾਅਦ ਸੁਖਾਵੇਂ ਹੋ ਗਏ। ਗੁਰੂ ਜੀ ਨੇ ਮੌਕੇ ਵੇਖ ਕੇ ਗੁਰਮਤਿ ਪ੍ਰਚਾਰ ਜ਼ੋਰਾਂ ਨਾਲ ਕੀਤਾ। ਦੂਸਰੇ ਧਰਮਾਂ ਦੇ ਲੋਕ ਵੀ ਗੁਰੂ ਜੀ ਦੇ ਨਾਲ ਆਣ ਪੁੱਜੇ। ਗੁਰੂ ਜੀ ਨੇ ਕਈ ਨਗਰ ਵਸਾਏ। ਸਿੱਖ ਧਰਮ ਫੈਲਾਉਣ ਦੇ ਉਸਾਰੂ ਯਤਨ ਕੀਤੇ। ਨਵੰਬਰ 8, 1627 ਵਿਚ ਬਾਦਸ਼ਾਹ ਜਹਾਂਗੀਰ ਦੀ ਮੌਤ ਹੋ ਗਈ। ਉਸਦਾ ਪੁੱਤਰ ਸ਼ਾਹਜਹਾਨ 6 ਫਰਵਰੀ, 1628 ਤਖਤ ’ਤੇ ਬੈਠਾ।

ਉਸਨੇ ਬੜੀ ਸਖਤ ਧਾਰਮਿਕ ਨੀਤੀ ਅਪਣਾਈ। ਉਸਨੇ ਦੂਸਰੇ ਧਰਮਾਂ ਦੇ ਪ੍ਰਚਾਰ ਤੇ ਪਾਬੰਦੀ ਲਗਾ ਦਿੱਤੀ। ਉਸਨੂੰ ਇਸ ਗੱਲ ਦੀ ਈਰਖਾ ਸੀ ਕਿ ਮੁਸਲਮਾਨ ਵੀ ਸਿੱਖ ਧਰਮ ਵਿਚ ਜਾ ਰਹੇ ਹਨ। ਉਸਨੇ ਹਿੰਦੂਆਂ ਦੇ ਮੰਦਰ ਢਾਹ ਕੇ ਮਸਜਿਦਾਂ ਬਣਾ ਲਈਆਂ। ਦੂਸਰੇ ਧਰਮਾਂ ਦੇ ਨਵੇਂ ਅਸਥਾਨ ਬਣਾਉਣ ਦੀ ਮਨਾਹੀ ਕਰ ਦਿੱਤੀ। ਸਿੱਖ ਧਰਮ ਦੀ ਡੱਬੀ ਬਜ਼ਾਰ ਲਾਹੌਰ ਵਿਚ ਬਣੀ ਬਾਉਲੀ ਨੂੰ ਪੂਰ ਦਿੱਤਾ। ਲੰਗਰ ਦੀ ਥਾਂ ਮਸੀਤ ਬਣਾ ਲਈ। ਸਿੱਖਾਂ ਦਾ ਰੋਹ ਜਾਗਣਾ ਕੁਦਰਤੀ ਸੀ। ਮੁਗਲ ਹਕੂਮਤ ਵੀ ਸਿੱਖਾਂ ਨਾਲ ਜੰਗ ਦਾ ਬਹਾਨਾ ਲੱਭ ਰਹੀ ਸੀ।

ਜੰਗ ਉਦੋਂ ਸ਼ੁਰੂ ਹੋਈ ਕਿ ਸਿੱਖਾਂ ਦਾ ਜਥਾ ਸ਼ਿਕਾਰ ਖੇਡਦਾ ਉਸ ਅਸਥਾਨ ’ਤੇ ਪੁੱਜ ਗਿਆ, ਜਿੱਥੇ ਬਾਦਸ਼ਾਹ ਸ਼ਾਹਜਹਾਨ ਵੀ ਸ਼ਿਕਾਰ ਖੇਡ ਰਿਹਾ ਸੀ। ਸ਼ਾਹੀ ਬਾਜ਼ ਸਿੰਘਾਂ ਦੇ ਜਥੇ ਵਿਚ ਆ ਗਿਆ। ਬਾਦਸ਼ਾਹ ਦੀ ਸ਼ਿਕਾਰੀ ਟੋਲੀ ਬੜੇ ਰੋਅਬ ਨਾਲ ਸ਼ਾਹੀ ਸ਼ਹਿ ਤੇ ਬਾਜ਼ ਵਾਪਸ ਮੰਗਣ ਆਈ। ਸਿੰਘਾਂ ਨੇ ਕਿਹਾ ਕਿ ਬਾਜ਼ ਆਪ ਆਇਆ ਹੈ ਜੋ ਮੋੜਨਾ ਨਹੀਂ ਬਣਦਾ। ਨਾਲੇ ਅਸੀਂ ਤੁਹਾਨੂੰ ਜਾਣਦੇ ਨਹੀਂ ਕਿ ਇਹ ਬਾਜ਼ ਤੁਹਾਡਾ ਹੈ। ਬਾਦਸ਼ਾਹ ਦੇ ਸ਼ਿਕਾਰੀ ਟੋਲੇ ਨੇ ਇਸ ਬਾਰੇ ਲਾਹੌਰ ਦੇ ਗਵਰਨਰ ਕੁਲੀਜ ਖਾਨ ਕੋਲ ਜਾ ਕੇ ਸ਼ਿਕਾਇਤ ਕੀਤੀ। ਉਸਨੇ ਬਹਾਨੇ ਨਾਲ ਸਿੰਘਾਂ ਨੂੰ ਖਤਮ ਕਰਨ ਲਈ 7 ਹਜ਼ਾਰ ਦੀ ਫੌਜ ਅੰਮ੍ਰਿਤਸਰ ’ਤੇ ਹਮਲਾ ਕਰਨ ਲਈ ਭੇਜ ਦਿੱਤੀ।

15 ਮਈ, 1628 ਨੂੰ ਹਮਲੇ ਦੀ ਖਬਰ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਮਿਲੀ ਤਾਂ ਉਹਨਾਂ ਨੇ ਸਿੰਘਾਂ ਨੂੰ ਟਾਕਰਾ ਕਰਨ ਲਈ ਕਿਹਾ। ਤਿੰਨ ਦਿਨਾਂ ਬਾਅਦ ਗੁਰੂ ਜੀ ਦੀ ਸਪੁੱਤਰੀ ਬੀਬੀ ਵੀਰੋ ਦਾ ਵਿਆਹ ਅੰਮ੍ਰਿਤਸਰ ਵਿਖੇ ਹੋਣਾ ਤਹਿ ਸੀ। ਗੁਰੂ ਜੀ ਨੇ ਵਿਆਹ ਦੀ ਜਗ੍ਹਾ ਝਬਾਲ ਤੈਅ ਕਰਕੇ ਪਰਿਵਾਰ ਨੂੰ ਉਥੇ ਭੇਜ ਦਿੱਤਾ। ਸਿੱਖ ਮੁਗਲਾਂ ਦੀ ਇਹ ਪਹਿਲੀ ਜੰਗ ਪਿਪਲੀ ਸਾਹਿਬ ਹੁਣ ਖਾਲਸਾ ਕਾਲਜ ਅੰਮ੍ਰਿਤਸਰ ਦੇ ਸਥਾਨ ’ਤੇ ਹੋਈ। ਦੋਹਾਂ ਪਾਸਿਆਂ ਤੋਂ ਯੋਧਿਆਂ ਨੇ ਜੰਗੀ ਜੌਹਰ ਦਿਖਾਏ। ਸਿੰਘ ਯੋਧੇ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਅਣਖ ਅਤੇ ਆਜ਼ਾਦੀ ਲਈ ਡਟ ਗਏ। ਇਕ ਖੋਖਲੀ ਲੱਕੜ ਦੀ ਬਣੀ ਤੋਪ ਦੀ ਵਰਤੋਂ ਕੀਤੀ ਗਈ। ਜੋ ਖੇਮਕਰਨ ਦੇ ਮੋਹਰੀ ਕਾਰੀਗਰ ਨੇ ਬਣਾਈ ਸੀ। ਦੁਸ਼ਮਣ ਵੱਲੋਂ ਮੁਖਲਿਸ ਖਾਂ ਬੜੇ ਜੋਸ਼ ਨਾਲ ਮੈਦਾਨ ਪੁੱਜਾ, ਉਸਨੂੰ ਸ਼ਾਹੀ ਫੌਜ ਤੇ ਬੜਾ ਮਾਣ ਸੀ। ਸਿੱਖਾਂ ਵੱਲੋਂ ਜੰਗ ਦੀ ਕਮਾਨ ਗੁਰੂ ਜੀ ਨੇ ਖੁਦ ਸੰਭਾਲ ਲਈ। ਉਹਨਾਂ ਦਾ ਸਾਥ ਦੇ ਰਹੇ ਸਨ ਸੂਰਬੀਰ ਯੋਧੇ ਭਾਈ ਬਿਧੀ ਸਿੰਘ, ਭਾਈ ਜੇਠਾ, ਪੈਂਦੇ ਖਾਂ ਆਦਿ। ਪਹਿਲੇ ਦਿਨ ਦੀ ਜੰਗ ਮੁਕਾਬਲੇ ਦੀ ਸੀ। ਦੂਸਰੇ ਦਿਨ ਮੁਕਾਬਲਾ ਹੋਰ ਸਖਤ ਹੋ ਗਿਆ। ਤੀਸਰੇ ਦਿਨ ਵੱਡੇ ਪੱਧਰ ’ਤੇ ਕਤਲੇਆਮ ਹੋਇਆ। ਜਿਸ ਵਿਚ ਵੈਰੀ ਦਾ ਵੱਡਾ ਨੁਕਸਾਨ ਹੋਇਆ। ਮੈਕਾਲਿਫ ਅਨੁਸਾਰ ਇਹ ਜੰਗ ਅੰਮ੍ਰਿਤਸਰ ਤੋਂ ਚਾਰ ਮੀਲ ਦੱਖਣ ਦੇ ਘੇਰੇ ਵਿਚ ਹੋਈ। ਜਿੱਤ ਦੀ ਯਾਦਗਾਰ ਵਿਚ ਗੁਰਦੁਆਰਾ ਸੰਗਰਾਣਾ ਸਾਹਿਬ ਹੈ। ਫੈਸਲਾਕੁੰਨ ਜੰਗ ਵਿਚ ਮੁਗਲ ਸੈਨਾ ਦੀ ਗਿਣਤੀ ਕਿਤੇ ਵੱਧ ਸੀ। ਅੰਤ ਵਿਚ ਗੁਰੂ ਜੀ ਦੇ ਖੰਡੇ ਨਾਲ ਮੁਖਲਿਸ ਖਾਂ ਟੋਟੇ ਟੋਟੇ ਹੋ ਗਿਆ। ਉਸਦੇ ਮਰਦਿਆਂ ਹੀ ਉਸਦੀ ਫੌਜ ਜੰਗ ਦੇ ਮੈਦਾਨ ਵਿਚੋਂ ਭੱਜ ਗਈ। ਮੁਗਲ ਫੌਜ ਨੇ ਸ਼ਹਿਰ ਨੂੰ ਲੁੱਟ ਲਿਆ। ਜੰਗ ਖਤਮ ਹੋਣ ਤੇ ਗੁਰੂ ਜੀ ਝਬਾਲ ਗਏ, ਜਿੱਥੇ ਬੀਬੀ ਵੀਰੋ ਜੀ ਦਾ ਵਿਆਹ ਚੌਧਰੀ ਭਾਈ ਲੰਗਾਹ ਦੇ ਘਰ ਹੋਇਆ।

ਇਹ ਸਿੱਖ ਮੁਗਲਾਂ ਦੀ ਪਹਿਲੀ ਜੰਗ ਵਜੋਂ ਇਤਿਹਾਸ ਵਿਚਦਰਜ ਹੋਈ, ਜਿਸ ਵਿਚ ਸਿੰਘਾਂ ਦੀ ਅਸਾਵੀਂ ਫੌਜ ਦੀ ਜਿੱਤ ਹੋਈ।

# ਸਾਹਿਤਕਾਰ ਪ੍ਰਮਿੰਦਰ ਸਿੰਘ ਪ੍ਰਵਾਨਾ ਦੀ ਇਤਿਹਾਸਕ ਪੁਸਤਕ ਲੋਕ ਅਰਪਣ



**ਯੂਨੀਅਨ ਸਿਟੀ-** ਸਥਾਨਕ ਸਾਹਿਤਕਾਰ ਪ੍ਰਮਿੰਦਰ ਸਿੰਘ ਪ੍ਰਵਾਨਾ ਦੀ ਪੁਸਤਕ ’ਚੋਣਵੇ ਇਤਿਹਾਸਕ ਲੇਖ’ ਯੂਨੀਅਨ ਸਿਟੀ ਵਿਖੇ ਲੋਕ ਅਰਪਣ ਹੋਈ। ਇਕ ਵਿਸ਼ਾਲ ਸਾਹਿਤਕ ਧਾਰਮਿਕ, ਸਭਿਆਚਾਰਕ ਅਕਾਦਮਿਕ ਪ੍ਰੋਗਰਾਮ ਵਿਚ ਬੱਚੇ, ਮਾਪੇ, ਅਧਿਆਪਕ, ਸਾਹਿਤਕਾਰ, ਕਲਾਕਾਰ, ਕਾਰੋਬਾਰੀ ਅਤੇ ਪਤਵੰਤੇ ਸ਼ਾਮਲ ਹੋਏ। ਪ੍ਰੋਗਰਾਮ ਦਾ ਆਰੰਭ ਸਕੂਲ ਦੀ ਅਧਿਆਪਕਾ ਜਿਨਾ ਪਾਸਾਲੋਡੋ ਨੇ ਸਭ ਨੂੰ ਜੀ ਆਇਆਂ ਆਖਦਿਆਂ ਕੀਤਾ। ਉਸ ਵੱਲੋਂ ਪ੍ਰੋਗਰਾਮ ਦੀ ਰੂਪ-ਰੇਖਾ ਦੀ ਗਈ। ਪ੍ਰਵਾਨਾ ਵੱਲੋਂ ਪਹਿਲਾਂ ਕੀਤੇ 5 ਪ੍ਰੋਗਰਾਮਾਂ ਦੀ ਸਫਲਤਾ ਦਾ ਜ਼ਿਕਰ ਕੀਤਾ। ਇਹ ਸਾਰੇ ਪ੍ਰੋਗਰਾਮ ਅਕਾਦਮਿਕ ਸਨ, ਜਿਸ ਵਿਚ ਹਰ ਉਮਰ ਦੇ ਸਰੋਤੇ ਨੂੰ ਸਿੱਖਣ ਦਾ ਮੌਕਾ ਮਿਲਿਆ ਹੈ।

ਪੁਸਤਕ ’ਫਾਰਮਰਜ਼ ਇੰਸ਼ੋਰੈਂਸ’ ਦੇ ਗੁਰਚਰਨ ਸਿੰਘ ਮਾਨ ਵੱਲੋਂ ਲੋਕ ਅਰਪਣ ਹੋਈ। ਪ੍ਰਵਾਨਾ ਵੱਲੋਂ ਪੁਸਤਕ ਦੀ ਪਹਿਲੀ ਕਾਪੀ ਬੀਬੀ ਸਰਬਜੀਤ ਕੌਰ ਚੀਮਾ ਅਧਿਆਪਕਾ ਲੋਗਨ ਹਾਈ ਸਕੂਲ ਨੂੰ ਭੇਂਟ ਕੀਤੀ ਗਈ। ਉਪਰੰਤ ਹਾਜ਼ਰ ਸਰੋਤਿਆਂ ਨੂੰ ਵੀ ਪੁਸਤਕ ਪ੍ਰੇਮ ਭੇਂਟ ਕੀਤੀ ਗਈ।

ਪ੍ਰਵਾਨਾ ਵੱਲੋਂ ਆਪਣੀ ਲੇਖਣੀ ਦੇ ਸਫਰ ਬਾਰੇ ਵਿਚਾਰ ਰੱਖੇ ਗਏ ਕਿ ਲਿਖਣ ਦਾ ਸ਼ੌਂਕ ਬਚਪਨ ਤੋਂ ਹੀ ਸਕੂਲ ਦੀਆਂ ਬਾਲ ਸਭਾਵਾਂ ਤੋਂ ਸ਼ੁਰੂ ਹੋਇਆ ਹੈ। ਪੰਜਾਬ ਵਿਚ ਪੰਜਾਬੀ ’ਹਿਤ ਸਭਾਵਾਂ ਨਾਲ ਜੁੜਿਆ ਰਿਹਾ। ਕਵਿਤਾਵਾਂ ਤੇ ਲੇਖ ਪ੍ਰਚਿਆਂ ਅਤੇ ਅਖਬਾਰਾਂ ਵਿਚ ਛਪਦੇ ਰਹੇ। ਅਪ੍ਰੈਲ 11, 1994 ਨੂੰ ਅਮਰੀਕਾ ਪ੍ਰਵਾਜ਼ ਕੀਤਾ। ਰੇਡੀਓ ਹੋਸਟ ਅਤੇ ਬਹੁਤ ਸਾਰੀਆਂ ਸਭਾਵਾਂ ਵਿਚ ਕੰਮ ਕੀਤਾ।

ਕਵੀ ਦਰਬਾਰ ਦੇ ਦੌਰ ਵਿਚ ਸਭ ਤੋਂ ਵੱਡੀ ਸਫਲਤਾ ਇਹ ਸੀ ਕਿ ਗੁਰਦੁਆਰਾ ਸਾਹਿਬ ਫਰੀਮਾਂਟ ਦੇ ਖਾਲਸਾ ਸਕੂਲ ਦੇ ਬੱਚਿਆਂ ਨੇ ਧਾਰਮਿਕ ਵਿਰਸੇ ਨਾਲ ਜੁੜੀਆਂ ਕਵਿਤਾਵਾਂ ਕਹੀਆਂ, ਜਿਸ ਵਿਚ ਸ਼ਾਮਲ ਸਨ: ਰਣਬੀਰ ਸਿੰਘ, ਪ੍ਰਭਸ਼ਰਨਦੀਪ ਸਿੰਘ ਅਤੇ ਅਰਸ਼ਵੀਰ ਸਿੰਘ, ਹਰਜਿੰਦਰ ਸਿੰਘ ਪੰਧੇਰ ਵੱਲੋਂ ਬੱਚਿਆਂ ਨੂੰ ਇਨਾਮ ਵੀ ਵੰਡੇ ਗਏ। ਹੋਰ ਸ਼ਾਮਲ ਸਨ: ਕਮਲ ਬੰਗਾ ਸੈਕਰਾਮੈਂਟੋ, ਬੀਬੀ ਬਲਵਿੰਦਰਕੌਰ, ਪਲਵਿੰਦਰ ਕੌਰ ਗੁਰਾਇਆਂ, ਡਾ. ਕਪਲਾ, ਮਰਿਗਇੰਦਰ ਕੌਰ ਪੰਧੇਰ, ਪ੍ਰਮਿੰਦਰ ਸਿੰਘ ਪ੍ਰਵਾਨਾ, ਜਗਦੀਸ਼ ਕੌਰ ਰੰਧਾਵਾ ਆਦਿ।

ਸਰੋਤਿਆਂ ਵਿਚ ਸ਼ਾਮਲ ਸਨ: ਮਾਇਕ (ਗੋਰਾ), ਸਤਪਾਲ ਸਿੰਘ ਮਦਾਰ, ਅਵਨਿੰਦਰ ਸਿੰਘ ਆਲ ਸਟੇਟ ਵਾਲੇ, ਕੇਵਲ ਸਿੰਘ, ਤ੍ਰਿਪਤ ਕੌਰ, ਰਾਜਿੰਦਰਪਾਲ ਸਿੰਘ, ਬਿਕਰ ਸਿੰਘ ਬਰਾੜ, ਮਨਦੀਪ ਕੌਰ, ਇੰਦਰਜੀਤ ਕੌਰ, ਏਕਮਜੋਤ ਕੌਰ, ਗੁਰਵਿੰਦਰ ਸਿੰਘ, ਪ੍ਰੋ. ਪ੍ਰੀਤਮ ਸਿੰਘ ਆਦਿ। ਗੁਰਚਰਨ ਸਿੰਘ ਮਾਨ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ‘ਸੰਦਲੀ ਪੌਣਾਂ ਝੂੱਲਦੀਆਂ, ਜਿੱਥੇ ਔਰਤ ਦਾ ਸਨਮਾਨ’

ਬਹੁਤ ਥੋੜ੍ਹੇ ਗਿਣੇ-ਚੁਣੇ ਨਾਂ ਹੀ ਹਨ ਪਰ ਔਰਤ ਜਾਤੀ ਲਈ ਵੱਖ-ਵੱਖ ਖੇਤਰਾਂ ਦੇ ਆਦਰਸ਼ ਅਤੇ ਮੀਲ-ਪੱਥਰ ਹਨ। ਇਹਨਾਂ ਦਾ ਜੀਵਨ ਅਤੇ ਪ੍ਰਾਪਤੀਆਂ ਅਬਲਾ ਨੂੰ ਸਬਲਾ ਤੇ ਨਿਰਬਲ ਨੂੰ ਬਲਵਾਨ ਬਣਨ ਦੀ ਪ੍ਰੇਰਨਾ ਦਿੰਦੀਆਂ ਹਨ। ਜੀਵਨ ਦਾ ਤਜਰਬਾ ਦੱਸਦਾ ਹੈ ਕਿ ਹਰ ਕਾਮਯਾਬ ਇਨਸਾਨ ਦੇ ਪਿੱਛੇ ਇਕ ਔਰਤ ਦਾ ਹੱਥ ਹੁੰਦਾ ਹੈ। ਉਹ ਔਰਤ ਆਮ ਤੌਰ ਤੇ ਇਕ ਮਾਂ ਜਾਂ ਪਤਨੀ ਹੁੰਦੀ ਹੈ। ਮਹਾਂਭਾਰਤ ਵਿਚ ਜ਼ਿਕਰ ਆਉਂਦਾ ਹੈ, ’’ਮਰਦ ਦਾ ਨਾਰੀ ਦੇ ਸਮਾਨ ਕੋਈ ਦੋਸਤ ਨਹੀਂ ਹੈ।’’ ਇਸ ਲਈ ਪਤੀ ਨੂੰ ਆਪਣੀ ਪਤਨੀ ਨਾਲ ਇਕ ਦੋਸਤ ਦੀ ਤਰ੍ਹਾਂ ਪਿਆਰ ਤੇ ਸਤਿਕਾਰ ਨਾਲ ਪੇਸ਼ ਆਉਣਾ ਚਾਹੀਦਾ ਹੈ। ਇਸ ਸਬੰਧ ਵਿਚ ਪਾਦਰੀ ਪਿਊਡਰ ਹੈਮਵਰਗ ਦਾ ਇਹ ਕਥਨ ਕਾਬਲ-ਏ-ਗੌਰ ਹੈ: ’’ਇਕ ਪਿਤਾ ਆਪਣੇ ਬੱਚਿਆਂ ਲਈ ਸਭ ਤੋਂ ਮਹੱਤਵਪੂਰਨ ਜੋ ਕੰਮ ਕਰ ਸਕਦਾ ਹੈ ਉਹ ਹੈ ਉਹਨਾਂ ਦੀ ਮਾਂ ਨਾਲ ਅਥਾਹ ਪਿਆਰ।’’

ਕਬੀਰ ਦਾਸ ਜੀ ਦਾ ਨਿਮਨ-ਲਿਖਤ ਦੋਹਾ ਔਰਤ ਦੀ ਵੇਦਨਾ ਬੜੇ ਸਪਸ਼ਟ ਰੂਪ ਵਿਚ ਪ੍ਰਗਟ ਕਰਦਾ ਹੈ:-

“ਵਾਹ! ਵਾਹ! ਰੇ ਅਬਲਾ ਨਾਰੀ,
ਤੇਰੇ ਆਂਚਲ ਮੇਂ ਹੈ ਦੂਧ ਆਖੋਂ ਮੇਂ ਪਾਨੀ।’’

ਪੰਜਾਬੀ ਦੇ ਮਸ਼ਹੂਰ ਪ੍ਰਗਤੀਵਾਦੀ ਸਮਾਜਵਾਦੀ ਸ਼ਾਇਰ ਪ੍ਰੋ: ਮੋਹਣ ਸਿੰਘ ਜੀ ਆਪਣੀ ਪਤਨੀ ਬਸੰਤ ਕੌਰ ਦੀ ਮੌਤ ਬਾਅਦ ਆਪਣੀ ਮਸ਼ਹੂਰ ਕਵਿਤਾ ’ਬਸੰਤ’ ਵਿਚ ਔਰਤ ਦੀ ਮਹਾਨਤਾ ਤੇ ਉਸ ਤੋਂ ਲਈ ਪ੍ਰੇਰਨਾ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਹਨ:-

’’ਮੋਹਨ ਕਿੰਝ ਬਣਦਾ ਤੂੰ ਸ਼ਾਇਰ,
ਜੇਕਰ ਮੈਂ ਨਾ ਮਰਦੀ।’’

ਪ੍ਰੋ: ਮੋਹਨ ਸਿੰਘ ਜੀ ਦੀ ਇਕ ਕਵਿਤਾ ਵਿਚ ਹੋਰ ਮਾਂ ਦੀ ਮਹਾਨਤਾ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਹਨ:

ਮਾਂ ਵਰਗਾ ਘਣਛਾਵਾਂ ਬੂਟਾ, ਮੈਨੂੰ ਕਿਧਰੇ ਨਜ਼ਰ ਨਾ ਆਵੇ।
ਲੈ ਕੇ ਜਿਸ ਤੋਂ ਛਾਂ ਉਧਾਰੀ, ਰੱਬ ਨੇ ਸੁਰਗ ਬਣਾਏ।
ਬਾਕੀ ਕੁੱਲ ਦੁਨੀਆਂ ਦੇ ਬੂਟੇ, ਜੜ੍ਹ ਸੁੱਕਿਆਂ ਸੁੱਕ ਜਾਂਦੇ।
ਐਪਰ ਫੁੱਲਾਂ ਦੇ ਮੁਰਝਾਇਆ, ਇਹ ਬੂਟਾ ਸੁੱਕ ਜਾਵੇ।

ਵਾਰਿਸ ਸ਼ਾਹ ਪੰਜਾਬੀ ਦਾ ਸਿਰਮੌਰ ਕਵੀ ਹੈ, ਭਾਵੇਂ ਉਹ ਔਰਤ ਦੀ ਨਿੰਦਿਆ ਬੜੇ ਕੜੇ ਸ਼ਬਦਾਂ ਵਿਚ ਕਰਦਾ ਹੈ ਪਰ ਉਹ ਪੰਜਾਬੀ ਦੀ ਸ਼ਾਹਕਾਰ ਰਚਨਾ ‘ਹੀਰ’ ਨੂੰ ’ਭਾਗਭਰੀ’ ਦੇ ਵਿਯੋਗ ਤੋਂ ਪ੍ਰੇਰਨਾ ਲੈ ਕੇ ਹੀ ਲਿਖ ਸਕਿਆ ਸੀ, ਕਿਉਂਕਿ ਭਾਗਭਰੀ ਨਾਲ ਉਸਦਾ ਰੋਮਾਂਸ ਚਲਦਾ ਸੀ। ਸ਼ਿਵ ਕੁਮਾਰ ਬਟਾਲਵੀ ਦੀ ਵਿਯੋਗ ਵਿਚੋਂ ਹੀ ’ਬਿਰਹੋਂ ਦਾ ਸੁਲਤਾਨ’ ਬਣ ਸਕਿਆ ਸੀ। ਅੰਮ੍ਰਿਤਾ ਪ੍ਰੀਤਮ ਬੜੀ ਵੱਡੀ ਪੱਧਰ ਤੇ ਔਰਤ ਦੀ ਵੇਦਨਾ ਤੇ ਉਸ ਦੀ ਹੋਂਦ ਨੂੰ ਸ਼ਾਹਕਾਰ ਕਰਨ ਲਈ ਆਪਣੀ ਆਵਾਜ਼ ਨੂੰ ਆਪਣੀ ਬਹੁਤ ਹੀ ਪ੍ਰਸਿੱਧ ਕਵਿਤਾ ’ਅੱਜ ਆਖਾਂ ਵਾਰਸ ਸ਼ਾਹ ਨੂੰ’ ਵਿਚ ਭਾਰਤ ਦੇ ਹੋਏ ਬਟਵਾਰੇ ਸਮੇਂ ਔਰਤ ਦੀ ਹੋਈ ਦੁਰਗਤੀ ਬਾਰੇ ਆਪਣੀ ਆਵਾਜ਼ ਇਸ ਤਰ੍ਹਾਂ ਬੁਲੰਦ ਕਰਦੀ ਹੈ:

ਅੱਜ ਲੱਖਾਂ ਧੀਆਂ ਰੋਂਦੀਆਂ, ਤੈਨੂੰ ਵਾਰਸ ਸ਼ਾਹ ਨੂੰ ਕਹਿਣ।
ਇਕ ਰੋਈ ਸੀ ਧੀ ਪੰਜਾਬ ਦੀ, ਤੂੰ ਲਿਖ-ਲਿਖ ਮਾਰੇ ਵੈਣ।
ਉਠ ਦਰਦਵੰਦਾਂ ਦਿਆ ਦਰਦੀਆ
ਉਠ ਤੱਕ ਆਪਣਾ ਪੰਜਾਬ।

ਹੁਣ ਤੱਕ ਉਕਤ ਚਰਚਾ ਤੋਂ ਇਹ ਸਪਸ਼ਟ ਹੋ ਚੁੱਕਾ ਹੈ ਕਿ ਔਰਤ ਪ੍ਰਤੀ ਤਾਹੀਉਂ ਗੁਰੂ ਪੀਰ ਤੇ ਮਹਾਨ ਵਿਦਵਾਨ ਵੀ ਔਰਤ ਦੀ ਤਰਫ਼ਦਾਰੀ ਤੇ ਵਕਾਲਤ ਕਰਦੇ ਹਨ- ਪਰ ਔਰਤ ਪ੍ਰਤੀ ਹਰ ਵਿਰੋਧੀ ਵਰਤਾਰੇ ਲਈ ਮਰਦ ਨੂੰ ਭੰਡਣਾ ਤੇ ਔਰਤ ਨੂੰ ਖਾਹਮਖਾਹ ਪੀੜਤ ਸਾਬਤ ਕਰੀ ਜਾਣਾ ਵੀ ਗਲਤ ਹੈ, ਕਿਉਂਕਿ ਔਰਤ ਵਾਲੇ ਪਾਸੇ ਵੀ ਸਭ ਠੀਕ ਨਹੀਂ ਹੈ। ਇਸ ਲਈ ਔਰਤ ਨੂੰ ਵੀ ਆਪਣੀ ਸੋਚ ਵਿਚ ਉਸਾਰੂ ਪਰਿਵਰਤਨ ਲਿਆਉਣ ਦੀ ਲੋੜ ਹੈ ਤਾਂ ਜੋ ਕੋਈ ਇਹ ਨਾ ਕਹਿ ਸਕੇ ਕਿ ਔਰਤ ਹੀ ਔਰਤ ਦੀ ਦੁਸ਼ਮਣ ਹੈ। ਕੇਵਲ ਉਹ ਸਮਾਜ ਹੀ ਸਭਿਅਤ ਅਖਵਾਉਣ ਦਾ ਹੱਕ ਰੱਖਦਾ ਹੈ, ਜਿਸ ਵਿਚ ਇਸਤਰੀ ਨੂੰ ਸਨਮਾਨਯੋਗ ਸਥਾਨ ਪ੍ਰਾਪਤ ਹੈ। ਇਸ ਸੰਦਰਭ ਵਿਚ ਪੰਡਤ ਜਵਾਹਰ ਲਾਲ ਨਹਿਰੂ ਦਾ ਕਥਨ ਹੈ ਕਿ ’’ਕਿਸੇ ਕੌਮ ਵਿਚ ਇਸਤਰੀ ਦੀ ਪਦਵੀ ਉਸ ਕੌਮ ਦੀ ਉਨਤੀ ਦੇ ਸਭ ਤੋਂ ਸਹੀ ਨਾਪਾਂ ਵਿਚੋਂ ਇਕ ਹੈ।’’ ਅਰਸਤੂ ਕਹਿੰਦਾ ਹੈ “ਔਰਤ ਦੀ ਉਨਤੀ ਅਤੇ ਗਿਰਾਵਟ ਤੇ ਹੀ, ਰਾਸ਼ਟਰ ਦੀ ਉਨਤੀ ਤੇ ਗਿਰਾਵਟ ਨਿਰਭਰ ਕਰਦੀ ਹੈ।’’ ਨਿਰਸੰਦੇਹ ਜਿੱਥੇ ਨਾਰੀ ਦਾ ਉੱਚ ਸਥਾਨ ਹੈ, ਉਥੇ ਖੁਸ਼ੀਆਂ, ਖੇੜਿਆਂ ਤੇ ਖੁਸ਼ਹਾਲੀ ਦਾ ਵਾਸਾ ਹੈ। ਕਿਸੇ ਕਵੀ ਨੇ ਠੀਕ ਹੀ ਕਿਹਾ ਹੈ ਕਿ, ‘ਸੰਦਲੀ ਪੌਣਾਂ ਝੁੱਲਦੀਆਂ, ਜਿੱਥੇ ਨਾਰੀ ਦਾ ਸਨਮਾਨ।’ ਔਰਤ ਜਾਤੀ ਦੀਆਂ ਸਮੱਸਿਆਵਾਂ ਦਾ ਅਧਿਐਨ ਤੇ ਚਿੰਤਨ ਕਰਨਾ ਬੜਾ ਜ਼ਰੂਰੀ ਹੈ ਤਾਂ ਜੋ ਇਸ ਦਾ ਕੋਈ ਸਾਰਥਕ ਤੇ ਵਿਗਿਆਨਕ ਹੱਲ ਲੱਭਿਆ ਜਾ ਸਕੇ। ਔਰਤ ਨੂੰ ਨਿਰੋਲ ਵਸਤੂ ਜਾਂ ਪਦਾਰਥ ਨਾ ਸਮਝਦਿਆਂ ਹੋਇਆਂ ਉਸ ਨਾਲ ਸੁਖਾਵਾਂ ਤੇ ਸੁਹਿਰਦਤਾ ਵਾਲਾ ਵਿਵਹਾਰ ਕਰੀਏ। ਮੇਰੇ ਸਾਥੀਓ ਆਓ!

ਉਸ ਨੂੰ ਪੀੜਾਂ, ਕਸਕਾਂ, ਚਸਕਾਂ, ਹਉਕਿਆਂ-ਹਾਵਿਆਂ ਦੀ ਤ੍ਰਾਸਦੀ ਤੋਂ ਮੁਕਤੀ ਤੇ ਆਜ਼ਾਦੀ ਦਿਵਾਉਣ ਲਈ ਹਰ ਹੀਲਾ ਅਪਣਾਈਏ। ਇਸ ਲਈ ਸਾਨੂੰ ਭਾਵੇਂ ਕਿਸੇ ਲੰਮੇ ਸੰਘਰਸ਼ ਦਾ ਹੀ ਕਿਉਂ ਨਾ ਰਾਹ ਅਪਣਾਉਣਾ ਪਵੇ। ਜਨਮ-ਪੂਰਵ ਤੋਂ ਮਰਨ ਤੱਕ ਉਸ ਨੂੰ ਭਰੂਣ ਹੱਤਿਆ, ਬਲਾਤਕਾਰ, ਦਾਜ, ਵੇਸ਼ਵਾਪਣ, ਨਾ-ਬਰਾਬਰੀ, ਪਤੀ ਦਾ ਜ਼ੁਲਮ, ਅਸੁਰੱਖਿਆ ਤੇ ਅਨਪੜ੍ਹਤਾ ਆਦਿਕ ਅਨੇਕਾਂ ਗੰਭੀਰ ਸਮੱਸਿਆਵਾਂ ’ਚੋਂ ਗੁਜ਼ਰਨਾ ਪੈਂਦਾ ਹੈ। ਫਿਰ ਵੀ ਉਹ ਸਮਾਜ ਵਿਚ ਵਿੱਚਰ ਰਹੀ ਹੈ।

ਉਹ ਅਬਲਾ ਨਹੀਂ ਹੈ, ਕਮਜ਼ੋਰ ਨਹੀਂ ਹੈ, ਸਗੋਂ ਬਹੁਤ ਬਲਵਾਨ ਹੈ ਜੋ ਮਨੁੱਖੀ ਸ਼ਕਤੀ ਲਈ ਪ੍ਰੇਰਨਾ ਸਰੋਤ ਬਣ ਕੇ ਉਸ ਦੇ ਵਿਅਕਤਿਤਵ ਨੂੰ ਸਨਮਾਨਿਤ ਕਰਦੀ ਹੈ। ਇਸ ਲਈ ਔਰਤ ਦੀਆਂ ਇਹਨਾਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਸਾਡੇ ਸਮਾਜ ਨੂੰ ਹਰ ਹੀਲਾ ਵਰਤਣਾ ਪਵੇਗਾ ਤੇ ਆਪਣੀ ਸੋਚ ਨੂੰ ਬਦਲਣਾ ਪਵੇਗਾ ਤਾਂ ਹੀ ਔਰਤ ਆਪਣੀ ਸੁਤੰਤਰ ਸੋਚ ਰੱਖ ਕੇ ਸਮਾਜ ਵਿਚ ਬਰਾਬਰੀ ਦਾ ਰੁਤਬਾ ਪ੍ਰਾਪਤ ਕਰ ਸਕਦੀ ਹੈ।

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵਿਖੇ ਵਿਸਾਖੀ ਦਾ ਦਿਹਾੜਾ ਸ਼ਰਧਾ ਪੂਰਵਕ ਮਨਾਇਆ













ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਨੇ ਲੰਘੇ ਐਤਵਾਰ ਗੁਰੂ ਘਰ ਦੀ ਪ੍ਰਾਪਰਟੀ ਵਿਖੇ ਵਿਸਾਖੀ ਦਾ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ। ਇਸ ਮੌਕੇ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਸਾਹਿਬ ਭਾਈ ਬਲਦੇਵ ਸਿੰਘ, ਭਾਈ ਜਸਵੀਰ ਸਿੰਘ ਅਤੇ ਭਾਈ ਜੀਤ ਰਾਮ ਥਿੰਦ ਆਦਿ ਜਥਿਆਂ ਨੇ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਖਾਲਸਾ ਸਥਾਪਨਾ ਦਿਵਸ ਦੇ ਇਤਿਹਾਸ ਤੋਂ ਜਾਣੂ ਕਰਵਾਇਆ।

ਚੇਅਰਮੈਨ ਸ੍ਰੀ ਵਿਨੋਦ ਕੁਮਾਰ ਚੁੰਬਰ ਅਤੇ ਹੋਰ ਬੁਲਾਰਿਆਂ ਨੇ ਖਾਲਸਾ ਪੰਥ ਅਤੇ ਵਿਸਾਖੀ ਦੇ ਇਤਿਹਾਸ ਦਾ ਵਰਣਨ ਕਰਦਿਆਂ ਸਮਾਨਤਾ ਅਤੇ ਇਨਸਾਫ ਦੀ ਗੱਲ ਨੂੰ ਦੁਹਰਾਉਂਦਿਆਂ ਮੌਜੂਦਾ ਸਮੇਂ ਸਨੇਟਰ ਆਈਸ਼ਾ ਵਹਾਬ ਵੱਲੋਂ ਲਿਆਂਦੇ ਗਏ ਬਿਲ (SB 403) ਸਬੰਧੀ ਜਾਣਕਾਰੀ ਦਿੰਦਿਆਂ ਸਮਰਥਨ ਦੀ ਮੰਗ ਕੀਤੀ। ਉਹਨਾਂ ਕਿਹਾ ਕਿ ਅਸੀਂ ਪੂਰੀ ਤਰ੍ਹਾਂ ਇਸ ਬਿਲ ਦਾ ਸਮਰਥਨ ਕਰਦੇ ਹਾਂ।

ਗੁਰੂ ਘਰ ਦੇ ਜਨਰਲ ਸਕੱਤਰ ਸ੍ਰੀ ਨਰੇਸ਼ ਕੁਮਾਰ ਗੱਡੂ ਸਟੇਜ ਦੀ ਸੇਵਾ ਬਾਖੂਬੀ ਨਾਲ ਨਿਭਾਉਂਦਿਆਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਵਿਸਾਖੀ ਦੀ ਵਧਾਈ ਦਿੱਤੀ ਅਤੇ ਉਹਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

ਵਰਲਡਵਾਈਡ ਬੀਐਸਪੀ ਸਪੋਰਟਰਸ ਟੀਮ ਯੂਐਸਏ (Worldwide BSP Supporters Team USA) ਅਤੇ ਸ਼ਰੋਮਣੀ ਅਕਾਲੀ ਦਲ ਵੈਸਟ ਕੋਸਟ ਦੀ ਮੀਟਿੰਗ 7 ਮਈ 2023 ਨੂੰ ਫਰਿਜਨੋ ਕੈਲੇਫੋਰਨੀਆ ਵਿਖੇ ਹੋਈ। ਜਿਸ ਵਿੱਚ ਸਾਰੇ ਬੁਲਾਰਿਆਂ ਨੇਂ ਜਲੰਧਰ ਵਾਸੀਆਂ ਨੂੰ ਲੋਕ ਸਭਾ ਦੀ ਜਿਮਨੀ ਚੋਣ ਵਿੱਚ ਡਾ ਸੁਖਵਿੰਦਰ ਸੁੱਖੀ ਜੀ ਨੂੰ ਇੱਕ ਇੱਕ ਵੋਟ ਪਾ ਕੇ ਜਿਤਾਉਣ ਲਈ ਬੇਨਤੀ ਕੀਤੀ।

*ਰਿਪੋਰਟ ਅਤੇ ਤਸਵੀਰਾਂ- ਅਮਰ ਦੜੋਚ*


























# ਜਲੰਧਰ ਲੋਕ ਸਭਾ ਉੱਪ ਚੋਣ ਪੰਜਾਬ ਵਿੱਚ ਰਾਜਨੀਤਿਕ ਪਾਰਟੀਆਂ ਦਾ ਭਵਿੱਖ ਤੈਅ ਕਰੇਗੀ



ਕੁਲਦੀਪ ਚੰਦ
91-9417563054

ਪੰਜਾਬ ਦੇ ਦਲਿਤ ਖਾਸ ਤੋਰ ਤੇ ਦੁਆਬਾ ਖੇਤਰ ਦੇ ਦਲਿਤ ਸਮਾਜਿਕ-ਆਰਥਿਕ ਤੋਰ ਤੇ ਵਿਕਸਿਤ ਹਨ ਅਤੇ ਪੰਜਾਬ ਸਮੇਤ ਦੇਸ਼-ਵਿਦੇਸ਼ ਵਿੱਚ ਰਾਜਨੀਤਿਕ ਪ੍ਰਭਾਵ ਰੱਖਦੇ ਹਨ। ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ ਦੀ 2018 ਦੀ ਇੱਕ ਰਿਪੋਰਟ ਅਨੁਸਾਰ ਪੰਜਾਬ ਵਿੱਚ ਦਲਿਤਾਂ ਵਿੱਚ 39 ਉਪ-ਜਾਤੀਆਂ ਹਨ। ਦਲਿਤ ਵੱਖ ਵੱਖ ਧਰਮਾਂ ਸਿੱਖ, ਹਿੰਦੂ, ਇਸਾਈ, ਮੁਸਲਮਾਨ ਅਤੇ ਬੁੱਧ ਧਰਮ ਨਾਲ ਸਬੰਧ ਰੱਖਦੇ ਹਨ ਅਤੇ ਕਈ ਡੇਰਿਆਂ ਨਾਲ ਜੁੜੇ ਹੋਏ ਹਨ। ਜੇਕਰ ਪੰਜਾਬ ਦੇ ਦਲਿਤਾਂ ਦਾ ਰਾਜਨੀਤਿਕ ਪਿਛੋਕੜ ਵੇਖੀਏ ਤਾਂ 1926 ਵਿੱਚ ਜਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਮੁਗੋਵਾਲ ਵਿੱਚ ਬਾਬੂ ਮੰਗੂ ਰਾਮ ਮੁਗੋਵਾਲੀਆ ਦੀ ਅਗਵਾਈ ਵਿੱਚ ਦੇਸ ਦੇ ਵੱਖ ਵੱਖ ਭਾਗਾਂ ਤੋਂ ਪਹੁੰਚੇ ਹਜਾਰਾਂ ਲੋਕਾਂ ਵਲੋਂ ਆਦਿ ਧਰਮ ਮੰਡਲ ਦੀ ਸਥਾਪਨਾ ਕੀਤੀ ਗਈ। ਇਸ ਆਦਿ ਧਰਮ ਮੰਡਲ ਨੇ ਦੇਸ਼ ਦੀ ਰਾਜਨੀਤੀ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ ਹੈ। 1937 ਵਿੱਚ ਹੋਈਆਂ ਚੋਣਾਂ ਵਿੱਚ ਆਦਿ ਧਰਮ ਮੰਡਲ ਨੇ ਯੂਨੀਅਨਿਸਟ ਪਾਰਟੀ ਨਾਲ ਰਲਕੇ ਚੋਣ ਲੜ੍ਹੀ ਅਤੇ ਰਾਖਵੀਆਂ 8 ਸੀਟਾਂ ਵਿਚੋਂ 7 ਤੇ ਜਿੱਤ ਹਾਸਲ ਕੀਤੀ ਅਤੇ 8ਵੀਂ ਸੀਟ ਜੋਕਿ ਸਿਰਫ 07 ਵੋਟਾਂ ਨਾਲ ਹਾਰੀ ਸੀ ਜਿੱਤਣ ਵਾਲਾ ਮੂਲਾ ਸਿੰਘ ਬਲਾਚੌਰ ਵੀ ਬਾਦ ਵਿੱਚ ਆਦਿ ਧਰਮ ਮੰਡਲ ਵਿੱਚ ਸ਼ਾਮਿਲ ਹੋ ਗਿਆ ਸੀ। 1946 ਦੀਆਂ ਚੋਣਾਂ ਵਿੱਚ ਬਾਬੂ ਮੰਗੂ ਰਾਮ ਆਪਣੇ 04 ਹੋਰ ਸਾਥੀਆਂ ਨਾਲ ਵਿਧਾਇਕ ਬਣੇ ਸਨ। ਪੰਜਾਬ ਦੇ ਜਿਲ੍ਹਾ ਰੂਪਨਗਰ ਵਿੱਚ ਪੈਦਾ ਹੋਏ ਕਾਂਸ਼ੀ ਰਾਮ ਨੇ ਦੇਸ਼ ਵਿੱਚ ਦਲਿਤਾਂ ਅਤੇ ਪੱਛੜੀਆਂ ਸ਼੍ਰੇਣੀਆਂ ਨੂੰ ਇੱਕ ਪਲੇਟਫਾਰਮ ਤੇ ਇਕੱਠਾ ਕਰਕੇ ਸਮਾਜਿਕ ਅੰਦੋਲਨ ਚਲਾਇਆ ਅਤੇ 14 ਅਪ੍ਰੈਲ 1984 ਨੂੰ ਰਾਜਨੀਤਿਕ ਪਾਰਟੀ ਬਹੁਜਨ ਸਮਾਜ ਪਾਰਟੀ ਬਣਾਈ ਸੀ। ਸਾਲ 1992 ਵਿੱਚ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬਹੁਜਨ ਸਮਾਜ ਪਾਰਟੀ ਇੱਕ ਵੱਡੀ ਰਾਜਨੀਤਿਕ ਪਾਰਟੀ ਵਜੋਂ ਸਾਹਮਣੇ ਆਈ ਜਿਸ ਵਿੱਚ 16.32 ਫਿਸਦੀ ਵੋਟਾਂ ਲੈਕੇ 9 ਵਿਧਾਇਕ ਚੁਣੇ ਗਏ ਅਤੇ ਪੰਜਾਬ ਵਿੱਚ ਮੁੱਖ ਵਿਰੋਧੀ ਪਾਰਟੀ ਬਣੀ। ਮੋਜੂਦਾ ਸਮੇਂ ਪੰਜਾਬ ਵਿੱਚ 117 ਵਿੱਚੋਂ 34 ਵਿਧਾਨ ਸਭਾ ਹਲਕੇ ਅਤੇ ਲੋਕ ਸਭਾ ਦੇ 13 ਹਲਕਿਆਂ ਵਿੱਚੋਂ 04 ਹਲਕੇ ਅਨੁਸੂਚਿਤ ਜਾਤੀਆਂ ਲਈ ਰਾਖਵੇਂ ਹਨ। ਜਲੰਧਰ ਲੋਕ ਸਭਾ ਹਲਕਾ ਵੀ ਅਨੁਸੂਚਿਤ ਜਾਤੀਆਂ ਲਈ ਰਾਖਵਾਂ ਹੈ ਅਤੇ ਇਸ ਲੋਕ ਸਭਾ ਹਲਕੇ ਅਧੀਨ ਆਂਦੇ 09 ਵਿਧਾਨ ਸਭਾ ਹਲਕਿਆਂ ਵਿੱਚੋਂ 04 ਹਲਕੇ ਫਿਲੌਰ, ਕਰਤਾਰਪੁਰ, ਜਲੰਧਰ ਪੱਛਮੀ ਅਤੇ ਆਦਮਪੁਰ ਰਾਖਵੇਂ ਹਨ। ਜਲੰਧਰ ਲੋਕ ਸਭਾ ਲਈ ਮਿਤੀ 10 ਮਈ ਨੂੰ ਹੋਣ ਜਾ ਰਹੀ ਉੱਪ ਚੌਣ ਲਈ ਦਲਿਤ ਵੋਟਰਾਂ ਦੀ ਭੂਮਿਕਾ ਅਹਿਮ ਮੰਨੀ ਜਾ ਰਹੀ ਹੈ ਅਤੇ ਸਾਰੀਆਂ ਰਾਜਨੀਤਿਕ ਪਾਰਟੀਆਂ ਦਲਿਤ ਵੋਟਰਾਂ ਨੂੰ ਭਰਮਾਉਣ ਲਈ ਕੰਮ ਕਰ ਰਹੀਆਂ ਹਨ। ਇਸ ਹਲਕੇ ਵਿੱਚ ਦਲਿਤ ਭਾਈਚਾਰੇ ਦੀਆਂ ਲੱਗਭੱਗ 42 ਫੀਸਦੀ ਵੋਟਾਂ ਹਨ। ਇਨ੍ਹਾਂ ਵਿੱਚ ਬਹੁਗਿਣਤੀ ਵੋਟਾਂ ਰਵਿਦਾਸੀਆ ਭਾਈਚਾਰੇ ਦੀਆਂ ਹਨ।ਇਸ ਚੌਣ ਵਿੱਚ ਕੁੱਲ 23 ਵਿਅਕਤੀਆਂ ਨੇ ਪੇਪਰ ਫਾਇਲ ਕੀਤੇ ਸਨ ਅਤੇ 19 ਵਿਅਕਤੀ ਵੱਖ ਵੱਖ ਰਾਜਨੀਤਿਕ ਪਾਰਟੀਆਂ ਵਲੋਂ ਅਤੇ ਅਜ਼ਾਦ ਚੌਣ ਲੜ੍ਹ ਰਹੇ ਹਨ। ਮੌਜੂਦਾ ਸਮੀਕਰਣ ਵਿੱਚ ਇਸ ਚੌਣ ਵਿੱਚ ਮੁੱਖ ਤੌਰ ਤੇ ਮੁਕਾਬਲਾ ਕਾਂਗਰਸ ਪਾਰਟੀ ਦੇ ਕਰਮਜੀਤ ਕੌਰ, ਭਾਜਪਾ ਦੇ ਇੰਦਰ ਇਕਬਾਲਸਿੰਘ ਅਟਵਾਲ, ਸ਼੍ਰੋਮਣੀ ਅਕਾਲੀ ਦੱਲ ਅਤੇ ਬਹੁਜਨ ਸਮਾਜ ਪਾਰਟੀ ਗਠਜੋੜ੍ਹ ਦੇ ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਅਤੇ ਆਮ ਆਦਮੀ ਪਾਰਟੀ ਦੇ ਸ਼ੁਸ਼ੀਲ ਕੁਮਾਰ ਰਿੰਕੂ ਵਿੱਚ ਹੋਣ ਦੀ ਸੰਭਾਵਨਾ ਹੈ। ਬਾਕੀ ਉਮੀਦਵਾਰਾਂ ਨੈਸ਼ਨਲ ਜਸਟਿਸ ਪਾਰਟੀ ਦੇ ਡਾਕਟਰ ਸੁਗਰੀਵ ਸਿੰਘ ਨਾਂਗਲੂ, ਸ਼੍ਰੋਮਣੀ ਅਕਾਲੀ ਦੱਲ ਅਮ੍ਰਿਤਸਰ ਦੇ ਗੁਰਜੰਟ ਸਿੰਘ ਕੱਟੂ, ਬਹੁਜਨ ਦ੍ਰਵਿੜਾ ਪਾਰਟੀ ਦੇ ਤੀਰਥ ਸਿੰਘ ਬੇਗਮਪੁਰਾ ਭਾਰਤ, ਪੰਜਾਬ ਕਿਸਾਨ ਦੱਲ ਦੇ ਪਰਮਜੀਤ ਕੌਰ ਤੇਜੀ, ਸਮਾਜਵਾਦੀ ਪਾਰਟੀ ਦੇ ਮਨਜੀਤ ਸਿੰਘ, ਪੀਪਲਜ਼ ਪਾਰਟੀ ਆਫ ਇੰਡੀਆ-ਡੈਮੋਕ੍ਰੇਟਿਕ ਦੇ ਮਨਿੰਦਰ ਸਿੰਘ ਭਾਟੀਆ, ਪੰਜਾਬ ਨੈਸ਼ਨਲ ਪਾਰਟੀ ਦੇ ਯੋਗਰਾਜ ਸਹੋਤਾ, ਅਜ਼ਾਦ ਅਸ਼ੋਕ ਕੁਮਾਰ, ਅਮਰੀਸ਼ ਭਗਤ, ਸੰਦੀਪ ਕੌਰ, ਗੁਲਸ਼ਨ ਅਜ਼ਾਦ, ਨੀਟੂ ਸ਼ਟਰਾਂ ਵਾਲਾ, ਪਲਵਿੰਦਰ ਕੌਰ, ਰਾਜ ਕੁਮਾਰ ਸਾਕੀ, ਰੋਹਿਤ ਕੁਮਾਰ ਟਿੰਕੂ ਨੂੰ ਮਿਲਣ ਵਾਲੀਆਂ ਵੋਟਾਂ ਵੀ ਇਸ ਚੋਣ ਵਿੱਚ ਉਮੀਦਵਾਰਾਂ ਦੀ ਜਿੱਤ ਹਾਰ ਨੂੰ ਪ੍ਰਭਾਵਿਤ ਕਰਨਗੀਆਂ। ਕਾਂਗਰਸ ਪਾਰਟੀ ਦੇ ਬੀਬੀ ਕਰਮਜੀਤ ਕੌਰ ਅਤੇ ਆਪ ਦੇ ਸ਼ੁਸੀਲ ਕੁਮਾਰ ਰਿੰਕੂ ਸਥਾਨਕ ਹਨ ਜਦਕਿ ਸ਼੍ਰੋਮਣੀ ਅਕਾਲੀ ਦੱਲ ਦੇ ਉਮੀਦਵਾਰ ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਬੰਗਾ ਜਿਲ੍ਹਾ ਨਵਾਂ ਸ਼ਹਿਰ ਅਤੇ ਭਾਜਪਾ ਦੇ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਲੁਧਿਆਣਾ ਦੇ ਰਹਿਣ ਵਾਲੇ ਹਨ। ਦਲਿਤ ਰਾਜਨੀਤੀ ਦਾ ਗੜ੍ਹ ਮੰਨੇ ਜਾਂਦੇ ਜਲੰਧਰ ਸੀਟ ਤੇ ਬਹੁਤੀ ਵਾਰ ਕਾਂਗਰਸ ਪਾਰਟੀ ਦਾ ਹੀ ਕਬਜ਼ਾ ਰਿਹਾ ਹੈ ਜਿਸ ਵਿੱਚ ਵਿੱਚ ਹੁਣ ਤੱਕ 13 ਵਾਰ ਕਾਂਗਰਸ ਪਾਰਟੀ ਜਿੱਤ ਚੁੱਕੀ ਹੈ। ਕਾਂਗਰਸ ਪਿਛਲੀਆਂ ਚਾਰ ਚੋਣਾਂ ਤੋਂ ਇਹ ਸੀਟ ਲਗਾਤਾਰ ਜਿੱਤਦੀ ਆ ਰਹੀ ਹੈ। ਇਹ ਸੀਟ ਹੁਣ ਤੱਕ ਦੋ ਵਾਰ ਸ਼੍ਰੋਮਣੀ ਅਕਾਲੀ ਦਲ ਅਤੇ ਦੋ ਵਾਰ ਜਨਤਾ ਦਲ ਨੇ ਜਿੱਤੀ ਹੈ। ਵਿਰੋਧੀਆਂ ਦੇ ਸੱਖਤ ਮੁਕਾਬਲੇ ਦੇ ਬਾਵਜੂਦ ਕਾਂਗਰਸ 1999 ਤੋਂ ਜਲੰਧਰ ਲੋਕ ਸਭਾ ਹਲਕੇ ਵਿੱਚ ਅਜੇਤੂ ਰਹਿ ਕੇ ਆਪਣੀ ਤਾਕਤ ਸਾਬਤ ਕਰਨ ਵਿੱਚ ਕਾਮਯਾਬ ਰਹੀ। 1998 ਦੀਆਂ ਚੋਣਾਂ ਵਿੱਚ ਸਾਬਕਾ ਪ੍ਰਧਾਨ ਮੰਤਰੀ ਸਵਰਗੀ ਇੰਦਰ ਕੁਮਾਰ ਗੁਜਰਾਲ ਇੱਥੋਂ ਜਨਤਾ ਦਲ ਦੇ ਉਮੀਦਵਾਰ ਵਜੋਂ ਸੰਸਦ ਮੈਂਬਰ ਚੁਣੇ ਗਏ ਸਨ। 1999 ਵਿੱਚ ਕਾਂਗਰਸ ਦੇ ਬਲਬੀਰ ਸਿੰਘ ਨੇ ਜਲੰਧਰ ਲੋਕ ਸਭਾ ਸੀਟ ਜਿੱਤੀ, 2004 ਵਿੱਚ ਰਾਣਾ ਗੁਰਜੀਤ ਸਿੰਘ, 2009 ਵਿੱਚ ਮਹਿੰਦਰ ਸਿੰਘ ਕੇਪੀ ਅਤੇ 2014 ਅਤੇ 2019 ਵਿੱਚ ਸਵਰਗੀ ਸੰਤੋਖ ਸਿੰਘ ਚੌਧਰੀ ਨੇ ਜਿੱਤ ਪ੍ਰਾਪਤ ਕੀਤੀ। ਜੇਕਰ ਇਸ ਲੋਕ ਸਭਾ ਹਲਕੇ ਵਿੱਚ ਪਿਛਲੇ ਸਮੇਂ ਦੌਰਾਨ ਹੋਈਆਂ ਚੌਣਾਂ ਦਾ ਇਤਿਹਾਸ ਵੇਖੀਏ ਤਾਂ 2019 ਵਿੱਚ ਕਾਂਗਰਸ ਪਾਰਟੀ ਦੇ ਸਵਰਗੀ ਸੰਤੋਖ ਚੌਧਰੀ ਨੂੰ 386712 ਵੋਟਾਂ, ਸ਼੍ਰੋਮਣੀ ਅਕਾਲੀ ਦੱਲ ਭਾਜਪਾ ਗੱਠਜੋੜ੍ਹ ਦੇ ਚਰਨਜੀਤ ਸਿੰਘ ਅਟਵਾਲ ਨੂੰ 366221, ਬਹੁਜਨ ਸਮਾਜ ਪਾਰਟੀ ਦੇ ਬਲਵਿੰਦਰ ਕੁਮਾਰ ਨੂੰ 204783 ਵੋਟਾਂ ਮਿਲੀਆਂ ਸਨ। 2019 ਦੀਆਂ ਚੌਣਾਂ ਵਿੱਚ 09 ਵਿਧਾਨ ਸਭਾ ਹਲਕਿਆਂ ਵਿੱਚੋਂ 05 ਤੇ ਕਾਂਗਰਸ ਪਾਰਟੀ, 03 ਤੇ ਸ਼੍ਰੋਮਣੀ ਅਕਾਲੀ ਦੱਲ ਅਤੇ 01 ਤੇ ਬੀਐਸਪੀ ਜੇਤੂ ਰਹੀ ਸੀ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਲੋਕ ਸਭਾ ਵਿੱਚ ਪੈਂਦੇ 09 ਹਲਕਿਆਂ ਵਿੱਚੋਂ 05 ਕਾਂਗਰਸ ਪਾਰਟੀ ਅਤੇ 04 ਤੇ ਆਪ ਨੇ ਜਿੱਤ ਪ੍ਰਾਪਤ ਕੀਤੀ ਸੀ। ਕਾਂਗਰਸ ਪਾਰਟੀ ਵਲੋਂ ਜਨਵਰੀ 2023 ਵਿੱਚ ਭਾਰਤ ਜੋੜੋ ਯਾਤਰਾ ਦੌਰਾਨ ਲੋਕ ਸਭਾ ਮੈਂਬਰ ਸਵਰਗੀ ਸੰਤੋਖ ਚੌਧਰੀ ਦੀ ਮੌਤ ਹੋ ਗਈ ਸੀ। ਕਾਂਗਰਸ ਪਾਰਟੀ ਨੂੰ ਹਮਦਰਦੀ ਦੀਆਂ ਵੋਟਾਂ ਮਿਲਣ ਦੀ ਉਮੀਦ ਹੈ। ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਦਾ ਪਰਿਵਾਰ ਪਹਿਲਾਂ ਸ਼੍ਰੋਮਣੀ ਅਕਾਲੀ ਦੱਲ ਨਾਲ ਸੀ ਅਤੇ ਕੁੱਝ ਦਿਨ ਪਹਿਲਾਂ ਹੀ ਭਾਜਪਾ ਵਿੱਚ ਸ਼ਾਮਿਲ ਹੋਏ ਹਨ। ਉਸਨੂੰ ਸਿੱਖ ਵੋਟ ਅਤੇ ਬਾਲਮੀਕੀ ਭਾਈਚਾਰੇ ਦੀਆਂ ਵੋਟਾਂ ਮਿਲਣ ਦੀ ਆਸ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਸੋਮਣੀ ਅਕਾਲੀ ਦੱਲ ਦੇ ਸਾਬਕਾ ਆਗੂ ਬੀਬੀ ਜਗੀਰ ਕੌਰਅਤੇ ਅਕਾਲੀ ਦੱਲ ਸੰਯੁਕਤ ਵਲੋਂ ਵੀ ਇਨ੍ਹਾਂ ਚੌਣਾਂ ਵਿੱਚ ਭਾਜਪਾ ਦੀ ਹਮਾਇਤ ਕੀਤੀ ਗਈ ਹੈ। ਭਾਜਪਾ ਨੂੰ ਕੇਂਦਰ ਵਿੱਚ ਸੱਤਾ ਹੋਣ ਦਾ ਲਾਭ ਮਿਲਣ ਦੀ ਆਸ ਹੈ। ਸ਼੍ਰੋਮਣੀ ਅਕਾਲੀ ਦੱਲ ਅਤੇ ਬੀ ਐਸ ਪੀ ਦੇ ਸਾਂਝੇ ਉਮੀਦਵਾਰ ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਦੀ ਆਸ ਮੁੱਖ ਤੋਰ ਤੇ ਬੀਐਸਪੀ ਵੋਟ ਬੈਂਕ ਤੇ ਹੀ ਹੈ ਕਿਉਂਕਿ ਇਸ ਹਲਕੇ ਵਿੱਚ ਬੀ ਐਸ ਪੀ ਦਾ ਵੱਡਾ ਵੋਟ ਬੈਂਕ ਰਿਹਾ ਹੈ। ਆਮ ਆਦਮੀ ਪਾਰਟੀ ਦੇ ਉਮੀਦਵਾਰ ਸ਼ੁਸ਼ੀਲ ਕੁਮਾਰ ਰਿੰਕੂ ਜੋ ਕੁੱਝ ਦਿਨ ਪਹਿਲਾਂ ਹੀ ਕਾਂਗਰਸ ਪਾਰਟੀ ਛੱਡਕੇ ਆਪ ਵਿੱਚ ਸ਼ਾਮਿਲ ਹੋਏ ਹਨ ਨੂੰ ਕਾਂਗਰਸ ਪਾਰਟੀ ਦੀ ਆਪਸੀ ਫੁੱਟ ਵਾਲੀ ਵੋਟ ਅਤੇ ਸੱਤਾ ਦਾ ਲਾਭ ਮਿਲਣ ਦੀ ਆਸ ਹੈ। ਇਹ ਚੌਣ ਆਪ ਲਈ ਮੁੱਖ ਚੁਣੌਤੀ ਹੈ ਕਿਉਂਕਿ 92 ਵਿਧਾਨ ਸਭਾ ਸੀਟਾਂ ਤੇ ਵੱਡੀ ਜਿੱਤ ਹਾਸਲ ਕਰਕੇ ਪੰਜਾਬ ਵਿੱਚ ਮਾਰਚ 2022 ਵਿੱਚ ਆਪ ਦੀ ਸਰਕਾਰ ਬਣੀ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹਲਕੇ ਸੰਗਰੂਰ ਵਿੱਚ ਜੂਨ 2022 ਵਿੱਚ ਹੋਈ ਉੱਪ ਚੌਣ ਵਿੱਚ ਸ਼੍ਰੋਮਣੀ ਅਕਾਲੀ ਦੱਲ ਅਮ੍ਰਿਤਸਰ ਦੇ ਸਿਮਰਨਜੀਤ ਸਿੰਘ ਮਾਨ ਦੀ ਜਿੱਤ ਨੇ ਆਪ ਆਗੂਆਂ ਨੂੰ ਨਿਰਾਸ਼ ਕੀਤਾ ਹੈ। ਇਸ ਚੌਣ ਨੂੰ ਜਿੱਤਣ ਲਈ ਆਪ ਦੀ ਸਮੁੱਚੀ ਲੀਡਰਸ਼ਿਪ ਜੋਰ ਲਗਾ ਰਹੀ ਹੈ। ਦਲਿਤ ਬਹੁਤਾਤ ਵਾਲੇ ਦੋਆਬੇ ਦੇ ਇਸ ਹਲਕੇ ਵਿੱਚ ਦਲਿਤ ਵੋਟਰਾਂ ਨੂੰ ਅਪਣੇ ਨਾਲ ਜੋੜ੍ਹਨ ਲਈ ਆਪ ਆਗੂਆਂ ਭਗਵੰਤ ਮਾਨ ਅਤੇ ਅਰਵਿੰਦ ਕੇਜਰੀਵਾਲ ਨੇ ਡੇਰਾ ਸੱਚਖੰਡ ਬਲਾਂ ਪਹੁੰਚਕੇ 25 ਕਰੋੜ੍ਹ ਦਾ ਚੈੱਕ ਭੇਟ ਕੀਤਾ ਹੈ। ਕਾਂਗਰਸ ਪਾਰਟੀ ਵਲੋਂ ਆਪ ਦੀ ਇਸ ਕਾਰਵਾਈ ਦੀ ਨੁਕਤਾਚੀਨੀ ਕੀਤੀ ਗਈ ਅਤੇ ਕਿਹਾ ਗਿਆ ਕਿ ਪਹਿਲਾਂ ਕਾਂਗਰਸ ਪਾਰਟੀ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਇਹ ਚੈੱਕ ਦਿਤਾ ਸੀ ਪਰੰਤੂ ਆਪ ਨੇ ਰੋਕ ਲਗਾਈ ਸੀ। ਆਪ ਦੀ ਇਸ ਕਾਰਵਾਈ ਕਾਰਨ ਦੂਜੀਆਂ ਜਾਤਾਂ ਦੇ ਲੋਕ ਅਤੇ ਦੂਜੇ ਡੇਰਿਆਂ ਨੂੰ ਮੰਨਣ ਵਾਲੇ ਲੋਕ ਨਰਾਜ ਹੋ ਗਏ ਹਨ। ਪੰਜਾਬ ਵਿੱਚ ਦਲਿਤ ਵੋਟਰਾਂ ਵਿੱਚ ਦੋ ਪ੍ਰਮੁੱਖ ਜਾਤਾਂ ਰਵਿਦਾਸੀਆ ਅਤੇ ਬਾਲਮੀਕੀ ਹਨ। ਪੰਜਾਬ ਸਰਕਾਰ ਵਲੋਂ ਸਰਕੂਲਰ ਨੰਬਰ 1818ਐਸ ਡਵਲਿਊ 75/10451 ਦੇ ਅਨੁਸਾਰ ਪੰਜਾਬ ਵਿੱਚ ਸਰਕਾਰੀ ਖੇਤਰ ਵਿੱਚ ਅਨੁਸੂਚਿਤ ਜਾਤੀਆਂ ਲਈ ਲਾਗੂ 25 ਪ੍ਰਤੀਸ਼ਤ ਰਾਖਵਾਂਕਰਣ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ ਜਿਸ ਵਿੱਚ 12.5 ਫਿਸਦੀ ਬਾਲਮੀਕੀ ਅਤੇ ਮਜਹਬੀ ਸਿੱਖਾਂ ਲਈ ਅਤੇ ਬਾਕੀ 12.5 ਫੀਸਦੀ ਰਵਿਦਾਸੀਆਂ ਅਤੇ ਬਾਕੀ 37 ਅਨੁਸੂਚਿਤਜਾਤੀਆਂਲਈ ਰੱਖਿਆ ਗਿਆ ਹੈ। ਪੰਜਾਬ ਸਰਕਾਰ ਨੇ ਇਸ ਸਰਕੂਲਰ ਨੂੰ ਪੰਜਾਬ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ (ਸੇਵਾਵਾਂ ਵਿੱਚ ਰਾਖਵਾਂਕਰਨ) ਐਕਟ, 2006 ਸ਼ਾਮਲ ਕੀਤਾ ਹੈ ਜੋਕਿ 5 ਅਕਤੂਬਰ, 2006 ਨੂੰ ਨੋਟੀਫਾਈ ਕੀਤਾ ਗਿਆ ਸੀ। ਇਨ੍ਹਾਂ ਦੋਹਾਂ ਜਾਤਾਂ ਵਿੱਚ ਏਕੇ ਦੀ ਘਾਟ ਦਾ ਵੱਖ ਵੱਖ ਪਾਰਟੀਆਂ ਨੇ ਲਾਭ ਉਠਾਇਆ ਹੈ। ਪੰਜਾਬ ਵਿੱਚ ਸੱਤਾ ਵਿੱਚ ਰਹੀਆਂ ਵੱਖ ਵੱਖ ਪਾਰਟੀਆਂ ਵਲੋਂ ਜਨਸੰਖਿਆ ਅਨੁਸਾਰ ਰਾਖਵਾਂਕਰਣ ਵਧਾਉਣ ਦੀ ਬਜਾਏ ਇਨ੍ਹਾਂ ਦੋਹਾਂ ਧਿਰਾਂ ਨੂੰ ਆਪਸ ਵਿੱਚ ਲੜਾਉਣ ਦੀਆਂ ਕੋਸ਼ਿਸ਼ਾ ਕੀਤੀਆਂ ਗਈਆਂ ਹਨ। ਪੰਜਾਬ ਵਿੱਚ ਸੱਤਾਧਾਰੀ ਆਮ ਆਦਮੀ ਪਾਰਟੀ ਨੇ ਅਪਣੇ ਚੌਣ ਮੈਨੀਫੈਸਟੋ ਵਿੱਚ ਦਲਿਤਾਂ ਲਈ ਵਿਸ਼ੇਸ਼ ਯੋਜਨਾਵਾਂ ਬਣਾਉਣ ਅਤੇ ਲਾਗੂ ਕਰਨ ਦਾ ਵਾਅਦਾ ਕੀਤਾ ਸੀ। ਆਪ ਦੇ ਚੌਣ ਮੈਨੀਫੈਸਟੋ ਅਨੁਸਾਰ ਪੰਜਾਬ ਵਿੱਚ ਦਲਿਤਾਂ ਲਈ ਇੱਕ ਘੱਟ ਕੀਮਤ ਵਾਲੀ ਰਿਹਾਇਸ਼ ਯੋਜਨਾ ਬਣਾਈ ਜਾਵੇਗੀ ਤਾਂ ਜੋ ਸਾਰਿਆਂ ਕੋਲ ਪੱਕਾ ਘਰ ਹੋਵੇ। ਦਲਿਤਾਂ ਦੇ ਸਾਰੇ ਕੱਚੇ ਅਤੇ ਪੱਕੇ ਘਰਾਂ ਦੀ ਰਜਿਸਟਰੇਸ਼ਨ ਕੀਤੀ ਜਾਵੇ ਤਾਂ ਜੋ ਉਹ ਕੁਦਰਤੀ ਆਫ਼ਤਾਂ ਕਾਰਨ ਹੋਏ ਨੁਕਸਾਨ ਦੇ ਮੁਆਵਜ਼ੇ ਸਮੇਤ ਕਰਜ਼ੇ ਅਤੇ ਹੋਰ ਲਾਭ ਲੈ ਸਕਣ। ਦਲਿਤਾਂ ਲਈ ਰਾਖਵੀਆਂ ਪਿੰਡਾਂ ਦੀਆਂ ਸਾਂਝੀਆਂ ਜ਼ਮੀਨਾਂ ਦੀ ਦੂਜੀਆਂ ਜਾਤਾਂ ਦੇ ਪ੍ਰਭਾਵਸ਼ਾਲੀ ਵਿਅਕਤੀਆਂ ਨੂੰ ਨਿਲਾਮੀ ਰੋਕ ਦਿੱਤੀ ਜਾਵੇਗੀ ਅਤੇ ਦੂਜੀਆਂ ਜਾਤਾਂ ਦੇ ਲੋਕਾਂ ਦੇ ਨਾਜਾਇਜ਼ ਕਬਜ਼ੇ ਤੋਂ ਮੁਕਤ ਕੀਤਾ ਜਾਵੇਗਾ। ਇਸ ਮੰਤਵ ਲਈ ਬਣਾਈਆਂ ਗਈਆਂ ਦਲਿਤਾਂ ਦੀਆਂ ਸਹਿਕਾਰੀ ਸਭਾਵਾਂ ਨੂੰ ਜ਼ਮੀਨਾਂ ਦਿੱਤੀਆਂ ਜਾਣਗੀਆਂ। ਜਿੱਥੇ ਵੀ ਲੋਕ ਸਹਿਕਾਰੀ ਸਭਾ ਦੀ ਚੋਣ ਨਹੀਂ ਕਰਦੇ ਹਰ ਪਿੰਡ ਵਿੱਚ ਦਲਿਤਾਂ ਦੀ ਪੰਜ ਮੈਂਬਰੀ ਕਮੇਟੀ ਨਿਲਾਮੀ ਨੂੰ ਮਨਜ਼ੂਰੀ ਦੇਵੇਗੀ। ਦਲਿਤਾਂ ਲਈ ਰਾਖਵੀਂਆਂ ਪਿੰਡਾਂ ਦੀਆਂ ਸਾਂਝੀਆਂ ਜ਼ਮੀਨਾਂ ਤੇ ਸਰਕਾਰੀ ਟਿਊਬਵੈੱਲ ਬਣਾਏ ਜਾਣਗੇ ਅਤੇ ਇਨ੍ਹਾਂ ਜ਼ਮੀਨਾਂ ਤੇ ਖੇਤੀ ਕਰਨ ਲਈ ਟਰੈਕਟਰਾਂ ਅਤੇ ਔਜਾਰਾਂ ਦੀ ਮੁਫਤ ਵਰਤੋਂ ਕਰਨ ਲਈ ਸਹਿਕਾਰੀ ਸਭਾਵਾਂ ਵਿੱਚ ਪ੍ਰਬੰਧ ਹੋਵੇਗਾ। ਪੰਜਾਬ ਅਨੁਸੂਚਿਤ ਜਾਤੀ ਕਮਿਸ਼ਨ ਨੂੰ ਇਹ ਯਕੀਨੀ ਬਣਾਉਣ ਲਈ ਸ਼ਕਤੀ, ਮਜ਼ਬੂਤ ਅਤੇ ਵਿਸਤ੍ਰਿਤ ਕੀਤਾ ਜਾਵੇਗਾ ਕਿ ਦਲਿਤਾਂ ਦੀਆਂ ਸ਼ਿਕਾਇਤਾਂ ਨੂੰ ਗੰਭੀਰਤਾ ਨਾਲ ਲਿਆ ਜਾਵੇ ਅਤੇ ਦਲਿਤਾਂ ਨਾਲ ਕਿਸੇ ਵੀ ਤਰ੍ਹਾਂ ਦੇ ਵਿਤਕਰੇ ਕਰਨ ਵਾਲੇ ਵਿਅਕਤੀਆਂ ਨੂੰ ਸਮੇਂ ਸਿਰ ਸਜ਼ਾ ਦਿੱਤੀ ਜਾ ਸਕੇ। ਆਯੋਗ ਵਿੱਚ ਹਰੇਕ ਜ਼ਿਲ੍ਹੇ ਵਿੱਚੋਂ ਇੱਕ ਦਲਿਤ ਪ੍ਰਤੀਨਿਧੀ ਹੋਵੇਗਾ। ਆਮ ਆਦਮੀ ਪਾਰਟੀ ਵਲੋਂ ਦਲਿਤ ਵਿਦਿਆਰਥੀਆਂ ਲਈ ਸਕਾਲਰਸ਼ਿਪ ਸਕੀਮ ਨੂੰ ਸਹੀ ਢੰਗ ਨਾਲ ਲਾਗੂ ਕਰਨ ਦੀ ਨਿਗਰਾਨੀ ਕਰਨ ਲਈ ਇੱਕ ਵਿਸ਼ੇਸ਼ ਸੈੱਲ ਬਣਾਇਆ ਜਾਵੇਗਾ ਅਤੇ ਇਸ ਯੋਜਨਾ ਅਧੀਨ ਆਇਆ ਪੈਸਾ ਲੁੱਟਣ ਵਾਲਿਆਂ ਦੀ ਪਛਾਣ ਕਰਨ ਅਤੇ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਸਮਾਂਬੱਧ ਜਾਂਚ ਹੋਵੇਗੀ। ਪਿਛਲੇ ਪੰਜ ਸਾਲਾਂ ਵਿੱਚ ਦਲਿਤਾਂ ਵਿਰੁੱਧ ਦਰਜ ਕੀਤੇ ਗਏ ਅੱਤਿਆਚਾਰਾਂ ਅਤੇ ਝੂਠੇ ਕੇਸਾਂ ਲਈ ਸਜ਼ਾ ਦੀ ਸਿਫ਼ਾਰਸ਼ ਕੀਤੀ ਜਾਵੇਗੀ। ਦਲਿਤਾਂ ਲਈ ਨੌਕਰੀਆਂ ਦੇ ਬੈਕਲਾਗ ਨੂੰ ਪੂਰਾ ਕੀਤਾ ਜਾਵੇਗਾ। ਖਾਲੀ ਅਸਾਮੀਆਂ ਦੀ ਪਛਾਣ ਕਰਨ ਅਤੇ ਭਰਨ ਲਈ ਹਰੇਕ ਵਿਭਾਗ ਵਿੱਚ ਇੱਕ ਕਮੇਟੀ ਬਣਾਈ ਜਾਵੇਗੀ। ਗਰੀਬ ਮੈਂਬਰਾਂ ਨੂੰ ਸਨਮਾਨਜਨਕ ਕੰਮ ਕਰਨ ਯੋਗ ਬਣਾਉਣ ਲਈ ਛੋਟੇ ਕਾਰੋਬਾਰ ਜਾਂ ਪਿੰਡ ਅਧਾਰਤ ਉੱਦਮ ਸ਼ੁਰੂ ਕਰਨ ਲਈ 02 ਲੱਖ ਰੁਪਏ ਦਾ ਮੁੱਫਤ ਕਰਜ਼ਾ ਦਿੱਤਾ ਜਾਵੇਗਾ। ਦਲਿਤਾਂ ਨਾਲ ਹੋਣ ਵਾਲੇ ਵਿਤਕਰੇ ਨਾਲ ਨਜਿੱਠਣ ਲਈ ਸਾਰੀਆਂ ਵਿਦਿਅਕ ਸੰਸਥਾਵਾਂ, ਸਰਕਾਰੀ ਅਤੇ ਨਿੱਜੀ ਦਫਤਰਾਂ ਅਤੇ ਗੈਰ ਸਰਕਾਰੀ ਸੰਗਠਨਾਂ ਲਈ ਸ਼ਿਕਾਇਤ ਦਫਤਰ ਹੋਣਾ ਲਾਜ਼ਮੀ ਕੀਤਾ ਜਾਵੇਗਾ। ਹਰੇਕ ਬਲਾਕ ਵਿੱਚ ਲੋਕਾਂ ਨੂੰ ਉਨ੍ਹਾਂ ਲਈ ਉਪਲਬਧ ਲਾਭਾਂ ਬਾਰੇ ਜਾਣੂ ਕਰਵਾਉਣ ਅਤੇ ਭਲਾਈ ਸਕੀਮਾਂ ਲਾਗੂ ਕਰਨ ਲਈ ਜ਼ਿੰਮੇਵਾਰ ਸਰਕਾਰੀ ਕਰਮਚਾਰੀਆਂ ਦੁਆਰਾ ਭ੍ਰਿਸ਼ਟਾਚਾਰ ਅਤੇ ਪਰੇਸ਼ਾਨੀ ਦੀਆਂ ਸ਼ਿਕਾਇਤਾਂ ਦਰਜ ਕਰਨ ਲਈ ਵਿਸ਼ੇਸ਼ ਦਲਿਤ ਕਮੇਟੀਆਂ ਦਾ ਗਠਨ ਕੀਤਾ ਜਾਵੇਗਾ। ਫਸਲ ਖਰਾਬ ਹੋਣ ਦੀ ਸੂਰਤ ਵਿੱਚ ਖੇਤ ਮਜ਼ਦੂਰਾਂ ਨੂੰ ਹਰ ਮਹੀਨੇ ਕੰਮ ਦੇ ਨੁਕਸਾਨ ਲਈ 10000/- ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇਗਾ। ਮਨਰੇਗਾ ਤਹਿਤ ਦਲਿਤਾਂ ਲਈ ਪਹਿਲ ਦੇ ਆਧਾਰ ਤੇ ਜੌਬ ਕਾਰਡ ਬਣਾਏ ਜਾਣਗੇ ਅਤੇ ਸਕੀਮ ਲਈ ਹੋਰ ਕਾਰਜ ਖੇਤਰਾਂ ਦੀ ਪਛਾਣ ਕੀਤੀ ਜਾਵੇਗੀ। ਸ਼ਗਨ ਸਕੀਮ ਤਹਿਤ ਰਾਸ਼ੀ ਵਧਾ ਕੇ 51000/- ਰੁਪਏ ਕੀਤੀ ਜਾਵੇਗੀ। ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ ਅਤੇ ਅੰਗਹੀਣ ਪੈਨਸ਼ਨ 500/- ਰੁਪਏ ਤੋਂ ਵਧਾ ਕੇ 2000/- ਰੁਪਏ ਕੀਤੀ ਜਾਵੇਗੀ। ਹਰ ਵਿਅਕਤੀ 58 ਸਾਲ ਦੀ ਉਮਰ ਵਿੱਚ ਬੁਢਾਪਾ ਪੈਨਸ਼ਨ ਲਈ ਯੋਗ ਹੋਵੇਗਾ। ਹਰ ਪਿੰਡ ਵਿੱਚ ਇੱਕ ਆਧੁਨਿਕ ਪਿੰਡ ਸਿਹਤ ਕਲੀਨਿਕ ਹੋਵੇਗਾ ਜਿਸ ਵਿੱਚ ਮੁਫਤ ਦਵਾਈਆਂ ਅਤੇ ਮੁਫਤ ਡਾਇਗਨੌਸਟਿਕ ਟੈਸਟਾਂ ਦੀ ਉਪਲਬਧਤਾ ਹੋਵੇਗੀ। 05 ਲੱਖ ਰੁਪਏ ਦੀ ਸਿਹਤ ਬੀਮਾ ਯੋਜਨਾ ਸ਼ੁਰੂ ਕੀਤੀ ਜਾਵੇਗੀ। ਸਰਕਾਰ ਸਾਰੇ ਦਲਿਤਾਂ ਲਈ ਸਮਾਜਿਕ ਸੁਰੱਖਿਆ ਯੋਜਨਾ ਬਣਾਏਗੀ। ਇਹ ਯਕੀਨੀ ਬਣਾਉਣ ਲਈ ਕਿ ਕੋਈ ਵੀ ਬੱਚਾ ਪੈਸਿਆਂ ਦੀ ਘਾਟ ਕਾਰਨ ਉੱਚ ਸਿੱਖਿਆ ਤੋਂ ਬਾਂਝਾ ਨਾ ਰਹੇ ਉੱਚ ਸਿੱਖਿਆ ਗਾਰੰਟੀ ਯੋਜਨਾ ਸ਼ੁਰੂ ਕਰੇਗੀ ਤਾਂ ਜੋ ਸਰਕਾਰੀ ਗਾਰੰਟੀ ਤੇ 10 ਲੱਖ ਰੁਪਏ ਤੱਕ ਦਾ ਸਿੱਖਿਆ ਕਰਜ਼ਾ ਦਿੱਤਾ ਜਾ ਸਕੇ। ਕਰਜਾ ਲੈਣ ਲਈ ਕਿਸੇ ਕਾਲਜ ਵਿੱਚ ਸਿਰਫ਼ ਦਾਖਲੇ ਦੀ ਪੁਸ਼ਟੀ ਦੀ ਲੋੜ ਹੋਵੇਗੀ। ਦੋਆਬਾ ਖੇਤਰ ਵਿੱਚ ਕਾਂਸ਼ੀ ਰਾਮ ਸਕਿੱਲ ਯੂਨੀਵਰਸਿਟੀ ਦੁਆਰਾ ਹੁਨਰ ਵਿਕਾਸ ਵਿੱਚ ਉੱਨਤ ਅਧਿਐਨ ਕਰਨ ਅਤੇ ਟਰੇਨਰਾਂ ਨੂੰ ਸਿਖਲਾਈ ਦੇਣ ਲਈ ਪ੍ਰੋਗਰਾਮ ਤਿਆਰ ਕੀਤੇ ਜਾਣਗੇ। ਗਰੀਬ ਦਲਿਤ ਲੜਕੀਆਂ ਲਈ ਬਾਰਵੀਂ ਤੱਕ ਮੁੱਫਤ ਸਿੱਖਿਆ ਅਤੇ ਬਾਅਦ ਵਿੱਚ ਮੁਫਤ ਹੁਨਰ ਸਿਖਲਾਈ ਮਿਲੇਗੀ। ਗਰੀਬ ਦਲਿਤ ਵਿਦਿਆਰਥੀਆਂ ਅਤੇ ਕਾਮਿਆਂ ਲਈ ਸਾਰੇ ਜ਼ਿਲ੍ਹਿਆਂ ਵਿੱਚ ਰਿਹਾਇਸ਼ੀ ਹੋਸਟਲ ਬਣਾਏ ਜਾਣਗੇ ਜਿਨ੍ਹਾਂ ਵਿੱਚ ਮੁਫਤ ਰਿਹਾਇਸ਼ ਅਤੇ ਭੋਜਨ ਮਿਲੇਗਾ। ਸਰਕਾਰੀ ਸਕੂਲਾਂ ਵਿੱਚ ਦਲਿਤ ਵਿਦਿਆਰਥੀਆਂ ਲਈ ਕੋਈ ਦਾਖਲਾ ਫੀਸ ਨਹੀਂ ਹੋਵੇਗੀ। ਨਗਰ ਪਾਲਿਕਾਵਾਂ ਅਤੇ ਸਰਕਾਰੀ ਵਿਭਾਗਾਂ ਵਿੱਚ ਸਫਾਈ ਕਰਮਚਾਰੀਆਂ ਨੂੰ ਵਿਸ਼ੇਸ਼ ਵਿੱਤੀ ਪ੍ਰੋਤਸਾਹਨ ਦਿੱਤੇ ਜਾਣਗੇ। ਪੇਂਡੂ ਖੇਤਰਾਂ ਵਿੱਚ ਸਥਿਤ ਦਲਿਤ ਪਰਿਵਾਰਾਂ ਦੇ ਗੋਹੇ ਅਤੇ ਹੋਰ ਰਹਿੰਦ-ਖੂੰਹਦ ਦੇ ਨਿਪਟਾਰੇ ਲਈ ਯੋਗ ਪ੍ਰਬੰਧ ਕੀਤੇ ਜਾਣਗੇ। ਆਟਾ ਦਾਲ ਸਕੀਮ ਲਈ ਸਾਰੇ ਬੀਪੀ-ਐਲ ਰਾਸ਼ਨ ਕਾਰਡਾਂ ਦੀ ਪੂਰੀ ਜਾਂਚ ਕੀਤੀ ਜਾਵੇਗੀ। ਇਹ ਯਕੀਨੀ ਬਣਾਇਆ ਜਾਵੇਗਾ ਕਿ ਇਸ ਸਕੀਮ ਦਾ ਲਾਭ ਸਾਰੇ ਯੋਗ ਲੋਕਾਂ ਤੱਕ ਪਹੁੰਚੇ। ਸਾਰੀਆਂ ਦਲਿਤ ਕਲੋਨੀਆਂ ਵਿੱਚ ਪੀਣ ਵਾਲਾ ਸਾਫ਼ ਪਾਣੀ, ਸੀਵਰੇਜ ਦੀ ਸਹੂਲਤ ਅਤੇ ਬਿਜਲੀ ਨਿਰਧਾਰਤ ਸਮੇਂ ਵਿੱਚ ਮੁਹੱਈਆ ਕਰਵਾਈ ਜਾਵੇਗੀ। ਵਿਮੁਕਤ ਜਾਤੀਆਂ ਜਿਵੇਂ ਕਿ ਸਾਂਸੀ, ਬੌਰੀਆ, ਬਾਜ਼ੀਗਰ, ਬਰਾਦ, ਬੰਗਾਲੀ, ਨਾਟ ਅਤੇ ਗੰਧੀਲਾ ਆਦਿ ਦੀਆਂ ਮੰਗਾਂ ਤੇ ਵਿਚਾਰ ਕਰਨ ਲਈ ਇੱਕ ਵੱਖਰਾ ਆਯੋਗ ਸਥਾਪਤ ਕੀਤਾ ਜਾਵੇਗਾ। ਇਨ੍ਹਾਂ ਖਾਨਾਬਦੋਸ਼ ਕਬੀਲਿਆਂ ਲਈ ਘੱਟ ਕੀਮਤ ਵਾਲੇ ਪੱਕੇ ਮਕਾਨਾਂ ਨੂੰ ਯਕੀਨੀ ਬਣਾਉਣ ਅਤੇ ਉਨ੍ਹਾਂ ਦੇ ਬੱਚਿਆਂ ਲਈ ਸਕੂਲੀ ਸਿੱਖਿਆ ਨੂੰ ਯਕੀਨੀ ਬਣਾਉਣ ਲਈ ਇੱਕ ਵਿਸ਼ੇਸ਼ ਬੋਰਡ ਬਣਾਇਆ ਜਾਵੇਗਾ ਜੋ ਉਨ੍ਹਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਕੰਮ ਕਰੇਗਾ। ਸਰਕਾਰੀ ਵਿਭਾਗਾਂ ਵਾਂਗ ਦਲਿਤਾਂ ਲਈ ਰਾਜ ਬੋਰਡਾਂ ਅਤੇ ਕਾਰਪੋਰੇਸ਼ਨਾਂ ਵਿੱਚ ਰਾਖਵੇਂਕਰਨ ਦਾ ਪ੍ਰਬੰਧ ਹੋਵੇਗਾ। ਇਸ ਚੌਣ ਮੈਨੀਫੈਸਟੋ ਨੂੰ ਵੇਖਕੇ ਲੱਗਦਾ ਸੀ ਕਿ ਆਮ ਆਦਮੀ ਪਾਰਟੀ ਦਲਿਤਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਦੇਣ ਲਈ ਕੰਮ ਕਰੇਗੀ। ਆਮ ਆਦਮੀ ਪਾਰਟੀ ਨੇ ਚੌਣਾਂ ਦੋਰਾਨ ਇਹ ਘੋਸ਼ਣਾ ਕੀਤੀ ਸੀ ਕਿ ਜੇਕਰ ਲੋਕ ਉਨ੍ਹਾਂ ਦੀ ਪਾਰਟੀ ਨੂੰ ਸੱਤਾ ਦਿੰਦੇ ਹਨ ਤਾਂ ਪੰਜਾਬ ਵਿੱਚ ਦਲਿਤ ਉੱਪ ਮੁੱਖ ਮੰਤਰੀ ਬਣਾਇਆ ਜਾਵੇਗਾ। ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਨੂੰ 01 ਸਾਲ ਤੋਂ ਵੱਧ ਸਮਾਂ ਹੋ ਗਿਆ ਹੈ ਪਰ ਅਜੇ ਤੱਕ ਦਲਿਤਾਂ ਦੇ ਮੁੱਦੇ ਅਤੇ ਸਮੱਸਿਆਵਾਂ ਵੱਲ ਕੋਈ ਤਵੱਜੋ ਨਹੀਂ ਦਿੱਤੀ ਗਈ ਹੈ। ਅਜੇ ਤੱਕ ਪੰਜਾਬ ਵਿੱਚ ਕਿਸੇ ਵੀ ਦਲਿਤ ਨੂੰ ਉੱਪ ਮੁੱਖ ਮੰਤਰੀ ਨਹੀਂ ਬਣਾਇਆ ਗਿਆ ਹੈ। ਪੰਜਾਬ ਕੈਬਿਨਟ ਵਿੱਚ ਮੁੱਖ ਮੰਤਰੀ, ਸਪੀਕਰ ਅਤੇ ਡਿਪਟੀ ਸਪੀਕਰ ਸਮੇਤ 17 ਵਿਧਾਇਕਾਂ ਨੂੰ ਮੰਤਰੀ ਬਣਾਇਆ ਗਿਆ ਜਿਨ੍ਹਾਂ ਵਿੱਚ ਸਿਰਫ 04 ਹੀ ਦਲਿਤ ਮੰਤਰੀ ਬਣਾਏ ਗਏ ਹਨ। ਇਸ ਵੇਲੇ ਆਪ ਵਲੋਂ 07 ਵਿਅਕਤੀਆਂ ਨੂੰ ਰਾਜ ਸਭਾ ਵਿੱਚ ਭੇਜਿਆ ਗਿਆ ਹੈ ਪਰੰਤੂ ਇਨ੍ਹਾਂ ਵਿੱਚ ਇੱਕ ਵੀ ਦਲਿਤ ਨਹੀਂ ਹੈ। ਪੰਜਾਬ ਵਿੱਚ ਦਲਿਤਾਂ ਦੇ ਪਿਛਲੇ ਕਈ ਸਾਲਾਂ ਤੋਂ ਕੁੱਝ ਵਿਸ਼ੇਸ਼ ਮੁੱਦੇ ਲਟਕੇ ਹੋਏ ਸਨ ਜਿਨ੍ਹਾਂ ਨੂੰ ਲੈਕੇ ਅਕਸਰ ਹੀ ਵਿਚਾਰ ਚਰਚਾ ਅਤੇ ਸੰਘਰਸ਼ ਹੁੰਦਾ ਰਿਹਾ ਹੈ। ਲੋਕਾਂ ਨੂੰ ਆਸ ਸੀ ਕਿ ਪੰਜਾਬ ਵਿੱਚ ਬਦਲਾਅ ਲਈ ਬਣੀ ਆਪ ਦੀ ਸਰਕਾਰ ਇਨ੍ਹਾਂ ਮੁੱਦਿਆਂ ਤੇ ਕੰਮ ਜਰੂਰ ਕਰੇਗੀ ਪਰ ਇਹ ਮਸਲੇ ਅਜੇ ਵੀ ਅਣਸੁਲਝੇ ਪਏ ਹਨ ਜਿਨਖ਼ਾਂ ਵਿੱਚ ਸੰਵਿਧਾਨ ਵਿੱਚ ਹੋਈ 85ਵੀਂ ਸੋਧ ਨੂੰ ਲਾਗੂ ਕਰਕੇ ਅਨੁਸੂਚਿਤ ਜਾਤਾਂ ਦੇ ਕਰਮਚਾਰੀਆਂ ਨੂੰ ਬਣਦਾ ਲਾਭ ਦੇਣਾ, ਰਾਸ਼ਟਰੀ ਅਨੁਸੂਚਿਤ ਜਾਤੀ ਆਯੋਗ ਅਨੁਸਾਰ 2017 ਤੋਂ 2020 ਦੌਰਾਨ ਇਹ ਫੰਡ ਜਾਰੀ ਨਾਂ ਹੋਣ ਕਾਰਨ ਅਨੁਸੂਚਿਤ ਜਾਤਾਂ ਦੇ ਲੱਗਭੱਗ 2 ਲੱਖ ਵਿਦਿਆਰਥੀਆਂ ਨੂੰ ਮਜਬੂਰਨ ਕਾਲਜ ਛੱਡਣਾ ਪਿਆ ਹੈ ਇਸ ਲਈ ਪੋਸਟ ਮੈਟਰਿਕ ਸਕਾਲਰਸ਼ਿਪ ਵਿੱਚ ਹੋਏ ਘਪਲਿਆਂ ਦੇ ਦੋਸ਼ੀਆਂ ਅਤੇ ਜ਼ਿੰਮੇਬਾਰ ਵਿਦਿਅਕ ਅਦਾਰਿਆਂ ਦੇ ਪ੍ਰਬੰਧਕਾਂ ਖਿਲਾਫ ਕਾਰਵਾਈ ਕਰਨਾ, ਵਿਦਿਅਕ ਅਦਾਰਿਆਂ ਵਿੱਚ ਦਲਿਤ




(ਬਾਕੀ ਅਗਲੇ ਸਫੇ 'ਤੇ)


# ਪ੍ਰੋਫੈਸਰਾਂ ਤੋਂ ਸੱਖਣੇ ਕਾਲਜ ਚਲਾਉਣ ਦਾ ਨਵਾਂ ਤਜ਼ਰਬਾ ਅਤੇ ਸਿੱਖਿਆ ਸੁਧਾਰ ਦੀ ਗੱ.ਲ ਕਿਥੇ ਖੜ੍ਹੀ ਹੈ



ਮੇਜਰ ਸਿੰਘ ਨਾਭਾ
91-94635-53962

ਆਪ ਸਰਕਾਰ ਨੇ ਸਿੱਖਿਆ ਅਤੇ ਸਿਹਤ ਦੇ ਸੁਧਾਰ ਦੇ ਮੁੱਦਿਆਂ ਨੂੰ ਪਹਿਲ ਦੇਣ ਦੀ ਗੱ.ਲ ਸ਼ੁਰੂ 'ਚ ਕਹੀ ਸੀ ਪਰ ਸਾਲ ਲੰਘਣ ਤੋਂ ਵੀ ਬਾਅਦ ਦੋਵਾਂ ਮਹਿਕਮਿਆਂ ਦੇ ਸੁਧਾਰ ਕਰਨ ਵਾਲੀ ਕੋਈ ਠੋਸ ਪਾਲਿਸੀ ਸਾਹਮਣੇ ਨਹੀਂ ਆਈ। ਮੁਹੱਲਾ ਕਲੀਨਿਕ ਖੋਲਣ ਨਾਲ ਮਰੀਜ਼ਾਂ ਲਈ ਪੂਰੀਆਂ ਸਹੂਲਤਾਂ ਸਥਾਈ ਤੌਰ ਤੇ ਸਾਰਿਆਂ ਨੂੰ ਦੇਣਾ ਸੰਭਵ ਨਹੀਂ ਹੋਵੇਗਾ ਕਿਉਂ ਕਿ ਪੰਜਾਬ 'ਚ ਪਿਛਲੀਆਂ ਸਰਕਾਰਾਂ ਨੇ ਲੋਕਾਂ ਦੀ ਸਹੂਲਤਾਂ ਲਈ ਬਹੁਤ ਸਾਰੇ ਨਵੇਂ ਪ੍ਰਜੈਕਟ ਸਾਹਮਣੇ ਲਿਆਂਦੇ ਪਰ ਉਹ ਜਾਂ ਤਾਂ ਉਸੀ ਸਰਕਾਰ ਦੇ ਸਮੇਂ ਜਾਂ ਅਗਲੀ ਸਰਕਾਰ ਦੇ ਸਮੇਂ ਹੀ ਬੰਦ ਹੁੰਦੇ ਰਹੇ ਹਨ, ਜਿਵੇਂ ਪਿੰਡਾਂ ਲਈ ਸਹੂਲਤ ਦੇਣ ਲਈ , ਫੋਕਲ ਪੁਆਇੰਟ, ਪਟਵਾਰਖਾਨੇ, ਹੈਲਥ ਸੈਂਟਰ, ਸੁਵਿਧਾ ਕੇਂਦਰਾਂ, ਆਦਰਸ਼, ਮੈਰੀਟੋਰੀਅਸ ਸਕੂ.ਲਾਂ ਆਦਿ ਦਾ ਹਾਲ ਸਾਹਮਣੇ ਹੀ ਹੈ। ਸਿੱਖਿਆ ਸੁਧਾਰ ਨੂੰ ਪਹਿਲ ਦੇਣ ਦੀ ਆਪ ਸਰਕਾਰ ਗੱਲ ਕਰਦੀ ਹੈ ਤਾਂ ਪੰਜਾਬ ਦੇ ਯੂਥ ਨੂੰ ਉਚੇਰੀ ਸਿੱਖਿਆ ਦੇਣ ਲਈ ਪ੍ਰੋਫੈਸਰਾਂ ਦੀ ਘਾਟ ਨੂੰ ਸਰਕਾਰ ਤੁਰੰਤ ਪੂਰਾ ਕਰੇ ਤਾਂ ਕਿ ਉਹ ਪੰਜਾਬ ਅੰਦਰ ਰਹਿ ਕੇ ਕੋਈ ਰੁਜ਼ਗਾਰ ਪ੍ਰਾਪਤ ਕਰ ਸਕਣ ਜਿਸ ਨਾਲ ਤੇਜ਼ੀ ਨਾਲ ਯੂਥ ਦੇ ਹੋ ਰਹੇ ਪ੍ਰਵਾਸ ਨੂੰ ਰੋਕ ਕੇ ਰੰਗਲੇ ਪੰਜਾਬ ਦੀ ਗੱਲ ਹੋ ਸਕਦੀ ਹੈ, ਫੋਕੇ ਨਾਅਰਿਆਂ ਜਾਂ ਵਾਅਦਿਆਂ ਨਾਲ ਕੁਝ ਨਹੀਂ ਸੰਵਰਨਾ।

ਪੰਜਾਬ ਦੇ ਸਰਕਾਰੀ ਕਾਲਜਾਂ ਅੰਦਰ ਦੋ ਦਹਾਕੇ ਤੋਂ ਵੱਧ ਸਮੇਂ ਤੋਂ ਪ੍ਰੋਫੈਸਰਾਂ ਦੀ ਰੈਗੂਲਰ ਭਰਤੀ ਨਹੀਂ , ਕਈ ਵਿਭਾਗਾਂ ਦੇ ਮੁੱਖੀ ਦਾ ਕੰਮ ਵੀ ਫੈਕਲਟੀ ਅਧਿਆਪਕ ਕਰ ਰਹੇ ਹਨ , ਇਸ ਤਰ੍ਹਾਂ ਦਾ ਵਰਤਾਰਾ ਉਚੇਰੀ ਸਿੱਖਿਆ ਦੇ ਮਿਆਰ ਨੂੰ ਜਰੂਰ ਢਾਹ ਲਾ ਰਿਹਾ ਹੈ।ਸਰਕਾਰੀ ਕਾਲਜਾਂ ਵਿੱਚ ਲੰਬੇ ਸਮੇਂ ਤੋਂ ਰੈਗੂਲਰ ਅਸਿਸਟੈਂਟ ਪ੍ਰੋਫੈਸਰਾਂ / ਪ੍ਰੋਫੈਸਰਾਂ ਦੀ ਭਰਤੀ ਨਾ ਹੋਣ ਤੇ ਉਚੇਰੀ ਸਿੱਖਿਆ ਦੇ ਡਿੱਗ ਰਹੇ ਮਿਆਰ ਨੂੰ ਉੱਚਾ ਚੁੱਕਣ ਲਈ ਪਿਛਲੀ ਸਰਕਾਰ ਵਲੋਂ 19 ਅਕਤੂਬਰ 2021 ਨੂੰ ਖਾਲੀ ਆਸਾਮੀਆਂ ਭਰਨ ਦੇ ਐਲਾਨ ਨੂੰ ਅਮਲੀ ਰੂਪ ਦਿੰਦੇ ਹੋਏ 1158 ਅਸਾਮੀਆਂ ਜਿੰਨ੍ਹਾਂ ਵਿੱਚ 1091 ਅਸਿਸਟੈਂਟ ਪ੍ਰੋਫੈਸਰਾਂ ਅਤੇ ਬਾਕੀ ਦੀਆਂ ਲਾਇਬਰੇਰੀਅਨ ਭਰਨ ਦਾ ਇਸ਼ਤਿਹਾਰ ਨਾਲੋ-ਨਾਲ ਜਾਰੀ ਕਰ ਦਿੱਤਾ ਸੀ ਜੋ ਕਿ ਇਨ੍ਹਾਂ ਆਸਾਮੀਆਂ ਨੂੰ ਉਡੀਕ ਰਹੇ ਯੋਗ ਉਮੀਦਵਾਰਾਂ ਲਈ ਖੁਸ਼ੀ ਵਾਲੀ ਗੱਲ ਸੀ।ਇਹ ਭਰਤੀ ਯੂ.ਜੀ.ਸੀ. ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰਾਂ ਦੀ ਅਗਵਾਈ ਵਿੱਚ ਕਮੇਟੀਆਂ ਬਣਾ ਕੇ ਭਰਤੀ ਨਿਰੋਲ ਲਿਖਤੀ ਟੈਸਟ ਦੇ ਆਧਾਰ ਤੇ ਤੇਜ਼ੀ ਨਾਲ 45 ਦਿਨਾਂ 'ਚ ਕਰਨ ਦੀ ਵਧੀਆ ਗੱਲ ਕੀਤੀ ਸੀ।ਇਸ਼ਤਿਹਾਰ ਦੀ ਚੋਣ ਪ੍ਰਕ੍ਰਿਆ ਮੁਤਾਬਿਕ ਸਰਕਾਰੀ ਕਾਲਜਾਂ ਦੇ ਗੈਸਟ ਫੈਕਲਟੀ , ਪਾਰਟ ਟਾਈਮ, ਠੇਕਾ ਆਧਾਰਤ ਕਾਲਜ ਅਧਿਆਪਕਾਂ ਨੂੰ ਇੱਕ ਸ਼ੈਸ਼ਨ ਦੇ ਤਜਰਬੇ ਦਾ ਇੱਕ ਨੰਬਰ ਅਤੇ ਵੱਧ ਤੋਂ ਵੱਧ ਪੰਜ ਅੰਕ ਲਿਖਤੀ ਟੈਸਟ ਦੇ ਅੰਕਾਂ 'ਚ ਵਾਧਾ ਲੈ ਸਕਣਗੇ। ਇਸ ਲਈ ਇਹ ਟੀਚਿੰਗ ਤਜ਼ਰਬੇ ਨੂੰ ਦੋ ਦਹਾਕਿਆਂ ਤੋਂ ਕੰਮ ਕਰ ਰਹੇ ਗੈਸਟ ਫੈਕਲਟੀ / ਪਾਰਟ ਟਾਈਮ ਅਧਿਆਪਕਾਂ ਆਦਿ ਨੂੰ ਹਮਦਰਦੀ ਵਜੋਂ ਦੇਣ ਦੇ ਸਰਕਾਰ ਦੇ ਫੈਸਲੇ ਨੂੰ ਕਾਨੂੰਨੀ ਪੱਖਾਂ ਤੋਂ ਚੰਗੀ ਤਰ੍ਹਾਂ ਨਾ ਵਿਚਾਰੇ ਜਾਣ ਕਾਰਨ ਸਾਰੀ ਭਰਤੀ ਪ੍ਰਕ੍ਰਿਆ ਮੁਕੰਮਲ ਹੋਣ ਉਪਰੰਤ ਇਸਤਿਹਾਰ 'ਚ ਇਕੱਲੇ ਸਰਕਾਰੀ ਕਾਲਜ ਦੇ ਤਜ਼ਰਬੇ ਦੀ ਸ਼ਬਦਾਵਲੀ ਨੇ ਬਾਅਦ 'ਚ ਕਈ ਉਲਝਨਾਂ ਪੈਦਾ ਕਰ ਦਿੱਤੀਆਂ ਸਨ। ਪੰਜਾਬੀ ਯੂਨੀਵਰਸਿਟੀ ਅਧੀਨ ਚਲ ਰਹੇ ਕਾਲਜਾਂ 'ਚ ਪੜ੍ਹਾ ਰਹੇ ਅਧਿਆਪਕਾਂ ਵਲੋਂ ਉਨ੍ਹਾਂ ਦੇ ਤਜ਼ਰਬੇ ਨੂੰ ਸਕਰੂਟਿੰਗ ਸਮੇਂ ਨਾ ਮੰਨਣ ਕਾਰਨ ਉਨ੍ਹਾਂ ਨੇ ਮਾਣਯੋਗ ਹਾਈ ਕੋਰਟ ਵਿੱਚ ਪਟੀਸ਼ਨਰ ਵਜੋਂ ਰਿੱਟ ਪਾ ਕੇ ਭਰਤੀ ਪ੍ਰਕ੍ਰਿਆ



'ਚ ਰੋਕ ਲਗਵਾ ਦਿੱਤੀ ਸੀ। ਇਸੇ ਤਰ੍ਹਾਂ ਕਈ ਅਸਫਲ ਉਮੀਦਵਾਰਾਂ ਨੇ ਹੋਰ ਕਈ ਤਰ੍ਹਾਂ ਦੀਆਂ ਰਿੱਟਾਂ ਪਾ ਕੇ ਇਸ ਪ੍ਰਕ੍ਰਿਆ ਨੂੰ ਰੁਕਵਾ ਹੀ ਦਿੱਤਾ।

ਸਰਕਾਰ ਨੇ ਬਾਅਦ 'ਚ ਸਾਰੀ ਪ੍ਰਕ੍ਰਿਆ ਮੁਕੰਮਲ ਹੋਣ ਤੇ ਪੰਜ ਅੰਕਾਂ ਵਾਲੇ ਫੈਸਲੇ ਨੂੰ ਵਾਪਿਸ ਲੈਣ ਦਾ ਪਬਲਿਕ ਨੋਟਿਸ ਰਾਹੀਂ ਸ਼ੋਧ-ਪੱਤਰ ਜਾਰੀ ਕਰਕੇ ਮਸਲੇ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਿਸ ਨੂੰ ਕੋਈ ਬੂਰ ਨਾ ਪਿਆ। ਪਰ ਮਾਣਯੋਗ ਹਾਈ ਕੋਰਟ ਨੇ ਨੌ ਮਹੀਨਿਆਂ ਬਾਅਦ 8 ਅਗਸਤ 2022 ਨੂੰ ਇਸ ਭਰਤੀ ਨੂੰ ਰੱਦ ਕਰਨ ਦਾ ਫੈਸ਼ਲਾ ਸੁਣਾ ਕੇ 1158 ਪਰਿਵਾਰਾਂ ਦੀਆਂ ਆਸਾਂ ਤੇ ਪਾਣੀ ਫੇਰ ਦਿੱਤਾ, ਜਿਨ੍ਹਾਂ ਨੂੰ ਆਸ ਸੀ ਕਿ ਉੱਚ ਅਦਾਲਤ ਸਿੱਖਿਆ ਦੇ ਡਿੱਗ ਰਹੇ ਮਿਆਰ ਨੂੰ ਬਚਾਉਣ ਲਈ ਸਫਲ ਉਮੀਦਵਾਰਾਂ ਦੇ ਹੱਕ 'ਚ ਫੈਸਲਾ ਦੇਵੇਗੀ। ਪਿਛਲੀ ਸਰਕਾਰ ਸਮੇਂ 1158 ਅਸਿਸਟੈਂਟ ਪ੍ਰੋਫੈਸਰਾਂ ਅਤੇ ਲਾਇਬ੍ਰੇਰੀਅਨ ਦੀ ਭਰਤੀ ਸਮੇਂ ਬਹੁਤ ਸਾਰੇ ਸਫਲ ਉਮੀਦਵਾਰ ਆਪਣੀਆਂ ਪਿਛਲੀਆਂ ਨੌਕਰੀਆਂ ਤੋਂ ਵਿਭਾਗ ਦੇ ਕਹਿਣ ਤੇ ਅਸਤੀਫੇ ਦੇ ਕੇ ਚਾਅ ਨਾਲ ਨਵੀਂ ਨਿਯੁਕਤੀ ਹੋਣ ਕਾਰਨ ਨਵੀਂ ਨੌਕਰੀ ਹਾਸਲ ਕਰਕੇ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕਰਨ ਦੀ ਸੋਚ ਰਹੇ ਸਨ ਪਰ ਇਹ ਕੰਮ ਉੱਚ- ਅਦਾਲਤ ਦੇ ਆਦੇਸ਼ਾਂ ਅਨੁਸਾਰ ਐਨ ਮੌਕੇ ਤੇ ਰੋਕ ਦਿੱਤਾ ਗਿਆ।

ਪੰਜਾਬ ਅੰਦਰ ਨਵੀਂ ਬਣੀ ਸਰਕਾਰ ਵਲੋਂ ਸਿਹਤ ਅਤੇ ਸਿੱਖਿਆ ਦੇ ਮਹੱਤਵਪੂਰਣ ਮੁੱਦੇ ਪਹਿਲ ਦੇ ਆਧਾਰ ਤੇ ਹੱਲ ਕਰਨ ਲਈ ਰੱਖੇ ਗਏ ਜਿਨ੍ਹਾਂ 'ਚੋਂ ਉਚੇਰੀ ਸਿੱਖਿਆ ਦੇ ਡਿੱਗ ਰਹੇ ਮਿਆਰ ਨੂੰ ਬਚਾਉਣਾ ਵੀ ਅਹਿਮ ਮੁੱਦਾ ਹੈ ਜੋ ਨੋਜਵਾਨਾਂ ਅਤੇ ਰੁਜ਼ਗਾਰ ਨਾਲ ਜੁੜਿਆ ਹੋਇਆ ਹੈ। ਇਸ ਵਿਭਾਗ ਦੇ ਸਿੱਖਿਆ ਮੰਤਰੀ ਵੀ ਨੋਜਵਾਨ ਅਤੇ ਚੰਗੇ ਪੜ੍ਹੇ ਲਿਖੇ ਹਨ ਜਿਨ੍ਹਾਂ ਤੋਂ ਇਸ ਮਸਲੇ ਦੇ ਹੱਲ ਦੀ ਆਸ ਕੀਤੀ ਜਾ ਰਹੀ ਹੈ ਕਿਉਂ ਕਿ ਉਹ ਜਰੂਰ ਬੇਰੁਜ਼ਗਾਰਾਂ ਦੇ ਦਰਦ ਨੂੰ ਭਲੀਭਾਂਤ ਜਾਣਦੇ ਹੋਣਗੇ।ਮਾਣਯੋਗ ਹਾਈ ਕੋਰਟ ਵਲੋਂ 16 ਸਤੰਬਰ ਨੂੰ ਫੈਸ਼ਲੇ ਦੀ ਕਾਪੀ ਜਾਰੀ ਕੀਤੀ ਗਈ ਜਿਸ ਵਿੱਚ ਸਰਕਾਰ ਵਲੋਂ ਭਰਤੀ ਪ੍ਰਕ੍ਰਿਆ ਨੂੰ ਕਰਦੇ ਸਮੇਂ ਕਈ ਊਣਤਾਈਆਂ ਪਾਈਆਂ ਗਈਆਂ ਜੋ ਕਿ ਸਰਕਾਰ ਦੀ ਅਣਗਹਿਲੀ ਸਦਕਾ ਹੋਇਆ। ਇਸ ਲਈ 1158 ਸਫਲ ਉਮੀਦਵਾਰਾਂ ਦਾ ਇਸ 'ਚ ਕੋਈ ਕਸੂਰ ਨਹੀਂ। ਜਿਨ੍ਹਾਂ ਸਬੰਧਤ ਅਧਿਕਾਰੀਆਂ ਨੇ ਅਣਗਹਿਲੀ ਕੀਤੀ ਹੈ ਉਨ੍ਹਾਂ ਨੂੰ ਸ਼ਜਾ ਮਿਲਣੀ ਚਾਹੀਦੀ ਹੈ ਨਾ ਕਿ ਉਮੀਦਵਾਰਾਂ ਨੂੰ। ਇਸ ਕੋਰਟ ਕੇਸ ਨਾਲ ਨਾ ਤਾਂ ਰਿੱਟਾਂ ਕਰਨ ਵਾਲਿਆ ਨੂੰ ਕੋਈ ਰਾਹਤ ਮਿਲੀ, ਨਾ ਕੋਈ ਸਰਕਾਰ ਦੀ ਅਗਲੀ ਰਣਨੀਤੀ ਇਸ ਮਸਲੇ ਨੂੰ ਹੱਲ ਕਰਨ ਲਈ ਸਾਹਮਣੇ ਆਈ ਹੈ, ਜਦੋਂ ਕਿ ਲੱਖਾਂ ਰੁਪਏ ਇਸ ਪ੍ਰਕ੍ਰਿਆ ਉੱਪਰ ਖਰਚੇ ਗਏ ਹਨ। ਪਰ ਸਰਕਾਰ ਦਾ ਹੁੰਗਾਰਾ ਕੋਈ ਵਧੀਆ ਨਹੀਂ ਦਿੱਸ ਰਿਹਾ।

ਮਾਣਯੋਗ ਹਾਈ ਕੋਰਟ ਵਲੋਂ ਕਿੰਨੀ ਵਾਰ ਤਾਂ ਸਰਕਾਰ ਵਲੋਂ ਜਵਾਬਦਾਵਾ ਪੇਸ਼ ਨਾ ਕਰਨ ਕਾਰਨ ਸੁਣਵਾਈ ਵਾਰ-ਵਾਰ ਅੱਗੇ ਪਾਈ ਗਈ। ਦੂਜੇ ਪਾਸੇ ਦੋ ਤਿੰਨ ਵਿਸ਼ਿਆਂ ਦੀਆਂ ਦੀਆਂ ਲਿਸਟਾਂ ਮਹਿਕਮੇ ਦੀ ਵੈਬਸਾਈਟ ਤੇ ਪਾ ਕੇ ਵਾਪਿਸ ਸਾਈਟ ਤੋਂ ਹਟਾ ਦਿੱਤੀਆਂ ਗਈਆਂ ਸਨ ਜੋ ਕਿ ਭਾਵੇਂ ਡਾਊਨਲੋਡ ਹੋ ਚੁੱਕੀਆਂ ਸਨ ਪਰ ਇਨ੍ਹਾਂ ਲਿਸਟਾਂ ਦੇ ਸਫਲ ਉਮੀਦਵਾਰਾਂ ਦੀ ਚਿੰਤਾ ਹੋਰ ਵਧੇਰੇ ਹੈ। ਸਮੇਂ ਸਿਰ ਇਹ ਲਿਸਟਾਂ ਜਾਰੀ ਨਾ ਹੋਣ ਕਾਰਨ ਸਫਲ ਉਮੀਦਵਾਰ ਨਿਯੁਕਤੀ ਪੱਤਰ ਪ੍ਰਾਪਤ ਨਹੀਂ ਕਰ ਸਕੇ ਜਦੋਂ ਕਿ ਹੋਰ ਵਿਸ਼ਿਆਂ ਦੇ ਬਹੁਤੇ ਸਫਲ ਉਮੀਦਵਾਰ ਨਿਯੁਕਤੀ ਪੱਤਰ ਪ੍ਰਾਪਤ ਕਰ ਚੁੱਕੇ ਹਨ , ਜਿਨ੍ਹਾਂ 'ਚੋਂ ਬਹੁਤੇ ਸਕੂਲਾਂ/ਕਾਲਜਾਂ ਜਾਂ ਹੋਰ ਅਦਾਰਿਆਂ ਵਿੱਚ ਰੈਗੂਲਰ ਜਾਂ ਐਡਹਾਕ ਤੌਰ ਤੇ ਡਿਊਟੀ ਨਿਭਾ ਰਹੇ ਸੀ , ਉਨ੍ਹਾਂ ਨੂੰ ਪਿਛਲੀ ਨੌਕਰੀ ਤੋਂ ਅਸਤੀਫਾ ਦੇ ਕੇ ਹੀ ਜੁਆਇਨ ਕਰਨ ਲਈ ਕਹਿਆ ਗਿਆ ਸੀ, ਜਿਸ ਨਾਲ ਉਹ ਹੁਣ ਬੇਰੁਜ਼ਗਾਰ ਹੋਏ ਬੈਠੇ ਹਨ।

ਪਹਿਲਾਂ ਹੀ ਸਥਿਤੀ ਬੜੀ ਚਿੰਤਾਜਨਕ ਬਣੀ ਹੋਈ ਸੀ ਜੋ ਕਿ ਮਾਣਯੋਗ ਹਾਈ ਕੋਰਟ ਦੇ ਆਏ ਫੈਸਲੇ ਨਾਲ ਹੁਣ ਹਰੋ ਵੀ ਵਧੇਰੇ ਚਿੰਤਾਜਨਕ ਬਣ ਗਈ ਹੈ। ਇਸ ਭਰਤੀ ਪ੍ਰਕ੍ਰਿਆ ਵਿੱਚ ਰਾਜਨੀਤਕ ਲੋਕਾਂ ਦੀ ਸਮੂਲੀਅਤ ਦੀ ਦੂਰ ਦੀ ਗੱਲ ਸੀ ਕਿਉਂ ਕਿ ਕੋਈ ਇੰਟਰਵਿਊ ਕਮੇਟੀ ਦੇ ਅੰਕ ਬਗੈਰਾ ਨਹੀਂ ਰੱਖੇ ਗਏ, ਜਿਥੇ ਕਿ ਪਹੁੰਚ ਵਾਲੇ ਲੋਕਾਂ ਲਈ ਲਾਹੇਵੰਦ ਹੋਣਾ ਸੀ, ਜੋ ਨਹੀਂ ਹੋਇਆ। ਇਸੇ ਕਰਕੇ ਇਹ ਭਰਤੀ ਦਾ ਪਾਰਦਰਸ਼ੀ ਕੰਮ ਤੇਜ਼ੀ ਨਾਲ ਹੋਇਆ। ਉਚੇਰੀ ਸਿੱਖਿਆ ਦੇ ਸਕੱਤਰ ਨੂੰ ਇਸ ਗੰਭੀਰ ਮਸਲੇ ਨੂੰ ਬਾਰੀਕੀ ਨਾਲ ਘੋਖ ਕਰਕੇ ਸਰਕਾਰ ਦਾ ਪੱਖ ਉੱਚ ਅਦਾਲਤ ਵਿੱਚ ਪੇਸ਼ੀ 'ਤੇ ਰੱਖ ਕੇ ਸਟੇਅ ਖਾਲੀ ਕਰਵਾਉਣ ਦਾ ਹੋਣਾ ਚਾਹੀਦਾ ਸੀ, ਜੋ ਨਹੀਂ ਹੋਇਆ।

ਆਸ ਹੈ ਕਿ ਨਵੀਂ ਸਰਕਾਰ ਆਪਣਾ ਪੱਖ ਮਜਬੂਤੀ ਨਾਲ ਹੁਣ ਡਬਲ ਬੈਂਚ ਅੱਗੇ ਲੱਗੇ ਕੇਸ ਨੂੰ ਮਜਬੂਤੀ ਨਾਲ ਸਰਕਾਰੀ ਪੱਖ ਰੱਖ ਕੇ ਸਫਲ ਉਮੀਦਵਾਰਾਂ ਨੂੰ ਜੁਆਇਨ ਕਰਵਾਉਣ ਲਈ ਹਰ ਸੰਭਵ ਯਤਨ ਕਰੇਗੀ ਤਾਂ ਕਿ ਉਚੇਰੀ ਸਿੱਖਿਆ ਦੇ ਡਿੱਗ ਰਹੇ ਮਿਆਰ ਨੂੰ ਬਚਾਇਆ ਜਾ ਸਕੇ ਕਿਉਂ ਕਿ ਲੋਕਾਂ ਲਈ ਸਿੱਖਿਆ ਅਤੇ ਸਿਹਤ 'ਚ ਸੁਧਾਰ ਕਰਨਾ ਆਮ ਆਦਮੀ ਪਾਰਟੀ ਦੇ ਮੁੱਖ ਮੁੱਦੇ ਸੀ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਭਰਤੀ ਨਿਰੋਲ ਪਾਰਦਰਸ਼ੀ ਢੰਗ ਨਾਲ ਹੋਈ ਹੈ। ਸਿਫਾਰਸ਼ ਦੀ ਗੁੰਜਾਇਸ਼ ਨਾ ਹੋਣ ਕਰਕੇ ਵੀ ਕਈਆਂ ਨੂੰ ਐਨੀ ਜਲਦੀ ਭਰਤੀ ਕਰਨ ਕਰਕੇ ਵੀ ਇਹ ਗੱ.ਲ ਹਜ਼ਮ ਨਹੀਂ ਆਈ।ਸਰਕਾਰ ਨੇ ਅਸਿਸਟੈਂਟ ਪ੍ਰੋਫੈਸਰਾਂ ਦੀ ਹੋਰ ਭਰਤੀ ਕਰਨ ਦੀ ਗੱ.ਲ ਵੀ ਕਹੀ ਪਰ ਇਹ ਵੀ ਪ੍ਰਕ੍ਰਿਆ ਅੱਗੇ ਨਹੀਂ ਤੁਰੀ।ਇਸ ਦਾ ਇਸ਼ਤਿਹਾਰ ਵੀ ਜਾਰੀ ਕਰਕੇ ਪ੍ਰਕ੍ਰਿਆ ਆਰੰਭੀ ਜਾਵੇ ਜਿੰਨੇ ਪੀੜ੍ਹਤ ਉਮੀਦਵਾਰ ਨਿਯੁਕਤ ਹੁੰਦੇ ਹਨ ਘੱਟੋ ਘੱਟ ਉਨ੍ਹਾਂ ਨੂੰ ਤਾਂ ਰਾਹਤ ਮਿਲੇ। ਆਸ ਹੈ ਕਿ ਨਵੇਂ ਸਿੱਖਿਆ ਮੰਤਰੀ ਅਤੇ ਸਿੱਖਿਆ ਸਕੱਤਰ ਰਾਜ ਸਰਕਾਰ ਵਲੋਂ ਦਿਆਨਤਦਾਰੀ ਨਾਲ ਇਸ ਕੇਸ ਦੀ ਪੈਰਵੀ ਕਰਨ ਅਤੇ ਨਵੀਆਂ ਪੋਸਟਾਂ ਭਰਨ ਲਈ ਵਿਸ਼ੇਸ਼ ਧਿਆਨ ਦੇਣਗੇ।

**14 ਮਈ, 2023 ਨੂੰ ਮਾਂ ਦਿਵਸ 'ਤੇ ਵਿਸ਼ੇਸ਼**

# ਤਿਆਗ 'ਤੇ ਪਿਆਰ ਦੀ ਮੂਰਤ ਹੁੰਦੀ ਹੈ ਮਾਂ



ਨੀਨਾ ਧੀਰ, ਜੈਤੋ
neenadhir4@gmail.com

ਇਨਸਾਨ ਨੂੰ ਜਨਮ ਦੇਣ ਵਾਲੀ ਮਾਂ ਮਮਤਾ, ਤਿਆਗ ਅਤੇ ਪਿਆਰ ਦੀ ਮੂਰਤ ਹੁੰਦੀ ਹੈ। ਅੱਜ 14 ਮਈ ਨੂੰ ਭਾਰਤ ਸਮੇਤ ਦੁਨੀਆਂ ਦੇ 86 ਦੇਸ਼ਾਂ ਵਿੱਚ ਮਾਂ ਦਿਵਸ ਮਨਾਇਆ ਜਾ ਰਿਹਾ ਹੈ। ਇਹਨਾਂ ਦੇਸਾਂ ਵਿੱਚ ਹਰ ਸਾਲ ਮਈ ਦਾ ਦੂਸਰਾ ਐਤਵਾਰ ਮਾਂ ਨੂੰ ਸਮਰਪਿਤ ਕੀਤਾ ਜਾਂਦਾ ਹੈ। ਬਾਕੀ ਰਹਿੰਦੇ ਕਈ ਦੇਸ 4 ਮਈ ਨੂੰ ਮਾਂ ਦਿਵਸ ਵਜੋਂ ਮਨਾਉਦੇ ਹਨ। ਅਰਬ ਦੇਸਾਂ ਵਿੱਚ ਇਹ ਦਿਨ 21 ਮਾਰਚ ਨੂੰ ਮਨਾਇਆ ਜਾਂਦਾ ਹੈ ਤੇ ਯੂਰਪ ਦੇ ਬਹੁਤ ਦੇਸ ਹਰ ਸਾਲ 8 ਮਾਰਚ ਨੂੰ ਮਾਂ ਦਿਵਸ ਮਨਾਉਦੇ ਹਨ। ਜਗ ਜਣਨੀ ਮਾਂ ਨੂੰ ਸਾਰੇ ਗੁਰੂਆਂ ਪੀਰਾਂ ਨੇ ਵੀ ਹਮੇਸ਼ਾ ਸਤਿਕਾਰ ਦੇਣ ਦੀ ਗੱਲ ਕਹੀ ਹੈ। ਇੱਕ ਮਾਂ ਹੀ ਹੈ ਜਿਸਦਾ ਦੇਣਾ ਕੋਈ ਨਹੀਂ ਦੇ ਸਕਦਾ। ਅਸੀਂ ਕਿੰਨੀ ਵੀ ਕੋਸ਼ਿਸ਼ ਕਰ ਲਈਏ ਪਰ ਮਾਂ ਦਾ ਕਰਜਾ ਕਦੇ ਨਹੀਂ ਉਤਾਰ ਸਕਦੇ। ਮਮਤਾ ਨਿਰ-ਸਵਾਰਥ ਹੁੰਦੀ ਹੈ। ਸਾਰਾ ਦਿਨ ਕੰਮ ਕਰਕੇ ਘਰ ਪਰਤਦਿਆਂ ਬਾਕੀ ਸਭ ਵਾਰੀ ਵਾਰੀ ਆਪਣੇ ਦੁੱਖ ਤੇ ਲੋੜਾਂ ਦੱਸਦੇ ਹਨ ਪਰ ਮਾਂ ਆਪਣੇ ਪੁੱਤਰ ਨੂੰ ਸਭ ਤੋਂ ਪਹਿਲਾਂ ਸਿਰ ਤੇ ਹੱਥ ਫੇਰ ਕੇ ਪੁੱਛਦੀ ਹੈ, ' ਕੁਝ ਖਾ ਲਿਆ ਸੀ?' ਇਸੇ ਕਰਕੇ ਮਾਂ ਅੱਗੇ ਹਮੇਸ਼ਾ ਸਿਰ ਝੁਕਦਾ ਰਹੇਗਾ।

ਮਾਂ ਆਪਣੇ ਬੱਚੇ ਨੂੰ 9 ਮਹੀਨੇ ਪੇਟ ਵਿੱਚ ਪਾਲ ਕੇ ਜਨਮ ਦਿੰਦੀ ਹੈ, ਪਾਲਣ ਪੋਸ਼ਣ ਕਰਦੀ ਹੈ, ਆਪ ਗਿੱਲੀ ਥਾਂ ਤੇ ਪੈ ਕੇ ਬੱਚਿਆਂ ਨੂੰ ਸੁੱਕੀ ਥਾਂ ਤੇ ਪਾਉਂਦੀ ਹੈ। ਮਾਂ ਦੇ ਪੈਰਾਂ ਹਠੇ ਜੰਨਤ ਦੱਸੀ ਗਈ ਹੈ। ਇਸ ਦਾ ਮਤਲਬ ਹੈ ਕਿ ਜਿਹੜੇ ਮਾਂ ਦੀ ਕਦਰ ਕਰਦੇ ਹਨ,ਜਿਨਾਂ ਦਾ ਸੀਸ ਮਾਂ ਦੇ ਕਦਮਾਂ ਵਿੱਚ ਝੁਕਦਾ ਹੈ ਉਨਾਂ ਨੇ ਜੰਨਤ ਪ੍ਰਾਪਤ ਕਰ ਲਈ ਹੈ ਅਤੇ ਜਿਹੜੇ ਮਾਂ ਦੀ ਬੇਕਦਰੀ ਕਰਦੇ ਹਨ ਭਾਵ ਘਰ ਵਿੱਚ ਮਾਂ ਦਾ ਸਤਿਕਾਰ ਹੀ ਨਹੀਂ ਕਰਦੇ ਅਤੇ ਖੁੱਦ ਧਾਰਮਿਕ ਸਥਾਨਾਂ ਤੇ ਜਾਂ ਕੇ ਸੇਵਾ ਕਰਨ ਦਾ ਵਿਖਾਵਾਂ ਕਰਦੇ ਹਨ। ਉਨਾਂ ਨੂੰ ਕਦੇ ਸੁਖ ਨਹੀ ਮਿਲ ਸਕਦਾ। ਕਿਸੇ ਸਾਇਰ ਦੀਆਂ ਬਹੁਤ ਸੁੰਦਰ ਲਾਈਨਾ 'ਮਾਂ ਤਾਂ ਰੱਬ ਦਾ ਰੂਪ ਹੈ ਦੂਜਾ, ਮਾਂ ਤੋ ਵੱਧ ਕੋਈ ਹੋਰ ਨਾ ਦੂਜਾ, ਭਾਵ ਮਾਂ ਦਾ ਰਿਸਤਾ ਸਭ ਰਿਸਤਿਆਂ ਤੋਂ ਪਿਆਰਾ ਤੇ ਬਹੁ-ਮੁਲਾ ਰਿਸਤਾ ਹੈ।

ਇਹ ਉਹ ਮਾਂ ਹੈ ਜਿਸਨੇ ਖੁਦ ਲੱਖਾਂ ਤਸੀਹੇ ਝੱਲ ਕੇ ਆਪਣੇ ਬੱਚਿਆਂ ਨੂੰ ਪਾਲਿਆ ਹੈ ਅਤੇ ਖੁਦ ਖਾਲੀ ਪੇਟ ਰਹਿ ਕੇ, ਰੁੱਖੀ ਮਿੱਸੀ ਖਾ ਕੇ ਬੱਚਿਆਂ ਦਾ ਪੇਟ ਭਰਿਆ ਹੈ। ਆਪਣ-ਿਆਂ ਉਮੀਦ ਭਰੀਆ ਅੱਖਾਂ ਵਿੱਚ ਕਿੰਨੇ ਹੀ ਸੁਪਨੇ ਸਜਾ ਕੇ ਰੱਖੇ ਹੁੰਦੇ ਹਨ, ਮਾਂ-ਬਾਪ ਨੇ ਕਿ ਉਨਾਂ ਦੇ ਬੱਚੇ ਇਹ ਬਣਨਗੇ, ਉਨਾਂ ਦੇ ਬੱਚੇ ਵੱਡੇ ਹੋ ਕੇ ਆਹ ਸੁਖ ਦੇਣਗੇ ਅਤੇ ਜੇ ਲੱਖਾ ਤਸੀਹੇ ਝੱਲ ਕੇ ਅਤੇ ਢਿਡ ਬੰਨ-ਬੰਨ ਕੇ ਜੋੜੀ ਅਤੇ ਖਰਾ ਸੋਨਾ ਸਮਝ ਕੇ ਹਿੱਕ ਨਾਲ ਲਗਾ ਕੇ ਰੱਖੀ ਔਲਾਦ ਮਾਂ ਪਿਉ ਦੀ ਸੇਵਾ ਨਾਂ ਕਰੇ ਨਿਕੱਮੀ ਨਿੱਕਲ ਜਾਵੇ ਤਾਂ ਉਸ ਮਨ ਤੇ ਕੀ ਬੀਤਦੀ ਹੋਵੇਗੀ?


ਅੱਜ ਦਾ ਇਨਸਾਨ ਮਤਲਬੀ ਬਣਦਾ ਜਾ ਰਿਹਾ ਹੈ। ਜਰਾ ਦਿਲ ਤੇ ਹੱਥ ਰੱਖ ਕੇ ਸੋਚ ਕੇ ਵੇਖੋ ਅੱਜ ਸਮਾਜ ਸਵਾਰਥ ਪੁਣੇ ਦੇ ਅਜਿਹੇ ਦੌਰ 'ਚੋ ਲੰਘ ਰਿਹਾ ਹੈ। ਜਿਥੇ ਇਨਸਾਨ ਰਿਸਤਿਆਂ ਨੂੰ ਲੀਰੋ-ਲੀਰ ਕਰਕੇ ਰਾਖ ਕਰਨ ਲਈ ਮਿੰਟ ਨਹੀ ਲਗਾਉਂਦਾ। ਸਮਾਜ ਵਿੱਚ ਕਿੰਨੀਆ ਮਾਵਾਂ ਆਪਣੀ ਔਲਾਦ ਦੀ ਬੇਕਦਰੀ ਦਾ ਸਿਕਾਰ ਹੋਈਆ ਬਿਰਧ ਆਸ਼ਰਮਾਂ ਵਿੱਚ ਦਿਨ ਕੱਟ ਰਹੀਆ ਹਨ। ਸਾਨੂੰ ਬਜੁਰਗ ਮਾਂ ਬਾਪ ਨੂੰ ਬਿਰਧ ਆਸ਼ਰਮਾਂ 'ਚ ਭੇਜਣ ਦੀ ਬਜਾਏ ਉਨ੍ਹਾਂ ਦੀ ਖੁਦ ਸੇਵਾ ਕਰਨੀ ਚਾਹੀਦੀ ਹੈ ਤਾਂ ਜੋ ਅਸੀਂ ਉਹਨਾਂ ਤੋਂ ਅਸ਼ੀਰਵਾਦ ਪ੍ਰਾਪਤ ਕਰ ਸਕੀਏ।

ਅੱਜ ਦਾ ਦਿਨ ਸੰਸਾਰ ਦੀਆਂ ਸਾਰੀਆਂ ਮਾਵਾਂ ਨੂੰ ਸਮਰਪਿਤ ਹੈ। ਇਸ ਲਈ ਜੇ ਕੋਈ ਜਾਣੇ-ਅਣਜਾਣੇ ਆਪਣੇ ਮਾਂ-ਬਾਪ ਨੂੰ ਆਪਣੇ ਤੋ ਦੂਰ ਕਰੀ ਬੈਠਾ ਹੈ ਤਾਂ ਸਭ ਕੁਝ ਭੁਲ ਕੇ ਮਾਂ ਦੇ ਚਰਨਾ ਵਿੱਚ ਜਾ ਡਿੱਗੋ। ਮਾਂ ਦੀ ਮਮਤਾ ਐਨੀ ਕੋਮਲ ਹੁੰਦੀ ਹੈ ਕਿ ਇੱਕ ਪਲ ਵਿੱਚ ਤੁਹਾਨੂੰ ਮਾਂ ਨੇ ਆਪਣੀ ਹਿੱਕ ਨਾਲ ਲਗਾ ਲੈਣਾ ਹੈ। ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਆਪਣੀ ਜਨਮ ਦੇਣ ਵਾਲੀ ਮਾਂ ਦੇ ਨਾਲ- ਨਾਲ, ਸਮਾਜ ਵਿਚ ਮਾਂ ਸਮਾਨ ਬਜ਼ੁਰਗ ਔਰਤਾ ਦਾ ਵੀ ਅਸੀਂ ਹਮੇਸ਼ਾ ਮਾਂ ਵਾਂਗ ਹੀ ਸਤਿਕਾਰ ਕਰੀਏ ਤਾਂ ਜੋ ਸਾਡਾ ਸਮਾਜ ਸਵਰਗ ਦਾ ਨਕਸ਼ਾ ਬਣ ਸਕੇ ਅਤੇ ਨੋਜਵਾਨ ਪੀੜ੍ਹੀ ਨੂੰ ਲਿਆਕਤ ਤੇ ਸਿਆਣਪ ਆ ਸਕੇ। ਇੱਕ ਗੱਲ ਹਮੇਸਾ ਯਾਦ ਰੱਖੋ 'ਮਾਂ ਦੇ ਚਰਨਾ ਤੋ ਵੱਡਾ ਕੋਈ ਤੀਰਥ ਤੇ ਇਸ਼ਨਾਨ ਨਹੀ' ਇਸ ਲਈ ਹਮੇਸ਼ਾ ਸਰਵਨ ਪੁੱਤਰ ਬਣਨ ਦੀ ਕੋਸ਼ਿਸ਼ ਕਰੋ। ਜਿਸ ਦੀ ਸੁਰੂਆਤ ਅੱਜ ਤੋਂ ਹੀ ਕੀਤੀ ਜਾਣੀ ਚਾਹੀਦੀ ਹੈ। ਸਾਨੂੰ ਸਭ ਨੂੰ ਦਿਲੋਂ ਮਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ।



# American Seniors Citizens, Sacramento organized Seminar in Sacramento















*American Seniors attending seminar organized by Dr. FirdosShiekh at the Town and Country Banquets, 1215 J Street Sacramento (California). Event was sponsored by Mr. Waqar Khan. It was very interesting and educational and ended with a vote of thanks from Jagrup Singh President American Seniors Citizens, Sacramento (California).*

# ਮੱਟਰਾਂ ਸਕੂਲ 'ਚ ਸੁੰਦਰ ਲਿਖਾਈ ਮੁਕਾਬਲੇ ਕਰਵਾਏ ਗਏ

**ਭਵਾਨੀਗੜ੍ਹ–** ਸੁਤੰਤਰਤਾ ਸੰਗਰਾਮੀ ਸਰਦਾਰ ਹਜ਼ੂਰਾ ਸਿੰਘ ਸਰਕਾਰੀ ਮਿਡਲ ਸਮਾਰਟ ਸਕੂਲ ਮੱਟਰਾਂ ਵਿਖੇ ਪੰਜਾਬੀ ਦੇ ਸੁੰਦਰ ਲਿਖਾਈ ਮੁਕਾਬਲੇ ਦਾ ਸਫਲ ਆਯੋਜਨ ਸਕੂਲ



ਇੰਚਾਰਜ ਚਮਨਦੀਪ ਸ਼ਰਮਾ ਦੀ ਨਿਗਰਾਨੀ ਹੇਠ ਸਫਲਤਾ-ਪੂਰਵਕ ਹੋਇਆ। ਜਿਸ ਵਿੱਚ ਛੇਵੀਂ ਤੋਂ ਅੱਠਵੀਂ ਕਲਾਸ ਤੱਕ ਦੇ ਸਾਰੇ ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਮੁਕਾਬਲੇ ਵਿੱਚ ਸੱਤਵੀ ਜਮਾਤ ਦੀ ਵਿਦਿਆਰਥਣ ਜਸ਼ਨਦੀਪ ਕੌਰ ਨੇ ਪਹਿਲਾ, ਛੇਵੀਂ ਜਮਾਤ ਦੀ ਪੂਜਾ ਕੌਰ ਨੇ ਦੂਜਾ ਅਤੇ ਅੱਠਵੀਂ ਦੀ ਵਿਦਿਆਰਥਣ ਧਰਮਜੀਤ ਕੌਰ ਨੇ ਤੀਸਰਾ ਸਥਾਨ ਹਾਸਲ ਕੀਤਾ ਹੈ। ਇਹਨਾਂ ਤੋਂ ਬਿਨ੍ਹਾਂ ਰਵੀ ਸਿੰਘ, ਰਮਨਦੀਪ ਕੌਰ, ਮਨਪ੍ਰੀਤ ਕੌਰ, ਸਿਮਰਣਪ੍ਰੀਤ ਕੌਰ, ਸੁਖਜੀਤ ਕੌਰ ਆਦਿ ਦੀ ਲਿਖਾਈ ਵੀ ਸਲਾਘਾਯੋਗ ਰਹੀ। ਸਨਮਾਨ ਸਮਾਰੋਹ ਦੌਰਾਨ ਮੁਕਾਬਲੇ ਦੇ ਜੇਤੂਆਂ ਨੂੰ ਸਕੂਲ ਮੁਖੀ ਨੇ ਸਨਮਾਨਿਤ ਕੀਤਾ। ਇਸ ਮੌਕੇ ਤੇ ਸੰਬੋਧਨ ਕਰਦੇ ਹੋਏ ਉਹਨਾਂ ਕਿਹਾ ਕਿ ਸੁੰਦਰ ਲਿਖਾਈ ਵਿਦਿਆਰਥੀਆਂ ਦੇ ਆਤਮ ਵਿਸਵਾਸ਼ ਵਿੱਚ ਇਜ਼ਾਫਾ, ਲਿਖਣ ਕੁਸ਼ਲਤਾ ਵਿੱਚ ਨਿਪੁੰਨਤਾ, ਵੱਖਰੀ ਪਛਾਣ, ਕਰੀਅਰ ਦੇ ਲਈ ਰਾਹ ਖੋਲਣ ਅਤੇ ਵਧੀਆ ਵਿਦਿਅਕ ਨਤੀਜਿਆਂ ਨੂੰ ਲਿਆਉਣ ਵਿੱਚ ਮਦਦਗਾਰ ਸਿੱਧ ਹੁੰਦੀ ਹੋਈ ਸ਼ਖਸੀਅਤ ਨੂੰ ਚਾਰ ਚੰਨ ਲਗਾਉਦੀ ਹੈ। ਉਹਨਾਂ ਦੱਸਿਆ ਕਿ ਸੁੰਦਰ ਲਿਖਾਈ ਮੁਕਾਬਲੇ ਆਯੋਜਿਤ ਕਰਨ ਤੋਂ ਪਹਿਲਾ ਵਿਦਿਆਰਥੀਆਂ ਨੂੰ ਲਗਾਤਾਰ ਇੱਕ ਮਹੀਨਾ ਭੁਪਿੰਦਰ ਕੌਰ ਪੰਜਾਬੀ ਅਧਿਆਪਕਾ ਅਤੇ ਸੁਖਵਿੰਦਰ ਕੌਰ ਆਰਟ ਕਰਾਫਟ ਅਧਿਆਪਕਾ ਦੁਆਰਾ ਤਿਆਰੀ ਕਰਵਾਈ ਗਈ। ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਅਮੀਸ਼ ਬਾਂਸਲ ਸਾਇੰਸ ਮਾਸਟਰ, ਹਰਵਿੰਦਰ ਸਿੰਘ ਕੰਪਿਊਟਰ ਟੀਚਰ, ਪਰਮਜੀਤ ਕੌਰ ਇੰਚਾਰਜ ਸਪਸ ਮੱਟਰਾਂ ਅਤੇ ਜਗਮੇਲ ਸਿੰਘ ਈਟੀਟੀ ਟੀਚਰ ਨੇ ਵਧਾਈ ਦਿੱਤੀ।

**– ਚਮਨਦੀਪ ਸ਼ਰਮਾ**
91-95010 33005

# ਜਬਰਜਿਨਾਹ ਦੇ ਮਾਮਲੇ ਵਿਚ 29 ਸਾਲ ਜੇਲ ਕੱਟਣ ਉਪਰੰਤ ਇਕ ਵਿਅਕਤੀ ਨੂੰ ਨਿਰਦੋਸ਼ ਐਲਾਨਿਆ, ਹੋਈ ਰਿਹਾਈ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** – ਅਮਰੀਕਾ ਦੇ ਲੋਇਸੀਆਨਾ ਰਾਜ ਵਿਚ ਨਿਊ ਓਰਲੀਨਜ ਸ਼ਹਿਰ ਦੇ ਵਸਨੀਕ ਇਕ ਵਿਅਕਤੀ ਨੂੰ ਜਬਰਜਿਨਾਹ ਦੇ ਮਾਮਲੇ ਵਿਚ 29 ਸਾਲ ਕੈਦ ਕੱਟਣ ਉਪਰੰਤ ਨਿਰਦੋਸ਼ ਕਰਾਰ ਦੇ ਕੇ ਰਿਹਾਅ ਕਰਨ ਦੀ ਖਬਰ ਹੈ। ਪੈਟਰਿਕ ਬਰਾਊਨ ਨਾਮੀ ਵਿਅਕਤੀ ਨੂੰ 1994 ਵਿਚ ਮਤਰੇਈ ਧੀ ਨਾਲ ਜਬਰਜਿਨਾਹ ਕਰਨ ਦੇ ਮਾਮਲੇ ਵਿਚ ਦੋਸ਼ੀ ਕਰਾਰ ਦਿੱਤਾ ਗਿਆ ਸੀ ਜਦ ਕਿ ਪੈਟਰਿਕ ਨੇ ਆਪਣੇ ਆਪ ਨੂੰ ਨਿਰਦੋਸ਼ ਦੱਸਿਆ ਸੀ ਤੇ ਕਿਹਾ ਸੀ ਕਿ ਉਸ ਨੂੰ ਫਸ-ਾਇਆ ਗਿਆ ਹੈ। ਓਰਲੀਨਜ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਵੱਲੋਂ ਜਾਰੀ ਬਿਆਨ ਅਨੁਸਾਰ ਉਸ ਸਮੇ ਬੱਚੀ ਦੀ ਅਦਾਲਤ ਵਿਚ ਗਵਾਹੀ ਨਹੀਂ ਹੋਈ ਸੀ ਬਲਕਿ ਉਸ ਦੀ ਤਰਫੋਂ ਕੁਝ ਹੋਰ ਲੋਕਾਂ ਨੇ ਗਵਾਹੀ ਦਿੱਤੀ ਸੀ। 2002 ਤੋਂ ਬਾਅਦ ਬੱਚੀ ਨੇ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਨੂੰ ਵਾਰ-ਵਾਰ ਬੇਨਤੀ ਕੀਤੀ ਕਿ ਮਾਮਲੇ ਦੀ ਦੁਬਾਰਾ ਜਾਂਚ ਕੀਤੀ ਜਾਵੇ ਤੇ ਅਸਲ ਦੋਸ਼ੀ ਨੂੰ ਸਜ਼ਾ ਦਿੱਤੀ ਜਾਵੇ। ਡਿਸਟ੍ਰਿਕਟ ਅਟਾਰਨੀ ਦੇ ਦਫਤਰ ਦੀ ਮਨੁੱਖੀ ਹੱਕਾਂ ਬਾਰੇ ਇਕਾਈ ਨੇ ਮਾਮਲੇ ਦੀ ਨਵੇਂ ਸਿਰੇ ਤੋਂ ਜਾਂਚ ਉਪਰੰਤ ਸਿੱਟਾ ਕੱਢਿਆ ਕਿ ਪੈਟਰਿਕ ਵਿਰੁੱਧ ਸਬੂਤ ਮੰਨਘੜਤ ਹਨ। ਉਸ



ਨੇ ਅਦਾਲਤ ਨੂੰ ਬੇਨਤੀ ਕੀਤੀ ਕਿ ਫੈਸਲੇ ਨੂੰ ਸੋਧਿਆ ਜਾਵੇ। ਕ੍ਰਿਮੀਨਲ ਡਿਸਟ੍ਰਿਕਟ ਕੋਰਟ ਦੇ ਜੱਜ ਕੈਲਵਿਨ ਜੌਹਨਸਨ ਵੱਲੋਂ ਸਜ਼ਾ ਰੱਦ ਕਰਨ ਦਾ ਫੈਸਲਾ ਸੁਣਾਉਣ ਉਪਰੰਤ ਬਰਾਊਨ ਨੂੰ ਤੁਰੰਤ ਰਿਹਾਅ ਕਰ ਦਿੱਤਾ ਗਿਆ। ਬਿਆਨ ਅਨੁਸਾਰ ਅਦਾਲਤ ਵਿਚ ਪੀੜਤ ਬੱਚੀ ਮੌਜੂਦ ਸੀ ਤੇ ਉਸ ਨੇ ਆਪਣਾ ਬਿਆਨ ਦਰਜ ਕਰਵਾਇਆ ਹੈ।

# ਪੰਜਾਬੀ ਲਿਖਾਰੀ ਸਭਾ (ਰਜਿ.) ਸਿਆਟਲ ਵੱਲੋਂ ਵੱਖ ਵੱਖ ਰੰਗਾਂ ਨਾਲ ਲਬਰੇਜ਼ ਸਾਹਿਤਕ ਪ੍ਰੋਗਰਾਮ

**ਸਿਆਟਲ–** ਮਾਂ ਬੋਲੀ ਪੰਜਾਬੀ ਦੀ ਸੇਵਾ ਨੂੰ ਸਮਰਪਿਤ ਅਤੇ ਉਸਦੇ ਵਿਕਾਸ ਲਈ ਮਿਥੇ ਆਪਣੇ ਉਦੇਸ਼ਾਂ ਦੀ ਪ੍ਰਾਪਤੀ ਲਈ ਪੰਜਾਬੀ ਲਿਖਾਰੀ ਸਭਾ (ਰਜਿ.) ਸਿਆਟਲ ਵੱਲੋਂ ਸਭਾ ਦੇ ਪ੍ਰਧਾਨ ਹਰਪਾਲ ਸਿੰਘ ਸਿਧੂ ਜੀ ਦੇ ਘਰ ਵਿੱਚ ਇਕ ਸਾਹਿਤਕ ਪ੍ਰੋਗਰਾਮ ਕੀਤਾ ਗਿਆ ਜਿਸ ਵਿੱਚ ਬਹੁਰੰਗੀ ਸਾਹਿਤਕ ਪ੍ਰੋਗਰਾਮ ਤੋਂ ਇਲਾਵਾ ਪੁਸਤਕਾਂ ਲੋਕ ਅਰਪਣ ਕੀਤੀਆਂ ਗਈਆਂ।ਅੱਜ ਦੇ ਇਸ ਪ੍ਰੋਗਰਾਮ ਵਿੱਚ ਸਿਆਟਲ ਦੇ ਵੱਖ ਵੱਖ ਹਿੱਸਿਆਂ ਅਤੇ ਨਜ਼ਦੀਕੀ ਸ਼ਹਿਰਾਂ *ਚ ਵੱਸਦੇ ਸਾਹਿਤਕਾਰਾਂ ਨੇ ਭਾਗ ਲਿਆ।ਸਭਾ ਦੇ ਜਨਰਲ ਸਕੱਤਰ ਡਾ ਸੁਖਬੀਰ ਸਿੰਘ ਬੀਹਲਾ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਹਿੰਦਿਆਂ ਪ੍ਰੋਗਰਾਮ ਦੇ ਸ਼ੁਰੂ ਵਿੱਚ ਪੰਜਾਬੀ ਦੇ ਮਸ਼ਹੂਰ ਕਵੀ 'ਬ੍ਰਿਹਾ ਦੇ ਸੁਲਤਾਨ' ਨਾਂ ਨਾਲ ਜਾਣੇ ਜਾਂਦੇ ਸ਼ਿਵ ਕੁਮਾਰ ਬਟਾਲਵੀ ਜੀ ਨੂੰ ਉਹਨਾਂ ਦੀ 50ਵੀਂ ਬਰਸੀ ਤੇ ਯਾਦ ਕੀਤਾ ।



ਅੱਜ ਦਾ ਪ੍ਰੋਗਰਾਮ ਕੇਵਲ ਕਾਵਿਕ ਕ੍ਰਿਤਾਂ ਨਾਲ ਹੀ ਲਬਰੇਜ਼ ਨਹੀਂ ਸੀ ਬਲਕਿ ਸਾਹਿਤ ਦੀਆ ਹੋਰ ਵਿਧਾਵਾਂ ਮਿੰਨੀ ਕਹਾਣੀ, ਬੁਝਾਰਤ-ਸਾਹਿਤ, ਚੁਟਕਲਾ ਸਾਹਿਤ ਅਤੇ ਵਾਰਤਕ ਦੇ ਰੰਗਾਂ ਨਾਲ ਵੀ ਭਰਪੂਰ ਸੀ। ਮਨ ਨੂੰ ਹੁਲਾਰਾ, ਜ਼ੋਸ, ਸਕੂਨ ਦੇਣ ਵਾਲੇ ਗੀਤ-ਕਵਿਤਾਵਾਂ ਨੂੰ ਤਰੰਨਮ *ਚ ਪੇਸ਼ ਵੀ ਕੀਤਾ ਗਿਆ ਤੇ ਉਚਾਰ ਕੇ ਵੀ। ਹਾਸਿਆਂ ਦੇ ਫੁਹਾਰੇ ਮਾਹੌਲ ਨੂੰ ਹਲਕਾ ਫੁਲਕਾ ਬਣਾ ਰਹੇ ਸਨ। ਸਮਾਜ ਦੀਆਂ ਕੁਰੀਤੀਆਂ ਤੇ ਸਮਾਜ-ਦੋਖੀ ਲੋਕਾਂ ਤੇ ਚੋਟ ਕਰਨ ਵਾਲੀਆ ਨਜ਼ਮਾ ਵੀ ਸਨ। ਅੱਜ ਦੇ ਕਵੀ ਦਰਬਾਰ ਦਾ ਨਵਾਂ ਰੂਪ ਅੰਗਰੇਜੀ ਵਿੱਚ ਲਿਖੀ ਬੋਲੀ ਗਈ ਕਵਿਤਾ ਵੀ ਸੀ- ਹਰਦਿਆਲ ਸਿੰਘ ਚੀਮਾ, ਡਾ. ਜਸਵੀਰ ਕੌਰ, ਅਵਤਾਰ ਸਿੰਘ ਆਦਮਪੁਰੀ, ਪ੍ਰਿਤਪਾਲ ਸਿੰਘ ਟਿਵਾਣਾ, ਸਾਧੂ ਸਿੰਘ ਝੱਜ, ਸ਼ਿੰਗਾਰ ਸਿੰਘ ਸਿੱਧੂ , ਮੰਗਤ ਕੁਲਜਿੰਦ, ਹਰਪਾਲ ਸਿੰਘ ਸਿੱਧੂ, ਸੁਖਵੀਰ ਬੀਹਲਾ, ਬਲਿਹਾਰ ਲੇਹਲ, ਮਨਜੀਤ ਕੌਰ ਗਿੱਲ,ਜ ਸਵੀਰ ਕੌਰ ਨਿੱਜਰ ਸਿੱਧੂ, ਹਰਜਿੰਦਰ ਸੰਧਾਵਾਲੀਆ, ਬੇਟੀ ਇਨਾਇਤ ਅਤੇ ਬੇਟਾ ਅਨਹਦ ਸਿੱਧੂ ਕਵੀ ਦਰਬਾਰ ਦਾ ਸ਼ਿੰਗਾਰ ਸਨ। ਅੱਜ ਦੇ ਪ੍ਰਭਾਵਸ਼ਾਲੀ ਕਵੀ ਦਰਬਾਰ ਵਿੱਚ ਸਮਾਜਿਕ, ਸੱਭਿਆਚਾਰਕ, ਪਰਿਵਾਰਿਕ, ਹਾਸ-ਵਿਅੰਗੀ ਅਤੇ ਮੌਜੂਦਾ ਸਮੇਂ ਦੀ ਤਕਨਾਲੋਜੀ ਆਦਿ ਦੇ ਵਿਸ਼ੇ ਭਾਰੂ ਸਨ।

ਇੰਡੀਆ ਵੱਸਦੇ ਉਭਰ ਰਹੇ ਪੰਜਾਬੀ ਲੇਖਕਾਂ ਲੇਖਕਾਵਾਂ ਦੀ ਹੌਸਲਾਂ ਅਫਜਾਈ ਲਈ ਉਹਨਾਂ ਦੀਆਂ ਸਿਰ-ਜੀਆਂ ਕਿਤਾਬਾਂ ਜਿਵੇਂ ਮੋਗਾ ਜ਼ਿਲ੍ਹੇ ਦੇ ਪਿੰਡ ਦੱਲੂਵਾਲ ਦੀ ਕਿਰਨਜੀਤ ਕੌਰ ਦਾ ਲੇਖ-ਸੰਗ੍ਰਹਿ 'ਦੇਸ਼ ਦਾ ਮੁਹਾਂਦਰਾ' (ਬਲਿਹਾਰ ਸਿੰਘ ਲੇਹਲ ਅਤੇ ਪੁੰਗਰਦੇ ਹਰਫ ਵਿਸ਼ਵ ਕਾਵਿ ਮਹਿਫਲ ਦੇ ਅਹੁਦੇਦਾਰਾਂ ਦਾ ਇਸ ਨੂੰ ਛੁਪਵਾਉਣ 'ਚ ਪੂਰਨ ਸਹਿਯੋਗ ਰਿਹਾ ਹੈ), ਅਤੇ 'ਮਾਂ ਬੋਲੀ, ਮਾਂ ਧਰਤੀ, ਮਾਂ ਕੁਦਰਤ ਦਾ ਕਵੀ- ਕਾਲਾ ਸਰਾਵਾਂ, ਦਾ ਕਾਵਿ-ਸੰਗ੍ਰਹਿ 'ਤਲਾਸ਼' (ਕਾਫੀ ਗੀਤ ਵੱਖ ਵੱਖ ਗਾਇਕਾਂ ਦੀ ਆਵਾਜ਼ *ਚ ਰਿਕਾਰਡ ਹੋ ਚੁੱਕੇ ਹਨ), ਨੂੰ ਹਾਜ਼ਰ ਸਾਹਿਤਕਾਰਾਂ ਅਤੇ ਸਤਿਕਾਰਿਤ ਸ਼ਖਸ਼ੀਅਤਾਂ ਨੇ ਲੋਕ ਅਰਪਣ ਕੀਤਾ ।

ਪੰਜਾਬ ਬਾਰੇ ਜਜ਼ਬਾਤੀ ਗੀਤ ਪੇਸ਼ ਕਰਦਿਆਂ ਸਿਮਰਨ ਸਿੰਘ ਜੀ ਨੇ ਜਿੱਥੇ ਸਾਰੇ ਪ੍ਰੋਗਰਾਮ ਦੀ ਆਪਣੇ ਸ਼ੁਰੂ ਕੀਤੇ ਟੀਵੀ ਚੈਨਲ 'ਸਾਡਾ ਟੀ।ਵੀ।' ਰਾਹੀਂ ਸਰੋਤਿਆਂ ਨਾਲ ਸਾਂਝ ਪਵਾਈ ਉਥੇ ਉਹਨਾਂ ਚੈਨਲ ਬਾਰੇ ਜਾਣਕਾਰੀ ਵੀ ਸਾਂਝੀ ਕੀਤੀ। ਬਠਿੰਡਾ ਤੋਂ ਛਪਦਾ ਹਾਸ ਵਿਅੰਗ ਦਾ ਮੈਗਜੀਨ 'ਸ਼ਬਦ ਤ੍ਰਿੰਜਣ' ਆਈਆਂ ਹੋਈਆਂ ਸ਼ਖਸ਼ੀਅਤਾਂ ਨੂੰ ਭੇਂਟ ਕੀਤਾ ਗਿਆ। ਅੱਜ ਦੇ ਸਟੇਜ ਸੰਚਾਲਨ ਦੇ ਕੰਮ ਨੂੰ ਸਭਾ ਦੇ ਜਨਰਲ ਸਕੱਤਰ ਡਾ।ਸੁਖਵੀਰ ਬੀਹਲਾ ਨੇ ਰੋਚਕ ਬਣਾਈ ਰੱਖਿਆ।ਸ਼ੁਰੂ ਤੋਂ ਲੈਕੇ ਅੰਤ ਤੱਕ, ਚੱਲ ਰਹੇ ਇਸ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਣ ਫੇਸ ਬੁਕ ਉਪਰ ਕੀਤਾ ਗਿਆ। ਸੁਰਿੰਦਰ ਕੌਰ, ਲਾਲੀ ਸੰਧੂ, ਕਪੂਰ ਸਿੰਘ, ਕੰਵਲਦੀਪ ਕੌਰ,ਜ਼ਸਵੀਰ ਕੌਰ, ਉਪਕਾਰ ਸਿੰਘ ਮਾਂਗਟ, ਦੀਪ ਮਾਂਗਟ, ਬਲਵੀਰ ਸਿੰਘ ਨਿੱਜਰ, ਵਿਪਿਨ, ਮਨੀਪਾਲ, ਹਰਜੋਤ ਆਦਿ ਦੀ ਹਾਜ਼ਰੀ ਪ੍ਰੋਗਰਾਮ ਦੀ ਸ਼ੋਭਾ ਵਧਾ ਰਹੀ ਸੀ।

ਇਹਨਾਂ ਦਿਨਾਂ ਵਿੱਚ ਇਸ ਦੁਨੀਆਂ ਤੋਂ ਰੁਖਸਤ ਹੋ ਗਈਆਂ ਸ਼ਖਸ਼ੀਅਤਾਂ, ਜਿੰਨਾਂ ਵਿੱਚ 'ਕੁੱਤਿਆਂ ਵਾਲੇ ਸਰਦਾਰ' ਵਰਗੇ ਚਰਚਿਤ ਨਾਵਲ ਦੇ ਅਤੇ ਕਈ ਹੋਰ ਕਿਤਾਬਾਂ ਦੇ ਰਚੇਤਾ ਬੂਟਾ ਸਿੰਘ ਸ਼ਾਦ ਜੀ ਹਨ, ਗਾਇਕ ਕੰਵਰ ਚਾਹਲ ਸਪੁੱਤਰ ਪੰਜਾਬੀ ਦੀ ਮਸ਼ਹੂਰ ਨਾਵਲਕਾਰਾ ਹਰਕੀਰਤ ਚਾਹਲ ਅਤੇ ਡਾ।ਕੁਲਦੀਪ ਚਾਹਲ ਦਾ ਬੇਟਾ, ਜ਼ੋ ਸਰੀ ਕੈਨੇਡਾ ਵੱਸਦੇ ਹਨ, ਇੰਜੀ ਜੇ ਬੀ ਸਿੰਘ ਜੋ ਪੰਜਾਬ ਦੀਆਂ ਸਿਰਕੱਢ ਸਾਹਿਤ ਸਭਾਵਾਂ ਕੇਂਦਰੀ ਪੰਜਾਬੀ ਲੇਖਕ ਸਭਾ ਪੰਜਾਬ ਅਤੇ ਸਾਹਿਤ ਅਕਾਦਮੀ ਪੰਜਾਬ ਦੇ ਮਹੱਤਵਪੂਰਨ ਅਹੁਦਿਆਂ ਤੇ ਕੰਮ ਕਰ ਰਹੀ ਬਹ-ਵਿਧਾਵੀ ਲੇਖਿਕਾ ਗੁਰਚਰਨ ਕੌਰ ਕੋਚਰ ਜੀ ਦੇ ਪਤੀ ਸਨ ਅਤੇ ਅੰਜੂ ਅਮਨਦੀਪ ਗਰੋਵਰ (ਪੁੰਗਰਦੇ ਹਰਫ਼ ਗਰੁੱਪ ਦੀ ਅਹੁਦੇਦਾਰ) ਦੇ ਪਿਤਾ ਜੀ, ਨੂੰ ਸ਼ਰਧਾਜ਼ਲੀ ਦਿੱਤੀ ਗਈ। ਅੰਤ ਵਿੱਚ ਹਰਪਾਲ ਸਿੰਘ ਸਿਧੂ ਪ੍ਰਧਾਨ ਜੀ ਨੇ ਆਏ ਹੋਏ ਮਹਿਮਾਨਾਂ ਅਤੇ ਲੇਖਕਾਂ ਦਾ ਧੰਨਵਾਦ ਕੀਤਾ। ਖਾਣੇ ਦਾ ਪ੍ਰਬੰਧ ਹਰਪਾਲ ਸਿੱਧੂ ਜੀ ਵੱਲੋਂ ਕੀਤਾ ਗਿਆ ਸੀ।ਸਭਾ ਵੱਲੋਂ ਪ੍ਰਧਾਨ ਹਰਪਾਲ ਸਿੰਘ ਸਿਧੂ ਅਤੇ ਉਹਨਾਂ ਦੀ ਧਰਮਪਤਨੀ ਜਸਵੀਰ ਕੌਰ ਨਿੱਜਰ ਸਿੱਧੂ ਦੀ ਅੱਜ ਦੇ ਦਿਨ ਮੈਰਿਜ ਐਨੀਵਰਸਿਰੀ ਤੇ ਮੁਬਾਰਕਾਂ ਦਿੱਤੀਆਂ।ਕੇਕ ਕੱਟਦਿਆਂ ਇਸ ਘੜੀ ਨੂੰ ਯਾਦਗਾਰ ਬਣਾਇਆ ਗਿਆ।

**ਮੰਗਤ ਕੁਲਜਿੰਦ**
**ਮੋ ਅਤੇ ਵੱਟਸ +1 425 286 0163**
**(ਪ੍ਰੈ ਸਕੱਤਰ, ਪੰ ਲਿ ਸ ਸਿਆਟਲ)**

# ਮਣੀਪੁਰ ਦੰਗੇ- ਕੀ ਹੈ ਪੁਰਾਣਾ ਵਿਵਾਦ ਜਿਸ ਕਾਰਨ ਹਿੰਸਾ ਭੜਕੀ





ਮਣੀਪੁਰ ਪਿਛਲੇ ਕੁਝ ਦਿਨਾਂ ਦੀ ਹਿੰਸਾ ਤੋਂ ਬਾਅਦ ਉਭਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਹਾਲਾਂਕਿ ਸਥਿਤੀ ਅਜੇ ਪੂਰੇ ਤਰੀਕੇ ਨਾਲ ਆਮ ਨਹੀਂ ਹੋਈ ਹੈ। ਇਸ ਹਿੰਸਾ 'ਚ 50 ਤੋਂ ਵੱਧ ਲੋਕਾਂ ਨੇ ਆਪਣੀ ਜਾਨ ਗੁਆ ਦਿੱਤੀ ਹੈ। ਇਹ ਹਿੰਸਾ, ਆਲ ਟ੍ਰਾਈਬਲ ਸਟੂਡੈਂਟਸ ਯੂਨੀਅਨ ਮਣੀਪੁਰ ਵੱਲੋਂ ਕੀਤੀ ਇੱਕ ਜਨਤਕ ਰੈਲੀ ਦੌਰਾਨ ਸ਼ੁਰੂ ਹੋਈ ਸੀ। ਜ਼ਿਕਰਯੋਗ ਹੈ ਕਿ ਪ੍ਰਸ਼ਾਸਨ ਨੇ ਸ਼ੁਕਰਵਾਰ ਨੂੰ 'ਸ਼ੂਟ ਐਟ ਸਾਈਟ' ਯਾਨੀ ਦੇਖਦਿਆਂ ਹੀ ਗੋਲੀ ਚਲਾਉਣ ਦੇ ਹੁਕਮ ਵੀ ਜਾਰੀ ਕੀਤੇ ਸਨ। ਹਾਲਾਂਕਿ, ਸ਼ਨੀਵਾਰ ਤੋਂ ਇੰਫ਼ਾਲ ਘਾਟੀ 'ਚ ਜ਼ਿੰਦਗੀ ਪਟੜੀ 'ਤੇ ਪਰਤਦੀ ਨਜ਼ਰ ਆ ਰਹੀ ਹੈ, ਦੁਕਾਨਾਂ ਅਤੇ ਬਾਜ਼ਾਰ ਖੁੱਲ੍ਹ ਗਏ ਹਨ ਅਤੇ ਸੜਕਾਂ 'ਤੇ ਵਾਹਨ ਨਜ਼ਰ ਆ ਰਹੇ ਹਨ।

### ਸਮਾਜਿਕ ਤੇ ਭੂਗੋਲਿਕ ਸਥਿਤੀ

ਇਸ ਦੇ ਲਈ ਪਹਿਲਾਂ ਇਹ ਸਮਝਣਾ ਹੋਵੇਗਾ ਕਿ ਮਣੀਪੁਰ ਦੀ ਸਮਾਜਿਕ ਸਥਿਤੀ ਕੀ ਹੈ। ਮਣੀਪੁਰ ਦੀ ਆਬਾਦੀ 30-35 ਲੱਖ ਦੇ ਕਰੀਬ ਹੈ। ਇੱਥੇ ਤਿੰਨ ਮੁੱਖ ਭਾਈਚਾਰੇ ਹਨ.. ਮੈਤਈ, ਨਾਗਾ ਅਤੇ ਕੁਕੀ। ਮੈਤਈ ਜ਼ਿਆਦਾਤਰ ਹਿੰਦੂ ਹਨ, ਮੈਤਈ ਮੁਸਲਮਾਨ ਵੀ ਹਨ। ਆਬਾਦੀ ਵਿੱਚ ਵੀ ਇਹੀ ਭਾਈਚਾਰਾ ਵੱਡਾ ਹੈ। ਨਾਗਾ ਅਤੇ ਕੂਕੀ ਜ਼ਿਆਦਾਤਰ ਈਸਾਈ ਹਨ। ਨਾਗਾ ਅਤੇ ਕੂਕੀ ਕੋਅ ਜਨਜਾਤੀ 'ਚ ਆਉਂਦੇ ਹਨ। ਸਿਆਸੀ ਨੁਮਾਇੰਦਗੀ ਦੀ ਗੱਲ ਕਰੀਏ ਤਾਂ ਮਣੀਪੁਰ ਦੇ ਕੁੱਲ 60 ਵਿਧਾਇਕਾਂ ਵਿੱਚੋਂ 40 ਵਿਧਾਇਕ ਮੈਤਈ ਭਾਈਚਾਰੇ ਦੇ ਹਨ। ਬਾਕੀ 20 ਨਾਗਾ ਅਤੇ ਕੂਕੀ ਕਬੀਲਿਆਂ ਤੋਂ ਆਉਂਦੇ ਹਨ। ਹੁਣ ਤੱਕ ਦੇ 12 ਮੁੱਖ ਮੰਤਰੀਆਂ ਵਿੱਚੋਂ ਸਿਰਫ਼ ਦੋ ਹੀ ਕਬੀਲਿਆਂ ਤੋਂ ਸਨ। ਮਣੀਪੁਰ ਦੀ ਭੂਗੋਲਿਕ ਬਣਤਰ ਵਿਲੱਖਣ ਹੈ। ਮਣੀਪੁਰ ਇੱਕ ਫੁੱਟਬਾਲ ਸਟੇਡੀਅਮ ਵਰਗਾ ਹੈ। ਇਸ ਵਿੱਚ, ਇੰਫਾਲ ਘਾਟੀ ਬਿਲਕੁਲ ਕੇਂਦਰ ਵਿੱਚ ਖੇਡ ਦਾ ਮੈਦਾਨ ਹੈ ਅਤੇ ਬਾਕੀ ਚਾਰੇ ਪਾਸੇ ਦੇ ਪਹਾੜੀ ਖੇਤਰ ਇੱਕ ਗੈਲਰੀ ਵਾਂਗ ਹਨ। ਮਣੀਪੁਰ ਦੀ 10 ਫੀਸਦੀ ਜ਼ਮੀਨ 'ਤੇ ਮੈਤਈ ਭਾਈਚਾਰੇ ਦਾ ਦਬਦਬਾ ਹੈ। ਇਹ ਭਾਈਚਾਰਾ ਇੰਫਾਲ ਘਾਟੀ ਵਿੱਚ ਵੱਸਿਆ ਹੋਇਆ ਹੈ। ਬਾਕੀ ਦੇ 90 ਫੀਸਦੀ ਪਹਾੜੀ ਖੇਤਰਾਂ ਵਿੱਚ ਸੂਬੇ ਦੇ ਮਾਨਤਾ ਪ੍ਰਾਪਤ ਕਬੀਲਿਆਂ ਦੀ ਆਬਾਦੀ ਰਹਿੰਦੀ ਹੈ। ਇਨ੍ਹਾਂ ਪਹਾੜੀ ਅਤੇ ਘਾਟੀ ਦੇ ਲੋਕਾਂ ਦਾ ਵਿਵਾਦ ਬਹੁਤ ਪੁਰਾਣਾ ਅਤੇ ਸੰਵੇਦਨਸ਼ੀਲ ਹੈ।

### ਕਬਾਇਲੀ ਦਰਜੇ ਦੀ ਮੰਗ ਦਾ ਵਿਰੋਧ ਕਿਉਂ?

ਮੈਤਈ ਭਾਈਚਾਰਾ ਮੰਗ ਕਰ ਰਿਹਾ ਹੈ ਕਿ ਉਨ੍ਹਾਂ ਨੂੰ ਵੀ 'ਜਨਜਾਤੀ' ਦਾ ਦਰਜਾ ਦਿੱਤਾ ਜਾਵੇ। ਭਾਈਚਾਰੇ ਨੇ ਇਸ ਦੇ ਲਈ ਮਣੀਪੁਰ ਹਾਈ ਕੋਰਟ ਵਿੱਚ ਪਟੀਸ਼ਨ ਵੀ ਦਾਇਰ ਕੀਤੀ ਹੈ। ਮੈਤਈ ਭਾਈਚਾਰੇ ਦੀ ਦਲੀਲ ਹੈ ਕਿ 1949 ਵਿੱਚ ਮਣੀਪੁਰ ਨੂੰ ਭਾਰਤ ਵਿੱਚ ਮਿਲਾ ਦਿੱਤਾ ਗਿਆ ਸੀ ਅਤੇ ਇਸ ਤੋਂ ਪਹਿਲਾਂ ਮੈਤਈ ਨੂੰ ਇੱਥੇ ਇੱਕ ਕਬੀਲੇ ਦਾ ਦਰਜਾ ਪ੍ਰਾਪਤ ਸੀ। ਉਨ੍ਹਾਂ ਦੀ ਦਲੀਲ ਹੈ ਕਿ ਇਸ ਭਾਈਚਾਰੇ, ਉਨ੍ਹਾਂ ਦੇ ਪੁਰਖਿਆਂ ਦੀ ਜ਼ਮੀਨ, ਪਰੰਪਰਾ, ਸੱਭਿਆਚਾਰ ਅਤੇ ਭਾਸ਼ਾ ਦੀ ਰੱਖਿਆ ਲਈ ਮੈਤਈ ਨੂੰ 'ਜਨਜਾਤੀ' ਦਰਜਾ ਦੇਣਾ ਜ਼ਰੂਰੀ ਹੈ। ਭਾਈਚਾਰੇ ਨੇ 2012 ਵਿੱਚ ਆਪਣੀ ਇੱਕ ਕਮੇਟੀ ਵੀ ਬਣਾਈ ਸੀ ਜਿਸ ਨੂੰ ਮਣੀਪੁਰ ਦੀ ਅਨੁਸੂਚਿਤ ਜਨਜਾਤੀ ਮੰਗ ਕਮੇਟੀ ਭਾਵ ਐਸਟੀਡੀਸੀਐਮ - ਸ਼ੈਡਿਊਲ ਟ੍ਰਾਈਬ ਡਿਮਾਂਡ ਕਮੇਟੀ ਆਫ਼ ਮਣੀਪੁਰ ਕਿਹਾ ਜਾਂਦਾ ਹੈ।

ਉਨ੍ਹਾਂ ਦਾ ਕਹਿਣਾ ਹੈ ਕਿ ਮੈਤਈ ਭਾਈਚਾਰੇ ਨੂੰ ਬਾਹਰੀ ਲੋਕਾਂ ਦੇ ਕਬਜ਼ੇ ਤੋਂ ਬਚਾਉਣ ਲਈ ਸੰਵਿਧਾਨਕ ਢਾਲ ਦੀ ਲੋੜ ਹੈ। ਭਾਈਚਾਰੇ ਅਨੁਸਾਰ, ਮੈਤਈਆਂ ਨੂੰ ਪਹਾੜਾਂ ਤੋਂ ਵੱਖ ਕੀਤਾ ਜਾ ਰਿਹਾ ਹੈ ਜਦਕਿ ਕਬਾਇਲੀ ਦਰਜੇ ਵਾਲੇ ਲੋਕ ਪਹਿਲਾਂ ਹੀ ਸੁੰਗੜ ਰਹੀ ਇੰਫਾਲ ਘਾਟੀ ਵਿੱਚ ਜ਼ਮੀਨ ਖਰੀਦ ਸਕਦੇ ਹਨ।

ਪਰ ਜਿਹੜੇ ਕਬੀਲੇ ਹਨ ਉਹ ਮੈਤਈ ਭਾਈਚਾਰੇ ਨੂੰ ਕਬੀਲੇ ਦਾ ਦਰਜਾ ਦੇਣ ਦਾ ਵਿਰੋਧ ਕਰ ਰਹੇ ਹਨ। ਇਨ੍ਹਾਂ ਕਬੀਲਿਆਂ ਦਾ ਕਹਿਣਾ ਹੈ ਕਿ ਮੈਤਈ ਆਬਾਦੀ ਵਿੱਚ ਵੀ ਜ਼ਿਆਦਾ ਹਨ ਅਤੇ ਸਿਆਸਤ ਵਿੱਚ ਵੀ ਉਨ੍ਹਾਂ ਦਾ ਦਬਦਬਾ ਹੈ। ਕਬੀਲਿਆਂ ਦਾ ਕਹਿਣਾ ਹੈ ਕਿ ਮੈਤਈ ਭਾਈਚਾਰਾ ਕਬਾਇਲੀ ਨਹੀਂ ਹੈ।

ਉਨ੍ਹਾਂ ਨੂੰ ਪਹਿਲਾਂ ਹੀ ਐਸਸੀ ਅਤੇ ਓਬੀਸੀ ਰਾਖਵਾਂਕਰਨ ਦੇ ਨਾਲ-ਨਾਲ ਆਰਥਿਕ ਤੌਰ 'ਤੇ ਪਿਛੜੀਆਂ ਸ਼੍ਰੇਣੀਆਂ ਦਾ ਰਾਖਵਾਂਕਰਨ ਮਿਲਿਆ ਹੋਇਆ ਹੈ ਅਤੇ ਉਹ ਇਸ ਦਾ ਲਾਭ ਵੀ ਪ੍ਰਾਪਤ ਕਰ ਰਹੇ ਹਨ। ਉਨ੍ਹਾਂ ਦੀ ਭਾਸ਼ਾ ਵੀ ਸੰਵਿਧਾਨ ਦੀ ਅੱਠਵੀਂ ਅਨੁਸੂਚੀ ਵਿੱਚ ਸ਼ਾਮਲ ਹੈ ਅਤੇ ਸੁਰੱਖਿਅਤ ਹੈ। ਅਜਿਹੀ ਸਥਿਤੀ ਵਿੱਚ ਮੈਤਈ ਭਾਈਚਾਰੇ ਨੂੰ ਸਭ ਕੁਝ ਤਾਂ ਨਹੀਂ ਮਿਲ ਜਾਣਾ ਚਾਹੀਦਾ। ਜੇਕਰ ਉਨ੍ਹਾਂ ਨੂੰ ਜ਼ਿਆਦਾ ਰਾਖਵਾਂਕਰਨ ਮਿਲ ਜਾਂਦਾ ਹੈ ਤਾਂ ਹੋਰ ਕਬੀਲਿਆਂ ਲਈ ਨੌਕਰੀਆਂ ਅਤੇ ਕਾਲਜਾਂ ਵਿੱਚ ਦਾਖ਼ਲਾ ਮਿਲਣ ਦੇ ਮੌਕੇ ਘੱਟ ਹੋ ਜਾਣਗੇ। ਫਿਰ ਮੈਤਈ ਭਾਈਚਾਰੇ ਨੂੰ ਵੀ ਪਹਾੜਾਂ 'ਤੇ ਜ਼ਮੀਨ ਖਰੀਦਣ ਦੀ ਇਜਾਜ਼ਤ ਮਿਲ ਜਾਵੇਗੀ ਅਤੇ ਇਸ ਨਾਲ ਉਨ੍ਹਾਂ ਦੇ ਕਬੀਲੇ ਹੋਰ ਹਾਸ਼ੀਏ 'ਤੇ ਚਲੇ ਜਾਣਗੇ।

ਹਾਲ ਹੀ ਵਿੱਚ, ਮਣੀਪੁਰ ਹਾਈ ਕੋਰਟ ਨੇ ਮੈਤਈ ਕਬਾਇਲੀ ਯੂਨੀਅਨ ਦੀ ਇੱਕ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ, ਸੂਬਾ ਸਰਕਾਰ ਨੂੰ ਕਿਹਾ ਕਿ ਉਹ 'ਮੈਤਈ ਭਾਈਚਾਰੇ ਨੂੰ ਕਬੀਲੇ ਦਾ ਦਰਜਾ ਦੇਣ 'ਤੇ ਵਿਚਾਰ ਕਰੇ। ਇਹ ਮੰਗ 10 ਸਾਲਾਂ ਤੋਂ ਲਟਕੀ ਪਈ ਹੈ.. ਇਸ 'ਤੇ ਕੋਈ ਤਸੱਲੀਬਖਸ਼ ਜਵਾਬ ਨਹੀਂ ਆਉਂਦਾ ਹੈ.. ਤਾਂ ਤੁਸੀਂ ਅਗਲੇ 4 ਹਫਤਿਆਂ 'ਚ ਦੱਸੋ।' ਅਦਾਲਤ ਨੇ ਕੇਂਦਰ ਸਰਕਾਰ ਤੋਂ ਵੀ ਰਾਇ ਮੰਗੀ ਸੀ। ਅਦਾਲਤ ਨੇ ਅਜੇ ਤੱਕ ਮੈਤਈ ਭਾਈਚਾਰੇ ਨੂੰ ਕਬਾਇਲੀ ਦਰਜਾ ਦੇਣ ਦਾ ਕੋਈ ਹੁਕਮ ਨਹੀਂ ਦਿੱਤਾ ਹੈ, ਸਿਰਫ਼ ਇੱਕ ਟਿੱਪਣੀ ਦਿੱਤੀ ਹੈ। ਪਰ ਇਹ ਗੱਲ ਸਾਹਮਣੇ ਆ ਰਹੀ ਹੈ ਕਿ ਅਦਾਲਤ ਦੀ ਇਸ ਟਿੱਪਣੀ ਨੂੰ ਗਲਤ ਸਮਝਿਆ ਜਾ ਰਿਹਾ ਹੈ। ਅਗਲੇ ਦਿਨ ਮਣੀਪੁਰ ਵਿਧਾਨ ਸਭਾ ਦੀ ਪਹਾੜੀ ਖੇਤਰ ਕਮੇਟੀ ਨੇ ਸਰਬ-ਸੰਮਤੀ ਨਾਲ ਇੱਕ ਮਤਾ ਪਾਸ ਕਰਕੇ ਕਿਹਾ ਕਿ ਉਹ ਅਦਾਲਤ ਦੇ ਹੁਕਮਾਂ ਤੋਂ ਦੁਖੀ ਹਨ। ਉਨ੍ਹਾਂ ਦਾ ਕਹਿਣਾ ਸੀ ਕਿ ਕਮੇਟੀ ਸੰਵਿਧਾਨਕ ਸੰਸਥਾ ਹੈ ਅਤੇ ਉਨ੍ਹਾਂ ਨਾਲ ਵੀ ਸਲਾਹ ਨਹੀਂ ਕੀਤੀ ਗਈ।

ਤੁਹਾਨੂੰ ਦੱਸ ਦੇਈਏ ਕਿ ਪਹਾੜੀ ਖੇਤਰਾਂ ਤੋਂ ਚੁਣੇ ਗਏ ਸਾਰੇ ਵਿਧਾਇਕ ਇਸ ਕਮੇਟੀ ਦੇ ਮੈਂਬਰ ਹੁੰਦੇ ਹਨ, ਭਾਵੇਂ ਉਹ ਕਿਸੇ ਵੀ ਪਾਰਟੀ ਨਾਲ ਸਬੰਧਤ ਹੋਣ। ਫਿਲਹਾਲ ਭਾਜਪਾ ਵਿਧਾਇਕ ਡੀ ਗੇਂਗਮੇ ਇਸ ਦੇ ਚੇਅਰਮੈਨ ਹਨ। ਫਿਰ 3 ਮਈ ਨੂੰ ਆਲ ਟ੍ਰਾਈਬਲ ਸਟੂਡੈਂਟਸ ਯੂਨੀਅਨ ਮਣੀਪੁਰ ਨੇ ਰੈਲੀ ਕੀਤੀ। ਰਾਜਧਾਨੀ ਇੰਫਾਲ ਤੋਂ ਲਗਭਗ 65 ਕਿਲੋਮੀਟਰ ਦੂਰ ਚੂਰਾਚਾਂਦਪੁਰ ਜ਼ਿਲੇ ਦੇ ਤੋਰਬੰਗ ਖੇਤਰ 'ਚ 'ਕਬਾਇਲੀ ਇੱਕਜੁੱਟਤਾ ਰੈਲੀ... ਕੀਤੀ ਗਈ। ਇਸ ਵਿੱਚ ਹਜ਼ਾਰਾਂ ਦੀ ਗਿਣਤੀ 'ਚ ਲੋਕ ਸ਼ਾਮਲ ਹੋਏ ਸਨ। ਇੱਕ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਇਸੀ ਦੌਰਾਨ ਕਬਾਇਲੀ ਸਮੂਹਾਂ ਅਤੇ ਹੋਰ ਸਮੂਹਾਂ ਵਿਚਕਾਰ ਝੜਪਾਂ ਸ਼ੁਰੂ ਹੋ ਗਈਆਂ। ਫਿਰ ਇਹ ਹਿੰਸਾ ਹੋਰ ਥਾਵਾਂ 'ਤੇ ਵੀ ਫੈਲ ਗਈ।

### ਕਬੀਲਿਆਂ ਨੂੰ ਜ਼ਮੀਨ ਤੋਂ ਹਟਾਉਣ ਖ਼ਿਲਾਫ਼ ਰੋਸ

ਪਰ ਹਿੰਸਾ ਪਿੱਛੇ ਕੁਝ ਹੋਰ ਕਾਰਨ ਹੋਣ ਦੀ ਵੀ ਗੱਲ ਕਹੀ ਜਾ ਰਹੀ ਹੈ। ਜਿਵੇਂ ਮਣੀਪੁਰ ਵਿੱਚ ਸਰਕਾਰ ਦੇ ਸਮਰਥਕਾਂ ਦਾ ਕਹਿਣਾ ਹੈ ਕਿ ਕਬਾਇਲੀ ਸਮੂਹ ਆਪਣੇ ਹਿੱਤਾਂ ਦੀ ਪੂਰਤੀ ਲਈ ਮੁੱਖ ਮੰਤਰੀ ਐਨ ਬੀਰੇਨ ਸਿੰਘ ਨੂੰ ਸੱਤਾ ਤੋਂ ਹਟਾਉਣਾ ਚਾਹੁੰਦੇ ਹਨ ਕਿਉਂਕਿ ਉਨ੍ਹਾਂ ਨੇ ਨਸ਼ਿਆਂ ਵਿਰੁੱਧ ਜੰਗ ਛੇੜੀ ਹੋਈ ਹੈ। ਸੂਬੇ ਵਿੱਚ ਬੀਰੇਨ ਸਿੰਘ ਦੀ ਸਰਕਾਰ ਅਫੀਮ ਦੀ ਖੇਤੀ ਨੂੰ ਨਸ਼ਟ ਕਰ ਰਹੀ ਹੈ ਅਤੇ ਕਿਹਾ ਜਾ ਰਿਹਾ ਹੈ ਕਿ ਇਸ ਦੀ ਮਾਰ ਮਿਆਂਮਾਰ ਤੋਂ ਗੈਰ-ਕਾਨੂੰਨੀ ਪ੍ਰਵਾਸੀਆਂ 'ਤੇ ਵੀ ਪੈ ਰਹੀ ਹੈ।

ਜਿਹੜੇ ਲੋਕ ਮਿਆਂਮਾਰ ਤੋਂ ਆਏ ਗੈਰ-ਕਾਨੂੰਨੀ ਪ੍ਰਵਾਸੀ ਦੱਸੇ ਜਾ ਰਹੇ ਹਨ, ਉਹ ਮਣੀਪੁਰ ਦੇ ਕੁਕੀ ਅਤੇ ਜ਼ੋਮੀ ਕਬੀਲਿਆਂ ਨਾਲ ਸਬੰਧਤ ਹਨ। 2 ਮਈ ਨੂੰ ਸੀਐਮ ਐਨ ਬੀਰੇਨ ਸਿੰਘ ਨੇ ਇੱਕ ਟਵੀਟ ਕੀਤਾ ਸੀ। ਚੂਰਾਚਾਂਦਪੁਰ ਵਿੱਚ ਪੁਲਿਸ ਨੇ ਦੋ ਵਿਅਕਤੀਆਂ ਕੋਲੋਂ 16 ਕਿਲੋ ਅਫੀਮ ਬਰਾਮਦ ਕੀਤੀ ਸੀ।

ਇਸ ਦੇ ਨਾਲ ਹੀ ਮੁੱਖ ਮੰਤਰੀ ਨੇ ਲਿਖਿਆ ਸੀ ਕਿ 'ਇਹ ਲੋਕ ਸਾਡੇ ਜੰਗਲਾਂ ਨੂੰ ਤਬਾਹ ਕਰ ਰਹੇ ਹਨ ਅਤੇ ਆਪਣੇ ਨਸ਼ਿਆਂ ਦੇ ਕਾਰੋਬਾਰ ਲਈ ਫਿਰਕੂ ਮੁੱਦੇ ਨੂੰ ਭੜਕਾ ਰਹੇ ਹਨ।' ਇਸ ਦਾ ਮਤਲਬ ਇਹ ਵੀ ਇੱਕ ਫਿਰਕੂ ਮੁੱਦਾ ਹੈ ਜਿਸ ਦਾ ਮੁੱਖ ਮੰਤਰੀ ਜ਼ਿਕਰ ਕਰ ਰਹੇ ਹਨ।

# ਬਲਵਿੰਦਰ ਬਾਲਮ ਗੁਰਦਾਸਪੁਰ (91-98156-25409) ਦੀਆਂ ਕੁਝ .ਗ਼ਜ਼ਲਾਂ

ਮੈਖਾਨੇ ਵਿਚ ਧੋ ਕੇ ਰਖਦੇ ਜਾਮ ਨੂੰ ।
ਸ਼ਾਇਦ 'ਬਲਾਮ' ਆ ਜਾਏ ਅਜ ਸ਼ਾਮ ਨੂੰ।

ਮਹਿੰਗੀ ਸਸਤੀ ਦੀ ਨਈਾ ਕੋਈ ਗੱਲ ਹੁੰਦੀ,
ਪੁੱਛੀ ਦਾ ਨਹੀਂ ਚੰਗੀ ਸ਼ੈਅ ਦੇ ਦਾਮ ਨੂੰ।

ਫੁੱਲਾਂ ਉਪਰ ਉਸ ਨੇ ਹੰਝੂ ਭੇਜੇ ਨੇ,
ਸੱਤੀਂ ਕਪੜੀਂ ਅੱਗ ਲੱਗੀ ਪੈਗਾਮ ਨੂੰ।

ਯਾਰਾਂ ਦੀ ਮਹਿਫ਼ਲ ਵਿਚ ਆਣਾ ਛੱਡ ਦਿੱਤਾ,
ਜਦੋਂ ਤੋਂ ਲੱਗੇ ਪਰ ਕੀੜੀ ਦੇ ਨਾਮ ਨੂੰ।

ਉਨ੍ਹਾਂ ਹੱਥਾਂ ਦੀ ਹੀ ਕੀਮਤ ਪੈਂਦੀ ਹ,
ਜਿਹੜੇ ਲੋਕੀਂ ਭੁੱਲ ਜਾਂਦੇ ਆਰਾਮ ਨੂੰ।

ਜਿਹੜਾ ਠੂਠਾ ਫੜ ਕੇ ਦਰ ਦਰ ਮੰਗਦਾ ਹਾਂ,
ਇਸ ਹਾਲਤ ਵਿਚ ਪੁੱਛੇ ਕੌਣ ਗੁਲਾਮ ਨੂੰ।

ਬੱਚੇ ਦੀ ਕਿਲਕਾਰੀ ਦੇ ਵਿਚ ਵੇਖ ਲਵੋ,
ਈਸਾ, ਬੁੱਧ, ਮੁਹੰਮਦ, ਵਾਹਿਗੁਰੂ ਰਾਮ ਨੂੰ।

ਤੇਜ਼ ਹਵਾਵਾਂ ਨੇ ਹੀ ਉਦਮ ਦਿੱਤਾ ਹੈ,
ਕੱਖਾਂ ਦੀ ਚਿੰਗਾਰੀ ਵਿਚ ਸੰਗ੍ਰਾਮ ਨੂੰ।

ਫੇਰ ਜ਼ਰੂਰਤ ਆ ਪਈ ਉਹਨਾਂ ਬੰਦਿਆਂ ਦੀ,
ਮੁੱਠੀ ਵਿਚ ਜੋ ਕਰਦੇ ਬੰਦ ਕੁਰਗਮ ਨੂੰ।

'ਬਾਲਮ' ਉਹੋ ਦਰਿਆ ਛੇਤੀ ਸੁਕਦੇ ਨੇ,
ਜੋ ਤਰਜ਼ੀਹਾਂ ਦਿੰਦੇ ਨੇ ਵਿਸ਼ਰਾਮ ਨੂੰ।

---

ਸਾਰੇ ਜਬ ਤੇ ਸਬੱਬ ਮੁਕਾ ਕੇ ਘਰ ਵਿਚੋਂ ਕੌਣ ਗਿਆ ।
ਨੂੰਹਾਂ ਨੱਚੀਆਂ ਗਿੱਧਾ ਪਾ ਕੇ ਘਰ ਵਿਚੋਂ ਕੌਣ ਗਿਆ ।

ਅਪਣੀ ਸ਼ਕਤੀ ਦਾ ਪ੍ਰਦਰਸ਼ਨ ਆਪਸ ਵਿਚ ਨਾ ਕਰਨਾ,
ਕੱਲੇ-ਕੱਲੇ ਨੂੰ ਸਮਝਾ ਕੇ ਘਰ ਵਿਚੋਂ ਕੌਣ ਗਿਆ ।

ਚੜ੍ਹਦੇ ਸੂਰਜ ਵਾਲੇ ਸਜਰੇ ਸੁਰਖ ਸਵੇਰੇ ਦੇ ਕੇ,
ਬੂਹੇ ਬੰਦਨਵਾਰ ਸਜਾ ਕੇ ਘਰ ਵਿਚੋਂ ਕੌਣ ਗਿਆ ।

ਇਕ ਖੁਸ਼ਬੂ ਜੋ ਸਾਰੇ ਘਰ 'ਚੋਂ ਅਕਸਰ ਆਉਂਦੀ ਰਹਿੰਦੀ,
ਸਾਰੇ ਘਰ ਦੇ ਬੋਝ ਉਠਾ ਕੇ ਘਰ ਵਿਚੋਂ ਕੌਣ ਗਿਆ ।

ਜਿੱਦਾਂ ਛੋਟੇ ਬੱਚੇ ਵਾਲਾ ਇਕ ਖਿਡੌਣਾ ਗੁੰਮਦਾ,
ਏਦਾਂ ਸਭ ਦਾ ਚੈਨ ਚੁਰਾ ਕੇ ਘਰ ਵਿਚੋਂ ਕੌਣ ਗਿਆ ।

ਆਪਣੇ ਪਣ ਦਾ ਸ਼ਿਕਵਾ ਕੋਈ ਤੜਪ-ਤੜਪ ਕੇ ਮਰਿਆ,
ਅੱਖਾਂ ਵਿਚ ਨੀਰ ਵਹਾ ਕੇ ਘਰ ਵਿਚੌਂ ਕੌਣ ਗਿਆ ।

ਸਿਰਜਨਤਾ ਵਿਚ ਰਿਸ਼ਤੇਦਾਰੀ ਦਾ ਇਕ ਸੂਖਮ ਚਿੰਤਨ,
ਕਿਹੜਾ ਕਰਮਾ ਵਾਲਾ ਆ ਕੇ ਘਰ ਵਿਚੋਂ ਕੌਣ ਗਿਆ ।

ਇਹ ਤਾਂ ਉਹ ਹੀ ਦਸ ਸਕਦਾ ਹੈ ਜਿਸ ਦੇ ਉਪਰ ਬੀਤੀ,
ਕਿਉਂ, ਕਿੱਦਾ ਹੈ ਤੇ ਕਿੰਝ ਭੁਲਾ ਕੇ ਘਰ ਵਿਚੋਂ ਕੌਣ ਗਿਆ ।

ਉਮਰਾਂ ਤੀਕਰ ਲੋਅ ਦਾ ਇੱਕ ਸੰਕਲਪ ਬਣੇਗਾ ਸ਼ਕਤੀ,
ਬੁਝਦੇ ਹੋਏ ਦੀਪ ਜਗਾ ਕੇ ਘਰ ਵਿਚੋ ਕੌਣ ਗਿਆ ।

ਕਿੰਨੀ ਹਿੰਮਤ ਕਿੰਨਾ ਜਿਗਰਾ, ਇਸ ਵਿਚ ਰੱਖਣਾ ਪੈਂਦਾ,
ਸਾਰੇ ਸ਼ਿਕਵੇ ਚੈਨ ਭੁਲਾ ਕੇ ਘਰ ਵਿਚੋਂ ਕੌਣ ਗਿਆ ।

ਰਿਸ਼ਤੇ ਨਾਤੇ ਸੱਜਣ ਬਾਲਮ ਸਭ ਕੁਝ ਹੁੰਦਿਆਂ-ਸੁੰਦਿਆ,
ਅਪਣੀ ਅਰਥੀ ਆਪ ਉਠਾ ਕੇ ਘਰ ਵਿਚੋਂ ਕੌਣ ਗਿਆ।

---

ਖ਼ੁਦਾ ਦੇ ਕਰਮ ਵਿਚੋਂ ਹੋਂਦ ਦੀ ਤਕਦੀਰ ਖਿਚ ਲੈਂਦਾ ।
ਜੇ ਅਪਣੇ ਖ਼ੂਬਸੂਰਤ ਸੁਪਨੇ ਦੀ ਤਸਵੀਰ ਖਿਚ ਲੈਂਦਾ ।

ਧਰਤ ਕੁਝ ਹੋਰ ਹੋਣੀ ਸੀ, ਗਗਨ ਕੁਝ ਹੋਰ ਹੋਣਾ ਸੀ,
ਚੜ੍ਹੇ ਸੂਰਜ 'ਚੋਂ ਲੋਅ ਦੀ ਲਮਕਦੀ ਜ਼ੰਜੀਰ ਖਿਚ ਲੈਂਦਾ ।

ਸਿਰਫ਼ ਤੇਰੀ ਸਵੱਲੀ ਨਜ਼ਰ ਦੀ ਥੋੜ੍ਹੀ ਜ਼ਰੂਰਤ ਸੀ,
ਸਣੇਂ ਚੰਨ ਤਾਰਿਆਂ ਦੇ ਗਗਨ ਦੀ ਜਾਗੀਰ ਖਿੱਚ ਲੈਂਦਾ ।

ਮੇਰਾ ਰਿਸ਼ਤਾ ਹੀ ਐਸਾ ਸੀ ਕਿ ਮੈਂ ਕੁਝ ਕਹਿ ਨਹੀਂ ਸਕਿਆ,
ਜੇ ਮੈਂ ਚਾਹੁੰਦਾ ਤਾਂ ਉਸੇ ਵਕਤ ਹੀ ਸ਼ਮਸ਼ੀਰ ਖਿਚ ਲੈਂਦਾ ।

ਉਹ ਕੀੜੀ ਬਣ ਕੇ ਹੈ ਲਲਕਾਰਦਾ ਜੇ ਉਹ ਸ਼ੇਰ ਹੁੰਦਾ ਤਾਂ,
ਤਾਂ ਮੁਮਕਿੰਨ ਸੀ ਕਿ ਮੈਂ ਤਰਕਸ਼ ਦੇ ਵਿਚੋਂ ਤੀਰ ਖਿਚ ਲੈਂਦਾ ।

ਕਿਤੇ ਇਕਵਾਰ ਉਹ ਕਹਿੰਦਾ ਕਿਤੇ ਅਜ਼ਮਾ ਕੇ ਤਾਂ ਵਿਹੰਦਾ,
ਉਹਦੇ ਨੈਣਾਂ ਦੇ ਸਾਗਰ 'ਚੋਂ ਮੈਂ ਸਾਰਾ ਨੀਰ ਖਿਚ ਲੈਂਦਾ ।

ਉਹ ਅਪਣੇਂ ਨਕਸ਼ ਦੇ ਜਲਵੇਂ 'ਚ ਮਿਕਨਾਤੀਸ ਰਖਦਾ ਹੈ,
ਖੜ੍ਹਾ ਹੋਵੇ ਤਾਂ ਤਿਰਛੀ ਨਜ਼ਰ ਨਾਲ ਕਸ਼ਮੀਰ ਖਿਚ ਲੈਂਦਾ ।

ਸਜਾ ਕੇ ਮਾਂਗ ਵਿਚ ਸ਼ਿੰਦੁਰ ਏਦਾਂ ਬਿੰਬ ਬਣਾਉਂਦਾ ਹੈ,
ਕਿਸੇ ਮੰਦਿਰ 'ਚ ਜਗਦੇ ਦੀਪ ਵਾਗੂੰ ਚੀਰ ਖਿਚ ਲੈਂਦਾ ।

ਕੋਈ ਅਜਮਾ ਲਵੇ ਬੇਸ਼ਕ ਜਦੋਂ ਮਰਜ਼ੀ ਹੀ ਬਾਲਮ ਨੂੰ ,
ਉਹਦਾ ਸਿਜਦਾ ਤਾਂ ਕੋਹੇਤੂਰ, ਪੈਗੰਬਰ, ਪੀਰ ਖਿਚ ਲੈਂਦਾ।

---

ਏਧਰ ਉਧਰ ਸੁੱਖ ਜਿਵੇਂ ਕੁਝ ਦੀਵੇ ਜਗਦੇ ਨੇ ।
ਕਿੰਨੇ ਸੋਹਣੇ ਮੁੱਖ ਜਿਵੇਂ ਕੁਝ ਦੀਵੇ ਜਗਦੇ ਨੇ ।

ਕੂੜੇ ਵਿਚੋਂ ਰੋਟੀ ਲੱਭੀ ਛੋਟੇ ਬੱਚਿਆਂ ਨੂੰ ,
ਅੱਖਾਂ ਦੇ ਵਿਚ ਭੁੱਖ ਜਿਵੇਂ ਕੁਝ ਦੇਗਦੇਵੇ ਜ ਨੇ ।

ਜੰਗਲ ਉਤੇ ਚੰਦਰਮਾ ਦੀ ਰਾਤ ਸੁਹਾਣੀ ਹੈ,
ਕੱਲਾ-ਕੱਲਾ ਰੁੱਖ ਜਿਵੇਂ ਕੁਝ ਦੀਵੇ ਜਗਦੇ ਨੇ ।

ਜਿਧਰ-ਜਿਧਰ ਜਾਵੇ ਲੋਅ ਹੀ ਵੰਡੀ ਜਾਂਦਾ ਏ,
ਬੰਦਾ ਹੈ ਹਸਮੁੱਖ ਜਿਵੇਂ ਕੁਝ ਦੀਵੇ ਜਗਦੇ ਨੇ ।

ਅੱਧੀ ਰਾਤੀਂ ਚੰਨ ਦੀ ਲੋਅ ਵਿਚ ਏਦਾਂ ਲਹਿਰਾਂ ਨੇ,
ਪਾਣੀ ਵਿਚਲੀ ਕੁੱਖ ਜਿਵੇਂ ਕੁਝ ਦੀਵੇ ਜਗਦੇ ਨੇ ।


ਮਿਹਨਤ ਦੇ ਸੰਕਲਪ 'ਚ ਸੱਚੀ ਉਨਤੀ ਜਨਮ ਲਵੇ,
ਉਮੀਦਾਂ ਪ੍ਰਮੁੱਖ ਜਿਵੇਂ ਕੁਝ ਦੀਵੇ ਜਗਦੇ ਨੇ।

ਬਾਲਮ ਕਿੰਨੇ ਚਿਹਰੇ ਸਾਹਮਣੇ ਆਣ ਖਲੋਤੇ ਨੇ
ਯਾਦਾਂ ਦੇ ਸਨਮੁੱਖ ਜਿਵੇਂ ਕੁਝ ਦੀਵੇਂ ਜਗਦੇ ਨੇ।

## ਮੰਜ਼ਿਲਾਂ ਦਿਖਾਉਂਦੇ ਜੁਗਨੂੰ

**ਰੀਵਿਊਕਾਰ: ਡਾ. ਬਲਵੀਰ ਕੌਰ ਰੀਹਲ**
**ਲੇਖਕ: ਜੋਗਾ ਸਿੰਘ ਬਠੁੱਲਾ,ਸੰਪਾਦਕ: ਬਲਜਿੰਦਰ ਮਾਨ**
**ਪ੍ਰਕਾਸ਼ਕ:ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਮਾਹਿਲਪੁਰ (ਹੁਸ਼ਿਆਰਪੁਰ), ਪੰਨੇ:104, ਮੁੱਲ 195/-**

ਮੰਜ਼ਿਲਾਂ ਦਿਖਾਉਂਦੇ ਜੁਗਨੂੰ (ਵਿਸ਼ਵ ਦੇ ਹੈਰਾਨੀਜਨਕ ਤੇ ਗਿਆਨ ਭਰਪੂਰ ਰੌਚਕ ਤੱਥ) ਕਿਤਾਬ ਦੇ ਸੰਪਾਦਕ ਬਲਜਿੰਦਰ (ਸ਼੍ਰੋਮਣੀ ਬਾਲ ਸਾਹਿਤ ਲੇਖਕ) ਹਨ ਅਤੇ ਇਸ ਕਿਤਾਬ ਦਾ ਲੇਖਕ ਮਾਸਟਰ ਜੋਗਾ ਸਿੰਘ ਬਠੁੱਲਾ ਹੈ। ਇਸ ਕਿਤਾਬ ਵਿਚ




ਸੰਸਾਰ ਦੀਆਂ ਹੈਰਾਨੀ ਭਰੀਆਂ ਗਿਆਨ ਵਧਾਊ ਅਤੇ ਰੌਚਕ ਗੱਲਾਂ ਨੂੰ ਸ਼ਾਮਿਲ ਕੀਤਾ ਹੈ। ਇਸ ਕਿਤਾਬ ਦੇ 104 ਪੰਨੇ ਹਨ ਅਤੇ ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਵਲੋਂ ਇਹ ਕਿਤਾਬ ਛਾਪੀ ਗਈ ਹੈ। ਇਸ ਕਿਤਾਬ ਦੀ ਕੀਮਤ 195 ਰੁਪਏ ਹੈ। ਇਸ ਕਿਤਾਬ ਤੋਂ ਪਹਿਲਾਂ ਜੋਗਾ ਸਿੰਘ ਬਠੁੱਲਾ ਦੀਆ ਗਿਆਨ ਵਧਾਊ ਤਿੰਨ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਇਹ ਕਿਤਾਬ ਇਕੋ ਸਮੇਂ ਵਿਸ਼ਵ ਵਿਚ ਬੋਲੀਆਂ ਜਾਂਦੀਆਂ ਭਾਸ਼ਾਵਾਂ, ਸਭਿਆਚਾਰ, ਕਲਾ, ਸਹਿਤ ਸਿਆਸਤ, ਬੋਲੀ, ਗਿਆਨ-ਵਿਗਿਆਨ, ਗਣਿਤ ਅਤੇ ਰਹਿਣ-ਸਹਿਣ ਆਦਿ ਵਿਸ਼ਿਆਂ ਨੂੰ ਪੇਸ਼ ਕਰ ਰਹੀ ਹੈ। 104 ਸਫ਼ਿਆਂ ਦੀ ਛੋਟੀ ਜਿਹੀ ਕਿਤਾਬ ਗਾਗਰ ਵਿਚ ਸਾਗਰ ਭਰਨ ਦੇ ਬਰਾਬਰ ਹੈ। ਲੇਖਕ ਨੇ ਵਿਗਿਆਨ ਦੇ ਤੱਥਾਂ ਨੂੰ ਖੋਜੀ ਅਤੇ ਮਨੋਵਿਗਿਆਨ ਸੋਝੀ ਰਾਹੀਂ ਪਾਠਕਾਂ ਤੱਕ ਪਹੁੰਚਾਇਆ। ਇਹ ਪੁਸਤਕ ਹਰ ਵਰਗ ਲਈ ਤਰਕ ਰਾਹੀਂ ਤੱਥਾਂ ਨੂੰ ਪੇਸ਼ ਕਰਦੀ ਹੈ। ਇਹ ਕਿਤਾਬ ਜਿੱਥੇ ਗਿਆਨ-ਵਿਗਿਆਨ ਦੀ ਸੋਝੀ ਕਰਵਾਉਂਦੀ ਹੈ ਉੱਥੇ ਇਹ ਮਨੁੱਖੀ ਜੀਵਨ ਵਿਚ ਵਰਤੇ ਜਾਂਦੇ ਅਖਾਣਾਂ ਤੇ ਮੁਹਾਵਰਿਆਂ ਬਾਰੇ ਵੀ ਰੌਚਕ ਜਾਣਕਾਰੀ ਦਿੰਦੀ ਹੈ। ਇਕ ਪਾਸੇ ਇਹ ਕਿਤਾਬ ਗਿਆਨ ਭਰਪੂਰ ਰੌਚਕ ਸਮੱਗਰੀ ਨਾਲ ਭਰੀ ਹੋਈ ਹੈ ਨਾਲ ਹੀ ਇਸ ਕਿਤਾਬ ਵਿਚ ਮਾਤ ਭਾਸ਼ਾ ਬਾਰੇ ਵੀ ਨੁਕਤਿਆਂ ਨੂੰ ਸਾਂਝਾ ਕੀਤਾ ਗਿਆ ਹੈ। ਗਿਆਨ ਵਿਗਿਆਨ ਅਤੇ ਭਖਦੇ ਮਸਲਿਆਂ ਬਾਰੇ ਜਾਣਕਾਰੀ ਦੇ ਚਾਹਵਾਨ ਵਿਦਿਆਰਥੀਆਂ ਖਾਸ ਕਰ ਪਾਠਕਾਂ ਲਈ ਇਹ ਪੁਸਤਕ ਰਾਹ ਦਸੇਰੇ ਦਾ ਕੰਮ ਕਰਦੀ ਹੈ।ਮੇਰੇ ਖਿਆਲ ਅਨੁਸਾਰ ਇਹ ਪੁਸਤਕ ਹਰ ਸਕੂਲ ਵਿਚ ਦਸਵੀਂ ਤੋਂ ਬਾਰ੍ਹਵੀਂ ਤਕ ਦੇ ਵਿਦਿਆਰਥੀਆਂ ਨੂੰ ਜ਼ਰੂਰ ਪੜ੍ਹਨੀ ਚਾਹੀਦੀ ਹੈ। ਉਹਨਾਂ ਹੱਥ ਇਸ ਪੁਸਤਕ ਨੂੰ ਅਧਿਆਪਕਾਂ ਅਤੇ ਮਾਪਿਆਂ ਨੂੰ ਤੋਹਫੇ ਵਜੋਂ ਜ਼ਰੂਰ ਦੇਣਾ ਚਾਹੀਦਾ ਹੈ। ਇਹ ਸਾਨੂੰ ਸਮੇਂ ਦੇ ਹਾਣੀ ਬਣਾਉਣ ਵਾਲੀ ਇਕ ਨਿਆਰੀ ਅਤੇ ਕੀਮਤੀ ਪੁਸਤਕ ਹੈ। ਜੋ ਗਿਆਨ ਆਮ ਪੁਸਤਕਾਂ ਵਿਚ ਨਹੀਂ ਮਿਲਦਾ ਉਸਦੀ ਜਾਣਕਾਰੀ ਰੌਚਕ ਢੰਗ ਨਾਲ ਇਸ ਪੁਸਤਕ ਵਿਚ ਸ਼ਾਮਲ ਕੀਤੀ ਗਈ ਹੈ ।ਸੰਪਾਦਕ ਬਲਜਿੰਦਰ ਮਾਨ ਨੇ ਆਪਣੇ ਦਹਾਕਿਆਂ ਦੇ ਤਜਰਬੇ ਨੂੰ ਇਸ ਪੁਸਤਕ ਦੇ ਸੰਪਾਦਨ ਵਿਚ ਇਸਤੇਮਾਲ ਕਰਕੇ ਇਸਦੀ ਲੋੜ ਵਿਚ ਚੋਖਾ ਵਾਧਾ ਕਰ ਦਿੱਤਾ ਹੈ। ਸੰਪਾਦਕ ਅਤੇ ਲੇਖਕ ਇਸ ਕਿਤਾਬ ਲਈ ਵਧਾਈ ਦੇ ਪਾਤਰ ਹਨ।

## 'ਰੰਗ ਬਰੰਗੀ' ਪੰਜਾਬੀ ਵੈਬ ਸੀਰੀਜ ਦੇ ਸਿਤਾਰੇ - ਅੰਮ੍ਰਿਤ ਪਵਾਰ



**ਕਰਮ ਕੌਰ ਸਾਊਥ ਫ਼ਿਲਮਾਂ ਦੇ ਕਾਬਿਲ**

ਜਿੰਨੀ ਦਮਦਾਰ ਐਕਟਿੰਗ ਕਰਮ ਕੌਰ ਦੀ ਹੈ ਨਿਰਸੰਦੇਹ ਦੱਖਣ ਦੀਆਂ ਫ਼ਿਓਮਪ;ਲਮਾਂ ਹੱਸ ਕਿ ਉਸਨੂੰ ਪ੍ਰਵਾਨ ਕਰਨ ਸਿਰਫ਼ ਮੌਕੇ ਦੀ ਤਲਾਸ਼ ਹੈ। 'ਦੁਵਿਧਾ' ਤੋਂ ਬਾਅਦ ਉਸ ਕੋਲ ਬਹੁਤ ਕੰਮ ਹੈ। ਕਲਰ ਟੀ.ਵੀ. ਤੇ 'ਉਡਾਰੀਆਂ' ਸੀਰੀਅਲ ਨਾਲ ਕਰਮ ਦੇ ਕਰਮ ਚਮਕੇ ਹਨ । ਵਿਗਿਆਪਨ ਉਹ ਕਰ ਰਹੀ ਹੈ। ਦੇਖੋ ਕਦ ਰਾਜਾ ਮੌਲੀ, ਰਾਮਚਰਨ ਨਾਲ ਕਰਮ ਕੌਰ ਫ਼ਿਲਮ ਕਰਦੀ ਹੈ।

**ਪਾਲੀ ਮਾਂਗਟ 'ਨਿੱਡਰ' ਹੈ**

ਸਿੱਕਾ ਜੰਮ ਚੁੱਕਾ ਹੈ ਪਾਲੀ ਮਾਂਗਟ ਦਾ ਕੇਵ ਖਰੋੜ ਨਾਲ 'ਰੁਪਿੰਦਰ ਗਾਂਧੀ' ਕਰਨ ਵਾਲੇ ਪਾਲੀ ਦੀ





ਹੁਣ ਮੁਕੇਸ਼ ਰਿਸ਼ੀ ਵੱਲੋਂ ਬਣਾਈ ਤਿੰਨ ਭਾਸ਼ਾਵੀ ਫ਼ਿਓਮਪ;ਲਮ 'ਨਿੱਡਰ' ਤਿਆਰ ਹੈ । ਪਾਲੀ ਨੇ ਅਜੈ ਦੇਵਗਨ ਤੇ ਸਲਮਾਨ ਖਾਨ ਨਾਲ ਵੀ ਫ਼ਿਲਮਾਂ ਕੀਤੀਆਂ ਹਨ ਤੇ ਜੌਹਨ ਅਬਰਹਾਮ ਨਾਲ 'ਦਾ ਡਿਪਲੋਮੈਟ' 'ਚ ਨਜ਼ਰ ਆਵੇਗਾ। ਇਸ ਸਾਲ ਪਾਲੀ ਮਾਂਗਟ ਮੁੰਬਈ ਖੂਬ ਫ਼ਿਓਮਪ;ਲਮਾਂ ਕਰੇਗਾ।

**ਸੋਹਣੀ ਰੰਗ ਦੀ, ਹੀਰ ਅਭਿਨੈ ਦੀ - ਤਨੂ ਕਪੂਰ**

ਕੁਰਬਾਨ ਜਾਵਾਂ ਤਨੂ ਕਪੂਰ ਦੀ ਸੁੰਦਰਤਾ ਦੇ, ਰੰਗਮੰਚ, ਟੀ.ਵੀ. ਦੀ ਅਭਿਨੇਤਰੀ ਤਨੂ ਕਪੂਰ, ਸੁਹੱਪਣ ਨਾਲ ਹੈ । ਚੂਰ-ਚੂਰ, ਐਕਟਿੰਗ ਦੇਖ ਹਰ ਕੋਈ ਹੋਏ ਉਸਤੇ ਮਗਰੂਰ ਤੇ 'ਅਹਿਸਾਸ' ਫ਼ਿਲਮ ਨੇ ਤਿਰਛੇ ਨੈਣਾਂ ਵਾਲੀ, ਲੜਕੀ ਭੋਲੀ ਭਾਲੀ ਤਨੂ ਨੂੰ ਮਸ਼ਹੂਰ ਕੀਤਾ ਹੈ । ਅਸ਼ੋਕ ਮਲਹੋਤਰਾ ਦੀ ਕੋਸ਼ਿਸ਼ ਹੈ ਕਿ ਆ ਰਹੇ ਸਮੇਂ 'ਚ ਪੰਜਾਬੀ ਫ਼ਿਓਮਪ;ਲਮਾਂ 'ਚ ਤਨੂ ਦਾ ਅਭਿਨੈ ਲੋਹਾ ਮੰਨਵਾਏ । ਕਾਲੀ ਜੁਲਫ਼, ਗੋਰੀ-ਗੋਰੀ ਪੰਜਾਬ ਦੀ ਤਸੂ ਕਪੂਰ ਟੀ.ਵੀ. ਤੇ ਜੱਜਮੈਂਟ ਵੀ ਕਰਦੀ ਹੈ ।

**'ਰਾਸ਼ਟਰਪਤੀ ਐਵਾਰਡ' ਜੇਤੂ ਨਿਰਮਾਤਾ ਇਕਬਾਲ ਢਿੱਲੋਂ**






'ਸ਼ਹੀਦ ਊਧਮ ਸਿੰਘ' ਬਣਾ ਕਿ ਇਕਬਾਲ ਸਿੰਘ ਢਿੱਲੋਂ 'ਰਾਸ਼ਟਰਪਤੀ ਐਵਾਰਡ'' ਨੈਸ਼ਨਲ ਫ਼ਿਲਮ ਐਵਾਰਡ ਲੈ ਚੁੱਕੇ ਹਨ । ਹੁਣ ਇਕਬਾਲ ਦੀ ਜਿੱਥੇ 'ਤਬਾਹੀ ਰੀਲੋਡਿਡ' ਆਵੇਗੀ ਉਥੇ ਅਗਲੇ ਮਹੀਨੇ ਨਵੀਂ ਦਿੱਖ ਨਾਲ ਕਿਸੇ ਵੇਲੇ ਸੁਪਰ ਰਹੀ ਫ਼ਿਲਮ 'ਜੱਟ ਜਿਊਣਾ ਮੌੜ' ਵੀ ਫਿਰ ਅੱਜ ਦੇ ਦਰਸ਼ਕਾਂ ਦੀ ਨਜ਼ਰ ਹੋਏਗੀ । ਸਦਕੇ ਜਾਵਾਂ ਇਕਬਾਲ ਢਿੱਲੋਂ ਦੇ।

**ਸਨਾ ਨੇ ਕਿਹਾ ਤੇਜੀ ਬਹੁਤ ਤੇਜ ਹੈ**

ਪਾਕਿਸਤਾਨੀ ਪੰਜਾਬੀ ਫ਼ਿਲਮਾਂ ਦੀ ਸਟਾਰ ਅਭਿਨੇਤਰੀ ਸਨਾ ਖਾਨ ਨੇ ਸਾਡੀ ਅਭਿਨੇਤਰੀ ਤੇਜੀ ਸੰਧੂ ਦੀ ਸਲਾਘਾ ਕੀਤੀ ਹੈ ਤੇ ਕਿਹਾ ਹੈ ਕਿ ਸਰੀਰਕ ਭਾਸ਼ਾ ਤੇ ਅਭਿਨੈ ਦੋਹਵੇਂ ਖ਼ੁਦਾ ਨੇ ਤੇਜੀ ਨੂੰ ਰੱਜ ਵੈ ਦਿੱਤੇ ਹਨ ਤੇ ਇਹ ਸਟਾਰ ਬਣੇਗੀ । ਸਨਾ ਨੇ ਸ਼ਾਨ ਨਾਲ ਅਨੇਕਾਂ ਕਾਮਯਾਬ ਲਾਲੀਵੁੱਡ ਫ਼ਿਓਮਪ;ਲਮਾਂ ਕੀਤੀਆਂ ਹਨ ਤੇ ਤੇਜੀ ਸੰਧੂ ਨੇ ਖੁਦ ਫ਼ਿਓਮਪ;ਲਮਾਂ ਬਣਾਈਆਂ ਵੀ ਹਨ । 'ਦਿਲ ਪ੍ਰਦੇਸੀ ਹੋ ਗਿਆ' 'ਚ ਦੋਹਵਾਂ ਨੇ ਕੰਮ ਵੀ ਕੀਤਾ ਹੈ ।





**ਸਰਗਰਮ ਹੈ ਬੌਬੀ ਬਾਜਵਾ**

ਸੈਂਕੜੇ ਹਿੰਦੀ ਪੰਜਾਬੀ ਐਲਬਮ ਗੀਤਾਂ ਦਾ ਨਿਰਦੇਸ਼ਕ ਬੌਬੀ ਬਾਜਵਾ ਟੀ.ਵੀ. ਰਿਆਲਟੀ ਸੋਅਜ ਵੀ ਬਣਾ ਚੁੱਕਾ ਹੈ ਤੇ ਸ਼ਾਰਟ ਫ਼ਿਲਮਾਂ ਵੀ । ਗੋਲ ਕੀ ਚਲ ਸੋ ਚਾਲ ਹੈ । 'ਚੌਪਾਲ' ਓ.ਟੀ.ਟੀ. ਤੇ ਉਸਦੀ ਫ਼ਿਓਮਪ;ਲਮ 'ਛੋਟਾ ਸਰਦਾਰ' ਖੂਬ ਚਰਚਿਤ ਹੋਈ ਹੈ। ਸੁਨੀਤਾ ਧਰਿ ਇਸਦੀ ਮੁੱਖ ਅਭਿਨੇਤਰੀ ਹੈ ਨੇ ਕਿਹਾ ਕਿ ਸ਼ਾਨਦਾਰ ਨਿਰਦੇਸ਼ਕ ਏ ਬਾਜਵਾ।

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

## ਪੁਰਾਣੇ ਟਾਇਰਾਂ ਦੀ ਸੇਲ

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust